
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 27
October 12, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ


Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਚੋਣ ਸਰਵੇਖਣ ਮੁਤਾਬਕ ਹਿਲੇਰੀ 11 ਫ਼ੀਸਦੀ ਅੰਕਾਂ ਦੇ ਫਰਕ ਨਾਲ ਅੱਗੇ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਵਿੱਚ ਰਾਸ਼ਟਰਪਤੀ ਅਹੁਦੇ ਦੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ ਦੂਜੀ ਬਹਿਸ ਤੋਂ ਬਾਅਦ ਚੋਣ ਸਰਵੇਖਣ ਦੇ ਨਤੀਜਿਆਂ ਅਨੁਸਾਰ ਹੁਣ ਦੋਹਾਂ ਵਿਚਾਲੇ 11 ਫ਼ੀਸਦੀ ਅੰਕਾਂ ਦਾ ਫ਼ਰਕ ਪੈ ਗਿਆ ਹੈ। ਹਿਲੇਰੀ 11 ਫ਼ੀਸਦੀ ਅੰਕ ਅੱਗੇ ਹਨ, ਜਦੋਂਕਿ ਪਹਿਲਾਂ ਇਹ ਫ਼ਰਕ ਘੱਟ ਸੀ। ਟਰੰਪ ਵੱਲੋਂ ਔਰਤਾਂ ਬਾਰੇ ਕੀਤੀਆਂ ਮੰਦੀਆਂ ਟਿੱਪਣੀਆਂ ਬਾਰੇ ਵੀਡੀਓ ਦਾ ਜ਼ਿਕਰ ਹਿਲੇਰੀ ਵੱਲੋਂ ਕੀਤੇ ਜਾਣ ਤੋਂ ਬਾਅਦ ਹਿਲੇਰੀ ਕਲਿੰਟਨ ਦੀ ਹਮਾਇਤ ’ਤੇ 49 ਫ਼ੀਸਦੀ ਲੋਕ ਹਨ, ਜਦੋਂਕਿ ਟਰੰਪ ਦੀ ਹਮਾਇਤ ’ਤੇ 38 ਫ਼ੀਸਦੀ ਲੋਕ ਹਨ, ਜਿਸ ਨਾਲ 11 ਫ਼ੀਸਦੀ ਅੰਕਾਂ ਦਾ ਫ਼ਰਕ ਪੈ ਗਿਆ ਹੈ।



ਦੱਸਣਯੋਗ ਹੈ ਕਿ ਹਿਲੇਰੀ ਨੇ ਉਸ ਵੀਡੀਓ ਦਾ ਜ਼ਿਕਰ ਕੀਤਾ, ਜਿਸ ਵਿੱਚ ਟਰੰਪ ਨੇ ਔਰਤਾਂ ਬਾਰੇ ਮੰਦੀ ਸ਼ਬਦਾਵਲੀ ਵਰਤੀ ਸੀ ਤੇ ਇਹ ਵੀਡੀਓ ਕਾਫ਼ੀ ਸਾਲ ਪਹਿਲਾਂ ਦੀ ਹੈ, ਹਲਾਂਕਿ ਟਰੰਪ ਨੇ ਇਸ ਬਾਰੇ ਮੁਆਫ਼ੀ ਵੀ ਮੰਗ ਲਈ ਸੀ।

**(ਬਾਕੀ ਸਫਾ 5 ਤੇ)**

## ਸੈਕਰਾਮੈਂਟੋ ’ਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ’ਚ
# ਬੇ-ਏਰੀਆ ਸਪੋਰਟਸ ਕਲੱਬ ਨੇ ਜਿੱਤਿਆ ਲਗਾਤਾਰ ਤੀਜਾ ਕਬੱਡੀ ਕੱਪ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਐਤਕਾਂ ਜਿੱਥੇ ਸਾਨ੍ਹਾਂ ਦੇ ਭੇੜ ਦੇਖਣ ਨੂੰ ਮਿਲੇ, ਉਥੇ ਕੀਤੇ ਗਏ ਸੁਚੱਜੇ ਪ੍ਰਬੰਧਾਂ ਕਰਕੇ ਵਿਸ਼ਵ ਵਿਚ ਕਰਵਾਏ ਜਾਂਦੇ ਕਬੱਡੀ ਕੱਪਾਂ ਵਿਚ ਇਹ ਇੰਟਰਨੈਸ਼ਨਲ ਕਬੱਡੀ ਕੱਪ ਆਪਣਾ ਨਾਂ ਸ਼ੁਮਾਰ ਕਰਵਾ ਗਿਆ। ਸੈਕਰਾਮੈਂਟੋ ਵਿਚ ਕਰਵਾਏ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਵੱਖ- **(ਬਾਕੀ ਸਫਾ 5 ਤੇ, ਤਸਵੀਰਾਂ ਸਫਾ 11 ਤੋਂ 13 ‘ਤੇ)**

## ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਪ੍ਰੀਨਿਰਵਾਣ ਦਿਵਸ ’ਤੇ
# ਦੇਸ਼-ਵਿਦੇਸ਼ ਵਿਚ ਕੀਤਾ ਗਿਆ ਯਾਦ



ਉਤਰ ਪ੍ਰਦੇਸ਼ ਵਿਚ ਬਸਪਾ ਦੀ ਮਹਾਂ-ਰੈਲੀ ਨੂੰ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ (ਸਾਬਕਾ ਮੁੱਖ ਮੰਤਰੀ) ਨੇ ਕੀਤਾ ਸੰਬੋਧਨ।

*(ਪੰਜਾਬ ਅੰਦਰ ਬਸਪਾ ਦੀ ਰਾਜ ਪੱਧਰੀ ਫਗਵਾੜਾ ਰੈਲੀ ਸਬੰਧੀ ਹੋਰ ਰਿਪੋਰਟਾਂ ਦੇਖੋ ਸਫਾ 8 ਉਤੇ)*

# ਮਾਨ ਸਿੰਘ ਖ਼ਾਲਸਾ ’ਤੇ ਹਮਲੇ ਦੇ ਦੋਸ਼ ਵਿੱਚ ਦੋ ਗ੍ਰਿਫ਼ਤਾਰ

**ਸਾਨ ਫਰਾਂਸਿਸਕੋ (ਬਿਊਰੋ)–** ਅਮਰੀਕਾ ਵਿੱਚ ਆਈਟੀ ਮਾਹਿਰ 41 ਸਾਲਾ ਅਮਰੀਕੀ-ਸਿੱਖ ਉਤੇ ਹਮਲੇ ਸਬੰਧੀ ਪੁਲੀਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਮਾਨ ਸਿੰਘ ਖ਼ਾਲਸਾ ਉਤੇ ਕੈਲੀਫੋਰਨੀਆ ਦੇ ਰਿਚਮੰਡ ਬੇਅ ਇਲਾਕੇ ਵਿੱਚ 25 ਸਤੰਬਰ ਨੂੰ ਪਿੱਕਅਪ ਟਰੱਕ ਵਿੱਚ ਆਏ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਸੀ। ਹਮਲਾਵਰ ਨੇ ਖ਼ਾਲਸਾ ਨੂੰ ਘੇਰ ਕੇ ਉਸ ਦਾ ਮੂੰਹ ਕਾਰ ਦੀ ਬਾਰੀ ਥਾਣੀਂ ਬਾਹਰ ਕੱਢਿਆ ਅਤੇ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਕੀਤੀ ਸੀ। ਇਸ ਤੋਂ ਇਲਾਵਾ ਖ਼ਾਲਸਾ ਦੇ ਕਾਫ਼ੀ ਸੱਟਾਂ ਵੀ ਲੱਗੀਆਂ ਸਨ।



ਰਿਚਮੰਡ ਪੁਲੀਸ ਨੇ ਦੱਸਿਆ ਕਿ ਇਸ ਹਮਲੇ ਵਿੱਚ ਡਸਟਿਨ ਅਲਬਰਾਡੋ (25) ਅਤੇ ਚੇਜ਼ ਲਿਟਲ (31) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਤੀਜੇ ਹਮਲਾਵਰ ਅਤੇ ਦੋ ਸਾਥੀ ਹਾਲੇ ਗ੍ਰਿਫ਼ਤ ਵਿੱਚੋਂ ਬਾਹਰ ਹਨ। ਨਾਗਰਿਕਾਂ ਦੇ ਅਧਿਕਾਰਾਂ ਬਾਰੇ ਸੰਸਥਾ ’ਦਿ ਸਿੱਖ ਕੁਲੀਸ਼ਨ’ ਵੱਲੋਂ ਕੈਲੀਫੋਰਨੀਆ ਦੇ ਅਧਿਕਾਰੀਆਂ ਨੂੰ ਹਮਲਾਵਰਾਂ ਖ਼ਿਲਾਫ਼ ਨਫ਼ਰਤੀ ਅਪਰਾਧ ਸਬੰਧੀ ਕੇਸ ਦਰਜ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਸੰਸਥਾ ਮੁਤਾਬਕ ਮਾਨ ਸਿੰਘ ਖਾਲਸਾ ਨੂੰ ਉਸ ਦੇ ਧਰਮ ਤੇ ਨਸਲ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538



RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# Raja



SWEETS & CATERING

AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com

# ਸਿੱਖ ਪਹਿਚਾਣ ਨੂੰ ਮੁੱਖ ਰੱਖਕੇ ਸਿੱਖ ਰਾਈਡਰਜ ਵੱਲੋਂ ਬੇਕਰਸਫੀਲਡ ਵਿਖੇ ਕਰਵਾਈ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ



**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਸਨੀਵਾਰ ਬੇਕਰਸਫੀਲਡ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਮੋਟਰ-ਸਾਇਕਲ ਰੈਲੀ ਦਾ ਅਯੋਜਨ ਸਥਾਨਿਕ ਹਾਰਲੀ ਡੇਵਿਡਸਨ ਮੋਟਰ ਸਾਈਕਲ ਡੀਲਰਸ਼ਿੱਪ ਤੇ ਕੀਤਾ ਗਿਆ ਜਿਸ ਵਿੱਚ ਤਕਰੀਬਨ 125 ਦੇ ਕਰੀਬ ਮੋਟਰਸਾਈਕਲ ਸਵਾਰਾ ਨੇ ਭਾਗ ਲਿਆ ਅਤੇ ਕੁਲ 400 ਦੇ ਕਰੀਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਤਿੰਨ ਸੰਸਥਾ ਵੱਲੋਂ ਲਾਅ ਇੰਨਫੋਰਸਮੈਂਟ ਨਾਲ ਸਬੰਧਤ ਚੈਰਟੀਆਂ ਨੂੰ ਦੋ-ਦੋ ਹਜਾਰ ਡਾਲਰ ਦੇ ਚਿੱਕ ਭੇਂਟ ਕੀਤੇ ਗਏ, ਨਾਲ ਦੀ ਨਾਲ ਦੋ ਕੈਂਸਰ ਮਰੀਜਾ ਨੂੰ ਹਜਾਰ-ਹਜਾਰ ਡਾਲਰ ਦੇ ਚਿੱਕ ਵੰਡੇ ਗਏ।

ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਬੇਕਸਫੀਲਡ ਹੋਮ ਲਿਸ ਸੈਂਟਰ ਨੂੰ ਵੀ ਦਸ ਹਜਾਰ ਡਾਲਰ ਦੀ ਸੇਵਾ ਸਿੱਖ ਰਾਈਡਰਜ ਆਫ਼ ਅਮਰੀਕਾ ਵੱਲੋਂ ਦਿੱਤੀ ਜਾ ਚੁਕੀ ਹੈ। ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿਟ ਵੀ ਵੰਡੇ ਗਏ। ਪਾਣੀ ਦੀਆਂ ਬੋਤਲਾਂ ਅਤੇ ਹੋਰ ਸਨੈਕ ਵਗੈਰਾ ਦਾ ਵੀ ਸਿੱਖ ਰਾਈਡਰਜ ਵੱਲੋਂ ਖਾਸ ਪ੍ਰਬੰਧ ਕੀਤਾ ਗਿਆ ਸੀ, ਇਹਦੇ ਨਾਲ ਨਾਲ ਬਰੇਕਫਾਸਟ ਅਤੇ ਲੰਚ ਵੀ ਸਿੱਖ ਰਾਈਡਰਜ ਵੱਲੋਂ ਸਰਵ ਕੀਤਾ ਗਿਆ। ਇਸ ਪਿੱਛੋਂ ਇਹ ਰੈਲੀ BOYS AND GIRLS ਪਾਰਕ ਬੇਕਰਸਫੀਲਡ ਵਿੱਖੇ ਪਹੁੰਚੀ ਜਿਥੇ ਪੰਜਾਬੀ ਗੀਤਾ ਤੇ ਭੰਗੜਾ ਪਾਉਦੇ ਗੋਰੇ ਸਿੱਖ ਲਟਰੇਚਰ ਲੈਕੇ ਖੁਸ਼ੀ ਖੁਸ਼ੀ ਘਰੋ ਘਰੀ ਪਰਤੇ। ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ।

## ਰਸੂਖ਼ਵਾਨਾਂ ਦੇ ਕਰਿੰਦਿਆਂ ਵੱਲੋਂ ਦਲਿਤ ਨੌਜਵਾਨ ਦੀ ਹੱਤਿਆ

ਲੰਘੇ ਸ਼ੁਕਰਵਾਰ ਨੂੰ ਬਾਦਲ ਪਰਿਵਾਰ ਦੇ ਜੱਦੀ ਜ਼ਿਲ੍ਹੇ ਮੁਕਤਸਰ ਦੇ ਗਾਂਧੀ ਨਗਰ ਇਲਾਕੇ ਵਿੱਚ ਇੱਕ 17 ਸਾਲਾ ਦਲਿਤ ਨੌਜਵਾਨ ਦੀ ਕੁਝ ਰਸੂਖ਼ਵਾਨਾਂ ਦੇ ਕਰਿੰਦਿਆਂ ਵੱਲੋਂ ਬੇਰਹਿਮੀ ਨਾਲ ਕੀਤੀ ਗਈ ਹੱਤਿਆ ਸੂਬੇ ਵਿੱਚ ਅਮਨ-ਕਾਨੂੰਨ ਦੀ ਨਿਘਰ ਰਹੀ ਹਾਲਤ ਸਬੰਧੀ ਤਿੱਖੇ ਸਵਾਲ ਖੜ੍ਹੇ ਕਰ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਨੌਜਵਾਨ ਨੂੰ ਰਸੂਖ਼ਵਾਨਾਂ ਦੀ ਨਜਾਇਜ਼ ਸ਼ਰਾਬ ਵੇਚਣ ਤੋਂ ਇਨਕਾਰ ਕਰਨ 'ਤੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਦਰਦਨਾਕ ਗੱਲ ਇਹ ਹੈ ਕਿ ਕਾਤਲਾਂ ਨੇ ਇਸ ਗ਼ਰੀਬ ਨੌਜਵਾਨਾਂ ਨੂੰ ਪਸ਼ੂਆਂ ਵਾਂਗ ਕੋਹ ਕੋਹ ਕੇ ਮਾਰਿਆ। ਉਸ ਦਾ ਧੜ ਸਿਰ ਤੋਂ ਅਲੱਗ ਕਰਨ ਦੇ ਨਾਲ ਨਾਲ ਸਰੀਰ ਦੇ ਕਈ ਹੋਰ ਅੰਗ ਵੀ ਬੇਰਹਿਮੀ ਨਾਲ ਵੱਢੇ ਟੁੱਕੇ ਗਏ। ਹੋਰ ਵੀ ਅਫ਼ਸੋਸ ਦੀ ਗੱਲ ਇਹ ਹੈ ਕਿ ਅਣਮਨੁੱਖੀ ਢੰਗ ਨਾਲ ਕੀਤੇ ਗਏ ਇਸ ਕਤਲ ਪ੍ਰਤੀ ਪੁਲੀਸ ਅਤੇ ਪ੍ਰਸ਼ਾਸਨ ਦਾ ਵਤੀਰਾ ਵੀ ਅਣਗਹਿਲੀ ਵਾਲਾ ਰਿਹਾ ਹੈ। ਇਹ ਮਾੜਾ ਭਾਣਾ ਵਰਤਣ ਤੋਂ ਇੱਕ ਦਿਨ ਪਹਿਲਾਂ ਇਸ ਲੜਕੇ ਆਪਣੀ ਜਾਨ ਨੂੰ ਖ਼ਤਰੇ ਬਾਰੇ ਪੁਲੀਸ ਨੂੰ ਸੂਚਿਤ ਕਰਨ ਦੇ ਬਾਵਜੂਦ ਪੁਲੀਸ ਵੱਲੋਂ ਕੋਈ ਇਹਤਿਆਤੀ ਕਾਰਵਾਈ ਨਾ ਕਰਨੀ ਪੁਲੀਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਰਹੀ ਹੈ। ਇਸ ਅਣਮਨੁੱਖੀ ਕਤਲ ਦੇ ਦੋਸ਼ੀਆਂ ਦੇ ਨਾਂ ਜੱਗ-ਜ਼ਾਹਿਰ ਹੋਣ ਦੇ ਬਾਵਜੂਦ ਪੁਲੀਸ ਦੁਆਰਾ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਕੀਤੀ ਗਈ ਨਾਂਹ-ਨੁੱਕਰ ਹੋਰ ਵੀ ਦੁਖਦਾਈ ਹੈ। ਇਹੀ ਕਾਰਨ ਹੈ ਕਿ ਮ੍ਰਿਤਕ ਦੇ ਪਰਿਵਾਰ ਅਤੇ ਸ਼ਹਿਰੀਆਂ ਨੂੰ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਧਰਨਾ ਦੇਣ ਵਾਸਤੇ ਮਜਬੂਰ ਹੋਣਾ ਪਿਆ।


ਇਸ ਦਰਦਨਾਕ ਕਤਲ ਨੇ ਪਿਛਲੇ ਸਾਲ ਦਸੰਬਰ ਮਹੀਨੇ ਅਬੋਹਰ ਦੇ ਇੱਕ ਦਲਿਤ ਵਿਅਕਤੀ ਭੀਮ ਸੈਨ ਟਾਂਕ ਦੀ ਰਸੂਖ਼ਵਾਨਾਂ ਦੇ ਨਜ਼ਦੀਕੀਆਂ ਦੁਆਰਾ ਨਿਰਦਈ ਢੰਗ ਨਾਲ ਕੀਤੀ ਗਈ ਹੱਤਿਆ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਇਨ੍ਹਾਂ ਦੋਵਾਂ ਕੇਸਾਂ ਵਿੱਚ ਹੀ ਰਸੂਖ਼ਵਾਨਾਂ ਵੱਲੋਂ ਦੋਸ਼ੀਆਂ ਦੀ ਕੀਤੀ ਜਾ ਰਹੀ ਪੁਸ਼ਤਪਨਾਹੀ ਦੇ ਚਲਦਿਆਂ ਪੁਲੀਸ ਵੱਲੋਂ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਟਾਲਾ ਵੱਟਣ ਦੀ ਨੀਤੀ ਇਸ ਗੱਲ ਦਾ ਸੰਕੇਤ ਦੇ ਰਹੀ ਹੈ ਕਿ ਪੁਲੀਸ, ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਥਾਂ ਰਸੂਖ਼ਵਾਨਾਂ ਦੇ ਇਸ਼ਾਰੇ 'ਤੇ ਹੀ ਕਾਰਵਾਈ ਕਰਦੀ ਹੈ। ਇਸ ਦਲਿਤ ਨੌਜਵਾਨ ਦਾ ਰਸੂਖ਼ਵਾਨਾਂ ਦੀ ਨਜਾਇਜ਼ ਸ਼ਰਾਬ ਵੇਚਣ ਤੋਂ ਨਾਂਹ ਕਰਨ ਕਰਕੇ ਕੀਤਾ ਗਿਆ ਕਤਲ ਇਸ ਗੱਲ ਦਾ ਸੰਕੇਤ ਹੈ ਕਿ ਸੂਬੇ ਵਿੱਚ ਨਾਜਾਇਜ਼ ਸ਼ਰਾਬ ਸਮੇਤ ਹੋਰ ਨਸ਼ਿਆਂ ਦਾ ਕਾਰੋਬਾਰ ਸੱਤਾਧਾਰੀ ਰਸੂਖ਼ਵਾਨਾਂ ਅਤੇ ਪੁਲੀਸ ਤੰਤਰ ਦੀ ਸ਼ਹਿ 'ਤੇ ਵੱਧ-ਫੁੱਲ ਰਿਹਾ ਹੈ। ਇਸ ਕਤਲ ਤੋਂ ਪਹਿਲਾਂ ਵੀ ਸੱਤਾਧਾਰੀ ਧਿਰ ਨਾਲ ਨੇੜਤਾ ਰੱਖਣ ਵਾਲੇ, ਰੇਤਾ-ਬਜਰੀ, ਟਰਾਂਸਪੋਰਟ ਅਤੇ ਨਸ਼ਿਆਂ ਦੇ ਵਪਾਰੀ ਮਾਫ਼ੀਆ ਗਰੁੱਪ ਉਨ੍ਹਾਂ ਦੇ ਹਿੱਤਾਂ ਨੂੰ ਚੁਣੌਤੀ ਦੇਣ ਵਾਲਿਆਂ ਨੂੰ 'ਸਬਕ' ਸਿਖਾ ਚੁੱਕੇ ਹਨ। ਸਥਿਤੀ ਦਾ ਦੁਖਦਾਈ ਪੱਖ ਇਹ ਹੈ ਕਿ ਅਜਿਹੇ ਸਾਰੇ ਮਾਮਲਿਆਂ ਵਿੱਚ ਪੁਲੀਸ ਦੀ ਭੂਮਿਕਾ ਰਸੂਖ਼ਵਾਨ ਕਾਰੋਬਾਰੀਆਂ ਦਾ ਪੱਖ ਪੂਰਨ ਅਤੇ ਉਨ੍ਹਾਂ ਦਾ ਬਚਾਅ ਕਰਨ ਵਾਲੀ ਰਹੀ ਹੈ। ਇਸ ਵਰਤਾਰੇ ਦੇ ਚੱਲਦਿਆਂ ਹੀ ਇਨ੍ਹਾਂ ਮਾਫ਼ੀਆ ਗਰੁੱਪਾਂ ਦੇ ਹੌਸਲੇ ਇੰਨੇ ਵਧ ਚੁੱਕੇ ਹਨ ਕਿ ਉਨ੍ਹਾਂ ਮੁਤਾਬਿਕ ਨਾ ਚੱਲਣ ਵਾਲੇ ਵਿਅਕਤੀਆਂ ਨੂੰ ਭਾੜੇ ਦੇ ਟੱਟੂਆਂ ਰਾਹੀਂ ਡਰਾਉਣ ਧਮਕਾਉਣ ਤੋਂ ਇਲਾਵਾ ਬੇਰਹਿਮੀ ਨਾਲ ਮਾਰ ਮੁਕਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਸੂਬੇ ਵਿੱਚ ਅਮਨ-ਕਾਨੂੰਨ ਦੀ ਲਗਾਤਾਰ ਨਿਘਰ ਰਹੀ ਹਾਲਤ ਦੇ ਭਾਵੇਂ ਕਾਫ਼ੀ ਕਾਰਨ ਹਨ ਪਰ ਸਿਆਸੀ ਅਤੇ ਸਮਾਜਿਕ ਚਿੰਤਕਾਂ ਅਨੁਸਾਰ ਇਸ ਦਾ ਮੁੱਖ ਕਾਰਨ ਅਕਾਲੀ-ਭਾਜਪਾ ਸਰਕਾਰ ਵੱਲੋਂ ਦਹਾਕਿਆਂ ਤੋਂ ਚੱਲੇ ਆ ਰਹੇ ਪ੍ਰਬੰਧਕੀ ਸਿਸਟਮ ਅਨੁਸਾਰ ਚੱਲ ਰਹੇ ਪੁਲੀਸ ਸਟੇਸ਼ਨਾਂ ਨੂੰ ਵਿਧਾਨ ਸਭਾ ਹਲਕਿਆਂ ਅਨੁਸਾਰ ਨਿਯਮਿਤ ਕਰ ਦੇਣਾ ਹੈ। ਸਰਕਾਰ ਦੀ ਇਸ ਕਾਰਵਾਈ ਨਾਲ ਪੁਲੀਸ ਪ੍ਰਬੰਧ ਵਿੱਚ ਸਿਆਸੀ ਦਖ਼ਲਅੰਦਾਜ਼ੀ ਵਧ ਗਈ ਹੈ। ਥਾਣਾ ਇੰਚਾਰਜਾਂ ਨੂੰ ਨਾ ਕੇਵਲ ਸੱਤਾਧਾਰੀ ਧਿਰ ਦੇ ਵਿਧਾਇਕਾਂ ਦੇ ਹੀ ਬਲਕਿ ਹਾਰੇ ਹੋਏ ਜਾਂ ਪਾਰਟੀ ਵੱਲੋਂ ਨਿਯੁਕਤ ਕੀਤੇ ਗਏ ਹਲਕਾ ਇੰਚਾਰਜਾਂ ਦੇ ਹੁਕਮਾਂ ਅਨੁਸਾਰ ਹੀ ਕੰਮ ਕਰਨ ਦੀਆਂ ਜ਼ੁਬਾਨੀ-ਕਲਾਮੀ ਹਦਾਇਤਾਂ ਹਨ। ਇਸ ਸਥਿਤੀ ਵਿੱਚ ਪੁਲੀਸ, ਛੋਟੀਆਂ-ਮੋਟੀਆਂ ਘਟਨਾਵਾਂ ਤਾਂ ਕੀ, ਕਤਲਾਂ ਤਕ ਦੀ ਰਿਪੋਰਟ ਵੀ ਹਲਕਾ ਵਿਧਾਇਕ/ਇੰਚਾਰਜਾਂ ਤੋਂ ਪੁੱਛੇ ਬਗ਼ੈਰ ਦਰਜ ਨਹੀਂ ਕਰਦੀ। ਸੂਬਾਈ ਸਰਕਾਰ ਦਾ ਇਹ ਪਾਰਟੀ ਹਿੱਤ ਪਾਲੂ ਵਰਤਾਰਾ ਹੀ ਅਬੋਹਰ ਦੇ ਭੀਮ ਟਾਂਕ ਅਤੇ ਹੁਣ ਮੁਕਤਸਰ ਦੇ ਅਜੈ ਸਿੰਘ ਦੀਆਂ ਬੇਰਹਿਮੀ ਨਾਲ ਕੀਤੀਆਂ ਗਈਆਂ ਹੱਤਿਆਵਾਂ ਦਾ ਕਾਰਨ ਬਣ ਰਿਹਾ ਹੈ। ਪਿਛਲੇ ਸਮੇਂ ਦੌਰਾਨ ਵਾਪਰੀਆਂ ਕੁਝ ਅਣਸੁਖਾਵੀਆਂ ਘਟਨਾਵਾਂ ਕਾਰਨ ਆਪਣੀ ਸਾਖ਼ ਨੂੰ ਲੱਗੀ ਢਾਹ ਦੇ ਮੱਦੇਨਜ਼ਰ ਸੱਤਾਧਾਰੀ ਧਿਰ ਨੇ ਭਾਵੇਂ ਕੁਝ ਮਹੀਨੇ ਪਹਿਲਾਂ ਸੂਬਾ ਪੁਲੀਸ ਮੁਖੀ ਸਮੇਤ ਪੁਲੀਸ ਪ੍ਰਸ਼ਾਸਨ ਵਿੱਚ ਭਾਰੀ ਫੇਰਬਦਲ ਕੀਤਾ ਸੀ ਪਰ ਨੀਤੀ ਅਤੇ ਨੀਅਤ ਵਿੱਚ ਤਬਦੀਲੀ ਨਾ ਹੋਣ ਕਰਕੇ ਇਸ ਦੇ ਕੋਈ ਹਾਂ-ਪੱਖੀ ਨਤੀਜੇ ਨਹੀਂ ਨਿਕਲ ਸਕੇ।

(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)

ਅਕਤੂਬਰ 1, 2016

## ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ ਨੂੰ ਸਦਮਾ



**ਹੇਵਰਡ–** ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਸਹੁਰਾ ਸਾਹਿਬ ਸ ਪਰਮਜੀਤ ਸਿੰਘ ਸੰਧੂ ਇਸ ਫਾਨੀ ਸੰਸਾਰ ਬੀਤੇ ਸ਼ੁੱਕਰਵਾਰ ਨੂੰ ਅਲਵਿਦਾ ਕਹਿ ਗਏ। ਉਹਨਾਂ ਦਾ ਅੰਤਿਮ ਸਸਕਾਰ 15 ਅਕਤੂਬਰ (ਦਿਨ ਸ਼ਨਿਚਰਵਾਰ) ਨੂੰ ਸਵੇਰੇ 10 ਵਜੇ ਚੈਪਲ ਆਫ ਚਾਈਮਸ, 32992 ਮਿਸ਼ਨ ਬੁਲੇਵਾਰਡ ਹੇਵਰਡ (ਕੈਲੇਫੋਰਨੀਆ) ਵਿਖੇ ਹੋਵੇਗਾ। ਮੱਖਣ ਬੈਂਸ ਨਾਲ ਦੁੱਖ ਸਾਂਝਾ ਕਰਨ ਲਈ 510-489-9100 ਜਾਂ (510) 715-1619 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਦੇਸ਼ ਦੁਆਬਾ' ਬੈਂਸ ਅਤੇ ਸੰਧੂ ਸਮੂਹ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਿਆਂ ਗਹਿਰਾ ਦੁੱਖ ਪ੍ਰਗਟ ਕਰਦਾ ਹੈ।

## ਨੈਸ਼ਨਲ ਚੈਨਲਾਂ ਲਈ ਐਡ ਰੰਨ ਕਰਨ ਲਈ ਫਰਿਜ਼ਨੋ ਵਿਖੇ ਫੰਡ ਰੇਜਰ 23 ਅਕਤੂਬਰ ਨੂੰ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਅਮਰੀਕਾ ਵਿੱਚ ਸਿੱਖਾਂ ਵਿਰੁੱਧ ਹੋ ਰਹੇ ਨਸਲੀ ਹਮਲਿਆਂ ਨੂੰ ਮੁੱਖ ਰੱਖਕੇ, ਸਿੱਖ ਪਹਿਚਾਣ ਨੂੰ ਦਰਸਾਉਦੀ ਐਡ ਪ੍ਰੈਜੀਡੈਂਟ ਓਬਾਮਾਂ ਦੀ ਮੀਡੀਆ ਟੀਮ ਦੁਆਰਾ ਤਿਆਰ ਕੀਤੀ ਜਾ ਰਹੀ ਹੈ। ਇਹ ਐਡ ਸੀ ਐਨ ਐਨ, ਫੌਕਸ ਨਿਊਜ਼, ਸ਼ੋਸ਼ਲ ਮੀਡੀਆ ਅਤੇ ਹੋਰ ਅਮਰੀਕਾ ਦੇ ਮਸ਼ਹੂਰ ਨਿਊਜ਼ ਚੈਨਲਾਂ ਤੇ ਚੱਲੇਗੀ। ਇਸ ਐਡ ਨੂੰ ਚਲਾਉਣ ਲਈ




ਬਹੁਤ ਵੱਡੀ ਰਕਮ ਦੀ ਜਰੂਰਤ ਹੈ ਅਤੇ ਨੈਸ਼ਨਲ ਸਿੱਖ ਕੈਂਪੇਂਨ ਵੱਲੋਂ ਇਸ ਐਡ ਲਈ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਫੰਡ ਰੇਜਰ ਪ੍ਰੋਗ੍ਰਾਮ ਉਲੀਕੇ ਗਏ ਹਨ, ਇਸੇ ਕੜੀ ਤਹਿਤ ਫਰਿਜ਼ਨੋ ਸ਼ਹਿਰ ਦੇ ਕਨਵੈਂਸਨ ਐਂਡ ਇੰਟਰਟੇਨਮੈਂਟ ਸੈਂਟਰ ਦੀ ਦੂਸਰੀ (848 M STREET 2ND FLOOR FRESNO CA 73721) ਤੇ 23 ਅਕਤੂਬਰ ਦਿਨ ਐਂਤਵਾਰ ਸ਼ਾਮੀਂ ਸਾਢੇ ਪੰਜ ਵਜੇ ਫੰਡ ਰੇਜਰ ਰੱਖਿਆ ਗਿਆ ਹੈ। ਇਸੇ ਪ੍ਰੋਗ੍ਰਾਮ ਨੂੰ ਪ੍ਰਮੋਟ ਕਰਨ ਲਈ ਗੁਰਨੇਕ ਸਿੰਘ ਬਾਗੜੀ ਨੇ ਆਪਣੇ ਸਾਥੀਆਂ ਸਮੇਤ ਲੰਘੇ ਐਂਤਵਾਰ ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿੱਖੇ ਬੂਥ ਵੀ ਲਾਇਆ, ਜਿਥੇ ਲੋਕਲ ਸਿੱਖਾਂ ਨੇ ਫੰਡ ਵੀ ਦਿੱਤਾ ਅਤੇ ਸੰਗਤ ਨੂੰ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਵੀ ਮੁਹੱਈਆ ਕਰਵਾਈ ਗਈ। ਇਸ ਮੌਕੇ ਗੁਰਨੇਕ ਸਿੰਘ ਬਾਗੜੀ, ਰਛਪਾਲ ਸਿੰਘ ਬੈਂਸ, ਸਮਰਵੀਰ ਸਿੰਘ ਵਿਰਕ ਅਤੇ ਸੁਖਦੀਪ ਸਿੰਘ ਸਿੱਧੂ ਆਦਿ ਨੇ ਫਰਿਜ਼ਨੋ ਏਰੀਏ ਦੇ ਸਮੂਹ ਭਾਈਚਾਰੇ ਨੂੰ 23 ਅਕਤੂਬਰ ਨੂੰ ਹੋਣ ਜਾ ਰਹੇ ਫੰਡ ਰੇਜਰ ਲਈ ਵੱਧ ਚੜਕੇ ਹਿੱਸਾ ਪਾਉਣ ਦੀ ਅਪੀਲ ਵੀ ਕੀਤੀ ਅਤੇ ਦੱਸਿਆ ਕਿ ਇਸ ਪ੍ਰੋਗ੍ਰਾਮ ਦੌਰਾਨ ਲੋਕਾਂ ਦੇ ਮਨੋਰੰਜਨ ਲਈ ਇੰਡੀਅਨ ਆਈਡਲ ਫੇਮ ਦਵਿੰਦਰ ਪਾਲ ਸਿੰਘ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ (559) 916-6953 ਜਾ (559) 916-6720

## ਨਾਜਾਇਜ਼ ਸ਼ਰਾਬ ਵੇਚਣ ਤੋਂ ਪਈ ਦੁਸ਼ਮਣੀ ਕਾਰਨ ਦਲਿਤ ਨੌਜਵਾਨ ਨੂੰ ਕੋਹ ਕੋਹ ਕੇ ਮਾਰਿਆ

**ਘਰਾਂਗਣਾ–** ਮਾਨਸਾ ਜ਼ਿਲ੍ਹੇ ਦੇ ਪਿੰਡ ਘਰਾਂਗਣਾ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਡਰਾਈਵਰ ਨਿਰੰਜਣ ਸਿੰਘ ਦੇ ਕਰੀਬੀ ਰਿਸ਼ਤੇਦਾਰਾਂ ਨੇ ਨਾਜਾਇਜ਼ ਸ਼ਰਾਬ ਵੇਚਣ ਤੋਂ ਪਈ ਦੁਸ਼ਮਣੀ ਕਾਰਨ ਦਲਿਤ ਨੌਜਵਾਨ ਸੁਖਚੈਨ ਸਿੰਘ (20 ਸਾਲ) ਨੂੰ ਕਥਿਤ ਤੌਰ 'ਤੇ ਕੋਹ ਕੋਹ ਕੇ ਮਾਰ ਦਿੱਤਾ। ਇਸ ਦਲਿਤ ਨੌਜਵਾਨ ਦੇ ਟੋਟੇ ਟੋਟੇ ਕਰ ਦਿੱਤੇ ਗਏ। ਪੀੜਤ ਪਰਿਵਾਰ ਨੇ ਕਿਹਾ ਕਿ ਸੁਖਚੈਨ ਦੇ ਸਾਰੇ ਅੰਗ ਮਿਲਣ ਮਗਰੋਂ ਹੀ ਸਸਕਾਰ ਕੀਤਾ ਜਾਵੇਗਾ। ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਇਸ ਨੌਜਵਾਨ ਦੀ ਵੱਢੀ ਟੁੱਕੀ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਹੈ, ਜੋ ਮਾਨਸਾ ਦੇ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਪਈ ਹੈ। ਪੀੜਤ ਪਰਿਵਾਰ ਦੇ ਮੈਂਬਰ ਦੇਰ ਸ਼ਾਮ ਖ਼ਬਰ ਲਿਖੇ ਜਾਣ ਤੱਕ ਹਸਪਤਾਲ 'ਚ ਬੈਠੇ ਸਨ।



ਸੁਖਚੈਨ ਦੀ ਮਾਂ ਕਰਮਜੀਤ ਕੌਰ ਨੇ ਵਿਲਕਦਿਆਂ ਕਿਹਾ, 'ਅਸੀਂ ਲਾਸ਼ ਕਿਵੇਂ ਲੈ ਸਕਦੇ ਹਾਂ ਅਤੇ ਮੇਰੇ ਪੁੱਤ ਦਾ ਬਿਨਾਂ ਲੱਤ ਤੋਂ ਸਸਕਾਰ ਕਿਵੇਂ ਕਰ ਸਕਦੇ ਹਾਂ? ਮੈਂ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੀ ਸੀ ਕਿ ਸ਼ੈਤਾਨਾਂ ਵੱਲੋਂ ਦਸਹਿਰੇ ਦੀ ਪੂਰਬਲੀ ਸ਼ਾਮ ਨੂੰ ਮੇਰੇ ਪੁੱਤ ਨੂੰ ਸਾਡੇ ਪਿੰਡ ਵਿੱਚ ਹੀ ਟੋਟੇ ਟੋਟੇ ਕਰ ਦਿੱਤਾ ਜਾਵੇਗਾ।' ਕਰਮਜੀਤ, ਉਸ ਦੇ ਪੁੱਤਰ ਸੁਖਬੀਰ ਸਿੰਘ ਤੇ ਹੋਰ ਰਿਸ਼ਤੇਦਾਰਾਂ ਨੇ ਹਮਲਾਵਰਾਂ ਦੀ ਪਛਾਣ ਬਲਬੀਰ ਸਿੰਘ ਉਰਫ਼ ਕਾਲਾ, ਹਰਦੀਪ ਸਿੰਘ ਉਰਫ਼ ਕਾਲਾ, ਬਿੱਟਾ ਸਿੰਘ, ਸਾਧੂ ਸਿੰਘ ਵਾਸੀਆਨ ਘਰਾਂਗਣਾ, ਬਿੱਟੂ ਸਿੰਘ ਵਾਸੀ ਛੋਟੇ ਨੰਗਲ, ਸੀਤਾ ਸਿੰਘ ਵਾਸੀ ਪਿੰਡ ਮਾਖਾ ਵਜੋਂ ਕੀਤੀ ਹੈ ਜਦੋਂ ਕਿ ਇਨ੍ਹਾਂ ਦੇ 20 ਸਾਥੀਆਂ ਦੀ ਹਾਲੇ ਪਛਾਣ ਨਹੀਂ ਹੋਈ ਹੈ।

ਪੁਲਿਸ ਨੇ ਛੇ ਮੁੱਖ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਪਰ ਇਨ੍ਹਾਂ ਵਿੱਚੋਂ ਇਕ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਹਰਦੀਪ ਤੇ ਉਸ ਦਾ ਭਰਾ ਬਿੱਟਾ ਸਿੰਘ ਪਿੰਡ ਘਰਾਂਗਣਾ ਦੇ ਅਕਾਲੀ ਸਰਪੰਚ ਸਰਦੂਲ ਸਿੰਘ ਦੇ ਭਤੀਜੇ ਹਨ। ਸਰਦੂਲ ਸਿੰਘ ਦਾ ਪਿਤਾ ਨਿਰੰਜਣ ਸਿੰਘ ਘਰਾਂਗਣਾ ਮੁੱਖ ਮੰਤਰੀ ਬਾਦਲ ਦਾ ਡਰਾਈਵਰ ਹੈ। ਇਹ ਦਿਲ ਨੂੰ ਦਹਿਲਾ ਦੇਣ ਵਾਲੀ ਵਾਰਦਾਤ ਕੱਲ੍ਹ ਰਾਤ ਸਾਢੇ ਅੱਠ ਵਜੇ ਵਾਪਰੀ ਜਦੋਂ ਸੁਖਚੈਨ ਸਿੰਘ ਆਪਣੇ ਦੋ-ਤਿੰਨ ਦੋਸਤਾਂ, ਜਿਨ੍ਹਾਂ ਵਿੱਚ ਗੁਰਸੇਵਕ ਸਿੰਘ ਵੀ ਸ਼ਾਮਲ ਸੀ, ਨਾਲ ਆਪਣੇ ਘਰ ਨੂੰ ਬਲੈਰੋ ਗੱਡੀ ਵਿੱਚ ਆ ਰਿਹਾ ਸੀ।

ਸੁਖਬੀਰ ਸਿੰਘ ਨੇ ਦੱਸਿਆ, 'ਬਲਬੀਰ ਸਿੰਘ ਤੇ ਉਸ ਦੇ ਸਾਥੀਆਂ ਨੇ ਸੁਖਚੈਨ ਨੂੰ ਘੇਰ ਕੇ ਅਗਵਾ ਕਰ ਲਿਆ ਜਦੋਂ ਕਿ ਸੁਖਚੈਨ ਦੇ ਦੋਸਤ ਭੱਜ ਗਏ। ਉਹ ਸੁਖਚੈਨ ਨੂੰ ਸੁੰਨ-ਸਾਨ ਪਲਾਟ ਵਿੱਚ ਲੈ ਗਏ ਅਤੇ ਉਥੇ ਤੇਜ਼ਧਾਰ ਹਥਿਆਰਾਂ ਨਾਲ ਹੱਲਾ ਬੋਲ ਦਿੱਤਾ। ਉਨ੍ਹਾਂ ਨੇ ਮੇਰੇ ਭਰਾ ਦੀ ਹਿੱਕ ਵਿੱਚ ਸੱਬਲ ਮਾਰੀ। ਇਸ ਬਾਰੇ ਪਤਾ ਲੱਗਣ 'ਤੇ ਅਸੀਂ ਪੁਲੀਸ ਨੂੰ 100 ਤੇ ਹੋਰ ਨੰਬਰਾਂ 'ਤੇ ਕਾਲ ਕੀਤੀ ਪਰ ਪੁਲੀਸ ਡੇਢ ਘੰਟੇ ਬਾਅਦ ਪੁੱਜੀ। ਜਦੋਂ ਅਸੀਂ ਪਲਾਟ 'ਚ ਗਏ ਤਾਂ ਘਾਹ ਖ਼ੂਨ ਲਿਬੜਿਆ ਹੋਇਆ ਸੀ ਪਰ ਉਥੇ ਲਾਸ਼ ਨਹੀਂ ਸੀ। ਭੰਨੀ-ਤੋੜੀ ਬਲੈਰੋ ਗੱਡੀ ਖੜ੍ਹੀ ਸੀ। ਜਦੋਂ ਅਸੀਂ ਮਗਰਲੀ ਗਲੀ ਵਿੱਚ ਗਏ ਤਾਂ ਸਾਨੂੰ ਗੋਡਾ ਅਤੇ ਕੁੱਝ ਹੋਰ ਮਨੁੱਖੀ ਅੰਗ ਮਿਲੇ। ਬਾਅਦ ਵਿੱਚ ਪੁਲੀਸ ਅਫ਼ਸਰਾਂ ਨਾਲ ਅਸੀਂ ਬਲਬੀਰ ਸਿੰਘ ਦੇ ਘਰੋਂ ਮੇਰੇ ਭਰਾ ਦੀ ਵੱਢੀ ਟੁੱਕੀ ਲਾਸ਼ ਬਰਾਮਦ ਕੀਤੀ। ਉਸ ਦੀ ਖੱਬੀ ਲੱਤ ਗਾਇਬ ਸੀ।' ਸੁਖਬੀਰ ਤੇ ਉਸ ਦੀ ਮਾਂ ਨੇ ਦੱਸਿਆ ਕਿ ਸੁਖਚੈਨ ਸਿੰਘ ਤੇ ਬਲਬੀਰ ਸਿੰਘ ਦਰਮਿਆਨ ਪਿੰਡ 'ਚ ਨਾਜਾਇਜ਼ ਸ਼ਰਾਬ ਵੇਚਣ ਕਾਰਨ ਦੁਸ਼ਮਣੀ ਸੀ। ਤਕਰੀਬਨ ਸਾਢੇ ਤਿੰਨ ਮਹੀਨੇ ਪਹਿਲਾਂ ਪੁਲੀਸ ਵੱਲੋਂ ਕੁੱਟਮਾਰ ਕੀਤੇ ਜਾਣ ਤੇ ਕੇਸ ਦਰਜ ਕੀਤੇ ਜਾਣ ਬਾਅਦ ਸੁਖਚੈਨ ਨੇ ਇਹ ਧੰਦਾ ਛੱਡ ਦਿੱਤਾ ਸੀ।

ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਵਿਚ ਹੁਣ ਤੱਕ ਮੁਫਤ ਮੈਟਰੀਮੋਨੀਅਲ ਛਾਪੇ ਗਏ ਹਨ, ਜਿਸਨੂੰ ਅਸੀਂ ਦਸੰਬਰ 2016 ਤੱਕ ਜਾਰੀ ਰੱਖਾਂਗੇ। ਚਾਹਵਾਨ ਸੱਜਣ ਮੁਫਤ ਮੈਟਰੀਮੋਨੀਅਲ ਛਪਾਉਣ ਲਈ ਸਾਨੂੰ ਹਰੇਕ ਹਫਤੇ ਸਨਿਚਰਵਾਰ ਤੱਕ ਜਾਣਕਾਰੀ ਭੇਜਣ ਦੀ ਕ੍ਰਿਪਾਲਤਾ ਕਰਨ। **– ਸੰਪਾਦਕ**

# ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਵਿੰਗ ਅਕਾਲੀ ਦਲ ਮਿਡਵੈਸਟ ਵਲੋਂ ਰੈਲੀ ਆਯੋਜਿਤ

## ਰੈਲੀ ਨੂੰ ਡਾ. ਦਲਜੀਤ ਸਿੰਘ ਚੀਮਾ ਤੇ ਓ.ਐਸ.ਡੀ. ਬਰਾੜ ਨੇ ਕੀਤਾ ਵੀਡੀਓ ਕਾਨਫਰੰਸ ਰਾਹੀ ਸੰਬੋਧਨ

**ਸ਼ਿਕਾਗੋ (ਹੁਸਨ ਲੜੋਆ ਬੰਗਾ)–** ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਵਿੰਗ ਅਕਾਲੀ ਦਲ ਮਿਡਵੈਸਟ ਵਲੋਂ ਸਾਂਝੇ ਤੌਰ 'ਤੇ ਸ਼ਿਕਾਗੋ ਦੇ ਸਥਾਨਕ ਕੈਸਕੇਡ ਬੈਕੁਇਟ ਹਾਲ ਵਿਚ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਨੂੰ ਲਾਈਵ ਟੈਲੀਕਾਸਟ ਸਿਸਟਮ ਰਾਹੀਂ ਸ਼੍ਰੋਮਣੀ ਪੰਜਾਬ ਦੇ ਸਿੱਖਿਆ ਮੰਤਰੀ ਸ: ਦਲਜੀਤ ਸਿੰਘ ਚੀਮਾ, ਓ.ਐਸ.ਡੀ. ਸ: ਚਰਨਜੀਤ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਹੁਰਾਂ ਨੇ ਪਿਛਲੇ 9 ਸਾਲਾਂ ਵਿਚ ਕੀਤੇ ਅਥਾਹ ਵਿਕਾਸ ਸਦਕਾ ਇਸਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸੜਕਾਂ 'ਤੇ ਕਰੋੜਾਂ ਰੁਪਏ ਖਰਚ ਕਰਕੇ ਇਨ੍ਹਾਂ ਨੂੰ ਨਵਾਂ ਰੂਪ ਦਿੱਤਾ ਗਿਆ ਹੈ ਅਤੇ ਵੱਡੇ ਸ਼ਹਿਰਾਂ ਨੂੰ 4 ਲਾਈਨ ਤੇ 6 ਲਾਈਨ ਨਾਲ ਵੀ ਜੋੜਿਆ ਗਿਆ ਹੈ। ਉਨ੍ਹਾਂ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਸੁਣਾਉਂਦਿਆਂ ਕਿਹਾ ਕਿ ਹਰ ਗਰੀਬ ਦਾ, ਹਰ ਦੁਕਾਨਦਾਰ ਤੇ ਹਰ ਕਿਸਾਨ ਦੀ ਸਿਹਤ ਦਾ ਬੀਮਾ ਕਰਵਾਇਆ, ਜਿਸ ਵਿਚ 50 ਹਜ਼ਾਰ ਤੋਂ ਉਪਰ ਤੱਕ ਦਾ ਇਲਾਜ ਸਰਕਾਰੀ ਹਸਪਤਾਲ ਵਿਚ ਕਰਵਾਇਆ ਜਾਵੇਗਾ। ਇਸਤੋਂ ਇਲਾਵਾ ਕਿਸਾਨਾਂ ਦੇ ਸਿਹਤ ਬੀਮੇ ਦੇ ਪ੍ਰੀਮੀਅਮ ਵਜੋਂ 14.82 ਕਰੋੜ ਰੁਪਏ ਦਾ ਭੁਗਤਾਨ ਵੀ ਕੀਤਾ। ਉਨ੍ਹਾਂ ਕਿਹਾ ਪਿੰਡਾਂ ਵਿਚ ਵੱਡੇ ਪੱਧਰ ਤੇ ਸੇਵਾ ਕੇਂਦਰ ਬਣਾਏ ਗਏ ਹਨ ਜਿੱਥੇ ਹੁਣ ਸ਼ਹਿਰਾਂ ਦੇ ਦਫ਼ਤਰਾਂ ਦੇ ਚੱਕਰ ਲਾਉਣ ਦੀ ਲੋੜ ਨਹੀਂ ਪਵੇਗੀ। ਆਪਣੇ ਪਿੰਡਾਂ ਦੇ ਸੇਵਾ ਕੇਂਦਰਾਂ ਵਿਚ ਸਾਰਾ ਕੰਮ ਹੋਵੇਗਾ ਤੇ ਧੱਕੇਖਾਣ ਦੀ ਲੋੜ ਨਹੀਂ ਪਵੇਗੀ।



ਉਨ੍ਹਾਂ ਕਿਹਾ ਕਿ ਸਕੂਲੀ ਵਿਦਿਆਰਥਣਾਂ ਨੂੰ 70 ਕਰੋੜ ਰੁਪਏ ਦੇ ਮੁਫ਼ਤ ਸਕੂਲ ਬੈਗ ਵੰਡੇ, ਬੇਬੇ ਨਾਨਕ ਲਾਡਲੀ ਬੇਟੀ ਸਕੀਮ ਅਧੀਨ 26885 ਲਾਭਪਾਤਰੀਆਂ ਨੂੰ ਕਰੀਬ 53.57 ਕਰੋੜ ਰੁਪਏ ਦੀ ਰਾਸ਼ੀ ਵੰਡੀ, ਮਾਈ ਭਾਗੋ ਵਿੱਦਿਆ ਸਕੀਮ ਤਹਿਤ 11ਵੀਂ ਅਤੇ 12ਵੀਂ ਦੀਆਂ ਲਗਭਗ 4 ਲੱਖ ਵਿਦਿਆਰਥਣਾਂ ਨੂੰ ਮੁਫ਼ਤ ਸਾਇਕਲ ਵੰਡੇ। ਇਸਤੋਂ ਇਲਾਵਾ 3.15 ਲੱਖ ਮੈਰੀਟੋਰੀਅਸ ਵਿਦਿਆਰਥੀਆਂ ਨੂੰ 176 ਕਰੋੜ ਰੁਪਏ ਦਾ ਵਜ਼ੀਫਾ ਦਿੱਤਾ ਅਤੇ ਸਾਰੇ ਬੱਚਿਆਂ ਨੂੰ ਕਿਤਾਬਾਂ, ਕਾਪੀਆਂ, ਵਰਦੀਆਂ ਮੁਫ਼ਤ ਦਿੱਤੀਆਂ ਅਤੇ ਉਨ੍ਹਾਂ ਦੀ ਪੜ੍ਹਾਈ ਬਿਲਕੁਲ ਮੁਫ਼ਤ ਕੀਤੀ। ਪੰਜਾਬ ਦੀਆਂ ਧੀਆਂ ਲਈ ਚਲਾਈ ਸ਼ਗਨ ਸਕੀਮ ਨੂੰ ਤਿੰਨ ਗੁਣਾਂ ਵਧਾ ਕੇ 15 ਹਜ਼ਾਰ ਰੁਪਏ ਕੀਤਾ ਅਤੇ ਹੁਣ ਤੱਕ 473, 742 ਲਾਭਪਾਤਰੀਆਂ ਨੇ ਫਾਇਦਾ ਉਠਾਇਆ। ਸਰਕਾਰ ਵਲੋਂ ਕਿਸਾਨਾਂ ਨੂੰ 2, 38, 869 ਟਿਊਬਲ ਕੁਨੈਕਸ਼ਨ ਜਾਰੀ ਕੀਤੇ, ਇਸਤੋਂ ਇਲਾਵਾ ਵਿਆਜ਼ ਰਹਿਤ ਕਿਸਾਨਾਂ ਨੂੰ 50 ਹਜ਼ਾਰ ਤੱਕ ਦਾ ਕਰਜ਼ਾ ਦੇਣ ਦੀ ਵੀ ਸਕੀਮ ਚਲਾਈ। ਉਨ੍ਹਾਂ ਵੀਡੀਓ ਕਾਨਫਰੰਸ ਰਾਹੀਂ ਹਜ਼ਾਰਾਂ ਲੋਕਾਂ ਦੇ ਸਵਾਲਾਂ ਦੇ ਜਵਾਬ ਵੀ ਦਿਤੇ ਤੇ ਅਤੇ ਕੁਝ ਮਸਲਿਆਂ ਨੂੰ ਤੁਰੰਤ ਹੱਲ ਕਰਵਾਉਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਸ: ਅਮਰੀਕ ਸਿੰਘ ਅਮਰ ਕਾਰਪੈਟ ਮੈਂਬਰ ਕੋਰ ਕਮੇਟੀ ਤੇ ਚੀਫ਼ ਮੀਡੀਆ ਇੰਚਾਰਜ ਮਿਡਵੈਸਟ ਨੇ ਜਿੱਥੇ ਸਾਰਿਆਂ ਦਾ ਧੰਨਵਾਦ ਕੀਤਾ, ਉਥੇ ਰੈਲੀ ਦੀ ਸਫ਼ਲਤਾਂ ਲਈ ਸਭਨਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਆਪਣੇ ਸੰਬੋਧਨ 'ਚ ਕਿਹਾ ਕਿ ਸਾਡੇ ਗੁਰੂਆਂ ਨੇ ਜ਼ੁਲਮ ਦੇ ਖਿਲਾਫ਼ ਲੜਾਈ ਲੜੀ, ਬੇਇਨਸਾਫ਼ੀ ਦੇ ਖਿਲਾਫ਼ ਲੜਾਈ ਲੜੀ, ਉਨ੍ਹਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਦੂਜੇ ਧਰਮਾਂ ਨੂੰ ਬਚਾਇਆ, ਉਸੇ ਪਾਏ ਪੂਰਨਿਆਂ ਤੇ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੋਇਆ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਭ ਤੋਂ ਵੱਧ ਪੁਰਾਣੀ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਜਨਮ 1920 ਵਿਚ ਹੋਇਆ, ਸ਼੍ਰੋਮਣੀ ਅਕਾਲੀ ਦਲ ਦਾ ਜਨਮ ਦੇਸ਼ ਨੂੰ ਬਚਾਉਣ ਵਾਸਤੇ ਦੇਸ਼ ਦੀ ਅਖੰਡਤਾ ਵਾਸਤੇ ਸਭ ਤੋਂ ਪਹਿਲੇ ਅਕਾਲੀ ਦਲ ਦੀ ਲੀਡਰਸ਼ਿਪ ਨੇ ਦੇਸ਼ ਦੀ ਅਜ਼ਾਦੀ ਵਾਸਤੇ ਕੁਰਬਾਨੀਆਂ ਇਸ ਮੌਕੇ ਬਾਬਾ ਦਲਜੀਤ ਸਿੰਘ ਸ਼ਿਕਾਗੋ, ਹਰਵਿੰਦਰ ਸਿੰਘ ਬਿੱਲਾ, ਹੈਪੀ ਹੀਰ, ਲਵਦੀਪ ਸਿੰਘ ਦੁੱਲਤ, ਪਾਲ ਸਿੰਘ ਖਲੀਲ, ਲਖਵੰਤ ਸਿੰਘ ਕੋਮਲ, ਪ੍ਰੀਤਮ ਸਿੰਘ ਬਰਾੜ, ਰਾਜਿੰਦਰ ਸਿੰਘ ਬੈਂਸ, ਅੰਮ੍ਰਿਤਪਾਲ ਸਿੰਘ ਸੰਘਾ, ਗੁਰਮੀਤ ਸਿੰਘ ਭੋਲਾ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਨਰਿੰਦਰ ਸਰਾਂ, ਉਂਕਾਰ ਸਿੰਘ ਹੀਰ, ਯਾਦਵਿੰਦਰ ਸਿੰਘ ਗਰੇਵਾਲ, ਉਂਕਾਰ ਸਿੰਘ ਜਲਾਲਪੁਰ, ਹਰਭਜਨ ਮਿਆਣੀ, ਹਰਵਿੰਦਰ ਸਿੰਘ ਵਾਲੀਆ, ਸੁਖਦੇਵ ਧਾਲੀਵਾਲ, ਕੁਲਦੀਪ ਸਿੰਘ ਦਿਓਲ, ਸ: ਜਸਕਰਨ ਸਿੰਘ ਧਾਲੀਵਾਲ, ਮਨਮਿੰਦਰ ਸਿੰਘ ਹੀਰ, ਪ੍ਰਭਜੋਤ ਸਿੰਘ ਸ਼ਿਕਾਗੋ, ਰਾਜਾ ਤੱਲ੍ਹਣ ਆਦਿ ਨੇ ਰੈਲੀ ਨੂੰ ਸਫ਼ਲ ਕਰਨ ਲਈ ਭਰਪੂਰ ਸਹਿਯੋਗ ਦਿੱਤਾ।

# ਸੰਸਥਾ "ਸਹਾਇਤਾ" ਦਾ 11ਵਾ ਫੰਡ ਰੈਜ਼ਰ, ਫ੍ਰੀਮੌਂਟ ਵਿਖੇ ਆਯੋਜਿਤ ਕੀਤਾ ਗਿਆ

**ਫ੍ਰੀਮੌਂਟ (ਨੀਟਾ ਮਾਛੀਕੇ / ਕੁਲਵੰਤ ਉਭੀ ਧਾਲੀਆ)–** ਅਕਤੂਬਰ 9, 2017 ਨੂੰ ਨੌਨ ਪਰੋਫਿਟ ਸੰਸਥਾ "ਸਹਾਇਤਾ" ਦਾ 11ਵਾ ਫੰਡ ਰੈਜ਼ਰ ਪਾਰਾਡੀਜ਼ ਬਾਲਰੂਮ, ਫ੍ਰੀਮੌਂਟ ਕੈਲੀਫੋਰਨੀਆ ਵਿਖੇ ਆਯੋਇਤ ਕੀਤਾ ਗਿਆ. ਇਸ ਫੰਡ ਰੈਜ਼ਰ ਦੇ ਵਿਚ ਬੇ ਏਰੀਆ ਦੀਆ ਉ ੱ ਘੀ ਆ ਂ ਸ਼ ਖ਼ ਸੀ ਅ ਤ ਹਾਜਿਰ ਹੋਈਆਂ। ਡਾਕਟਰ ਹਰਕੇਸ਼ ਸਿੰਘ ਸੰਧੂ ਜੋ ਇਸ ਸੰਸਥਾ ਦੇ ਮੋਢੀਆਂ ਵਿੱਚੋ ਇਕ ਹਨ, ਓਹਨਾ ਨੇ ਸੰਸਥਾ ਦੇ 2005 ਤੋਂ ਲੈ ਕਿ ਅਜ ਤੱਕ ਦੇ ਸਫਰ ਤੇ ਚਾਨਣ ਪਾਇਆ। ਉਹਨਾਂ ਦੀ ਤਕਰੀਰ ਵਿਚ ਪੰਜਾਬ ਦੇ ਲਈ ਦਰਦ ਸਾਫ ਝਲਕਦਾ ਸੀ। ਉਹਨਾ ਨੇ ਆਪਣੇ ਪੰਜਾਬ ਦੌਰੇ ਦੇ ਵਿੱਚ ਹੋਏ ਤਜੁਰਬੇ ਸਾਰੀਆਂ ਨਾਲ ਸਾਂਝੇ ਕੀਤੇ। ਖਾਸ ਤੌਰ ਤੇ ਉਹਨਾ ਨੇ ਕਰਜੇ ਨਾਲ ਜੂਝ ਰਹੇ ਕਿਸਾਨਾਂ ਤੇ ਉਹਨਾਂ ਦੇ ਘਰਾਂ ਦੇ ਹਾਲਾਤਾਂ ਬਾਰੇ ਬਹੁਤ ਬਾਰੀਕੀ ਨਾਲ ਚਾਨਣਾ ਪਾਇਆ। ਜਦੋ ਉਹ ਇਕ ਵਾਕਿਆ ਸੁਣਾ ਰਹੇ ਸਨ ਇਕ ਖੁਦਕਸ਼ੀ ਕਰਨ ਵਾਲੇ ਪਰਵਾਰ ਦੇ ਹਾਲਾਤ ਬਾਰੇ, ਤਾਂ ਉਸ ਵਕਤ ਹਾਲ ਦੇ ਵਿਚ ਬੈਠੇ ਹਰ ਇਨਸਾਨ ਦੀ ਅੱਖ ਨਮ ਹੋ ਗਈ. ਡਾਕਟਰ ਸੰਧੂ ਦੀ ਬੇਟੀ ਸਮਰੀਨ ਸੰਧੂ ਨੇ ਬਹੁਤ ਹੀ ਖੂਬਸੂਰਤ ਤਰੀਕੇ ਦੇ ਨਾਲ ਪੰਜਾਬ ਦੇ ਵਿੱਚ ਹੋਏ ਆਪਣੇ ਤਜੁਰਬੇ ਬਾਰੇ ਦੱਸਿਆ।

ਇਸ ਮੌਕੇ ਪੰਜਾਬੀ ਮੁਟਿਆਰਾਂ ਨੇ ਬਹੁਤ ਹੀ ਖੂਬਸੂਰਤ ਕੋਰਿਓਗ੍ਰਾਫੀ ਪੇਸ਼ ਕੀਤੀਆਂ, ਜਿਸ ਨਾਲ ਸਾਰਾ ਮਾਹੌਲ ਸੰਗੀਤਮਈ ਵੀ ਹੋ ਗਿਆ। ਡੀ ਜੇ ਨਿਕ ਬੱਚੂ ਨੇ ਹਰ ਤਰਾਂ ਦੇ ਗੀਤਾਂ ਦੇ ਨਾਲ ਆਏ ਹੋਏ ਮੱਦਦਗਾਰ ਲੋਕ ਦਾ ਪੂਰਾ ਮਨੋਰੰਜਨ ਕੀਤਾ. ਮਿੱਕੀ ਸਰਾ ਤੇ ਜਸ ਸੰਧੂ ਨੇ ਅਖੀਰ ਵਿੱਚ ਬੋਲੀਆਂ ਤੇ ਟੱਪਿਆ ਨਾਲ ਪੂਰਾ ਪਿੜ ਬੰਨਿਆ। ਸਰੂਪ ਸਿੰਘ ਝੱਜ ਤੇ ਹਰਕੇਸ਼ ਸਿੰਘ ਸੰਧੂ ਨੇ ਅਜ ਦੇ ਇਸ ਪ੍ਰੋਗਰਾਮ ਵਿੱਚ ਸਹਿਜੋਗ ਦੈਨ ਵਾਲੇ ਹਰ ਦਾਨੀ ਤੇ ਵਲੰਟੀਅਰ ਦਾ ਤਹਿ ਦਿਲੋਂ ਸ਼ੁਕਰੀਆ ਕੀਤਾ ਤੇ ਅੱਗੇ ਤੋਂ ਵੀ ਇਹੋ ਜਿਹੇ ਹੁੰਗਾਰੇ ਦੀ ਆਸ ਰੱਖੀ.ਰਾਜਾ ਸਵੀਟਸ ਦੇ ਮੱਖਣ ਬੈਂਸ ਵੱਲੋ ਸ਼ਾਨਦਾਰ ਖਾਣੇ ਦਾ ਪ੍ਰਬੰਧ ਕੀਤਾ ਗਿਆ। ਇਹਨਾਂ ਖੂਬਸੂਰਤ ਪਲਾਂ ਨੂੰ ਕੈਮਰਾ ਵਿੱਚ ਬੰਦ ਕਰਨ ਦੀ ਜਿੰਮੇਵਾਰੀ ਉਂਘੇ ਫਾਇਨਾਂਸ ਪਲੈਂਨਰ ਰਾਜ ਬਡਵਾਲ ਜੀ ਨੇ ਨਿਭਾਈ।




# ਇੰਡੋ-ਅਮੈਰੀਕਨ ਸੀਨੀਅਰ ਸਿਟੀਜਨ ਐਸੋਸੀਏਸ਼ਨ ਸੈਨਹੋਜ਼ੇ ਦੀ ਮਾਸਿਕ ਮੀਟਿੰਗ

**ਸੈਨਹੋਜ਼ੇ (ਚਰਨਜੀਤ ਸਿੰਘ ਪੰਨੂ)–** ਇੰਡੋ-ਅਮੈਰੀਕਨ ਸੀਨੀਅਰ ਸਿਟੀਜਨ ਐਸੋਸੀਏਸ਼ਨ ਸੈਨਹੋਜ਼ੇ ਦੀ ਮਾਸਿਕ ਮੀਟਿੰਗ ਮਿਲਪੀਟਸ ਦੇ ਸਵਾਗਤ ਰੈਸਟੋਰੈਂਟ ਵਿਚ ਆਯੋਜਤ ਕੀਤੀ ਗਈ। ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਤੇ ਸਲਾਹਕਾਰ ਐਡਵੋਕੇਟ ਅਜੀਤ ਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਬਿਕਰਮ









ਸਿੰਘ, ਚਰਨਜੀਤ ਸਿੰਘ ਪੰਨੂ, ਹਰਦੇਵ ਸਿੰਘ ਅਟਵਾਲ ਆਦਿ ਨੇ ਉਨ੍ਹਾਂ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਤੇ ਸ਼ਲਾਘਾ ਕੀਤੀ। ਸਾਰੇ ਹਾਜ਼ਰ ਮੈਂਬਰਾਂ ਨੇ ਹਾਰ, ਗੁਲਦਸਤੇ, ਸਨਮਾਨ ਪੱਤਰ ਤੇ ਮੋਮੈਂਟੋ ਦੇ ਕੇ ਉਨ੍ਹਾਂ ਦਾ ਅਭਿਨੰਦਨ ਕੀਤਾ। ਪਿਛਲੇ ਸਾਲਾਂ ਵਿਚ ਉਨ੍ਹਾਂ ਨੇ ਬਹੁਤ ਸਾਰੇ ਮੈਂਬਰਾਂ ਤੇ ਨਾਨ-ਮੈਂਬਰਾਂ ਨੂੰ ਆਰਥਿਕ, ਸਮਾਜਿਕ ਤੇ ਕਾਨੂੰਨੀ ਸੇਵਾਵਾਂ, ਮੁਫ਼ਤ ਸਲਾਹ ਮਸ਼ਵਰੇ ਦੇ ਕੇ ਉਨ੍ਹਾਂ ਦੀਆ ਮੁਸ਼ਕਲਾਂ ਦਾ ਸਮਾਧਾਨ ਕੀਤਾ। ਹਰ ਐਤਵਾਰ ਗੁਰਦੁਆਰਾ ਸੈਨਹੋਜ਼ੇ ਵਿਚ ਇਸ ਸਭਾ ਵੱਲੋਂ ਮੈਡੀਕਲ, ਸਿਟੀਜ਼ਨਸ਼ਿਪ ਤੇ ਹੋਰ ਸਰਕਾਰੀ ਤੇ ਗੈਰ-ਸਰਕਾਰੀ ਮਜ਼ਮੂਨਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਜਿਸ ਤੋਂ ਬਹੁਤ ਸਾਰੇ ਲੋੜਵੰਦ ਫ਼ਾਇਦਾ ਉਠਾਉਂਦੇ ਹਨ। ਹਰਦੇਵ ਸਿੰਘ ਅਟਵਾਲ, ਅਜੀਤ ਸਿੰਘ ਬਨਵੈਤ, ਸੂਰਤ ਸਿੰਘ, ਮੋਹਣ ਸਿੰਘ ਹੰਸ, ਪੂਰਨ ਸਿੰਘ ਗਰੇਵਾਲ, ਮੱਘਰ ਸਿੰਘ ਹੰਸ, ਹਰਜੀਤ ਸਿੰਘ, ਬਿਕਰਮ ਸਿੰਘ, ਸਰਬਜੀਤ ਸਿੰਘ ਰੰਧਾਵਾ, ਗੁਰਦਰਸ਼ਨ ਸਿੰਘ ਗਰੇਵਾਲ, ਕੁਲਦੀਪ ਸਿੰਘ ਧਨੋਆ, ਮਨਜੀਤ ਸਿੰਘ, ਮੱਖਣ ਗੁਪਤਾ, ਦਲਜੀਤ ਸਿੰਘ ਚੌਹਾਨ, ਬਲਬੀਰ ਸਿੰਘ ਲੱਧੜ, ਚਰਨਜੀਤ ਸਿੰਘ ਪੰਨੂ, ਕੁਲਵਿੰਦਰ ਸਿੰਘ ਸਾਰੇ ਮੈਂਬਰਾਂ ਨੇ ਉਨ੍ਹਾਂ ਨੂੰ ਮੁਬਾਰਕ ਕਹੀ ਤੇ ਲੰਬੀ ਉਮਰ ਦੀ ਦੁਆ ਕੀਤੀ। ਬਲਜਿੰਦਰ ਸਿੰਘ ਅਟਵਾਲ ਨੇ ਐਸੋਸੀਏਸ਼ਨ ਨੂੰ ਇਕ ਹਜਾਰ ਡਾਲਰ ਡੋਨੇਸ਼ਨ ਦਿੱਤਾ ਜਿਸ ਕਰਕੇ ਸਭਾ ਵੱਲੋਂ ਉਨ੍ਹਾਂ ਦੇ ਧੰਨਵਾਦ ਵਜੋਂ ਸਨਮਾਨ ਕੀਤਾ ਗਿਆ।

# ਹੁਣ ਭਾਰਤ ਸਰਕਾਰ ਖ਼ੁਦ ਮਿੱਥ ਸਕੇਗੀ ਜ਼ਰੂਰੀ ਵਸਤਾਂ ਦੇ ਪਰਚੂਨ ਭਾਅ

**ਨਵੀਂ ਦਿੱਲੀ–** ਮਹਿੰਗਾਈ ਨੂੰ ਕਾਬੂ 'ਚ ਰੱਖਣ ਦੇ ਮਕਸਦ ਨਾਲ ਕੇਂਦਰ ਸਰਕਾਰ ਨੇ ਨਾਪ-ਤੋਲ ਨਿਯਮਾਂ ਵਿੱਚ ਤਬਦੀਲੀ ਕਰ ਦਿੱਤੀ ਹੈ, ਜਿਸ ਤਹਿਤ ਸਰਕਾਰ ਅਸਾਧਾਰਨ ਹਾਲਤਾਂ ਵਿੱਚ ਜ਼ਰੂਰੀ ਵਸਤਾਂ ਜਿਵੇਂ ਦਾਲਾਂ ਅਤੇ ਚੀਨੀ ਆਦਿ ਦੇ ਪਰਚੂਨ ਭਾਅ ਖ਼ੁਦ ਮਿੱਥ ਸਕੇਗੀ। ਗ਼ੌਰਤਲਬ ਹੈ ਕਿ ਮੌਜੂਦਾ ਪ੍ਰਬੰਧ ਤਹਿਤ ਵਸਤਾਂ ਦੇ ਪਰਚੂਨ ਭਾਅ ਬਾਜ਼ਾਰ ਵੱਲੋਂ ਤੈਅ ਕੀਤੇ ਜਾਂਦੇ ਹਨ ਤੇ ਸਰਕਾਰ ਕੋਲ ਇਨ੍ਹਾਂ ਨੂੰ ਕਾਬੂ ਕਰਨ ਦੀ ਬਹੁਤ ਘੱਟ ਗੁੰਜਾਇਸ਼ ਬਚਦੀ ਹੈ।

ਖ਼ਪਤਕਾਰ ਮਾਮਲੇ ਮੰਤਰਾਲੇ ਦੇ ਇਕ ਸੀਨੀਅਰ ਅਫ਼ਸਰ ਨੇ ਕਿਹਾ, ''ਅਸੀਂ ਕਾਨੂੰਨੀ ਨਾਪ-ਤੋਲ (ਪੈਕਡ ਵਸਤਾਂ) ਨਿਯਮ, 2011 ਵਿੱਚ ਸੋਧਾਂ ਨੋਟੀਫਾਈ ਕਰ ਦਿੱਤੀਆਂ ਹਨ, ਜਿਸ ਰਾਹੀਂ ਕਿਸੇ ਜ਼ਰੂਰੀ ਚੀਜ਼ ਦੀਆਂ ਕੀਮਤਾਂ ਤੈਅ ਕੀਤੀਆਂ ਜਾ ਸਕਣਗੀਆਂ।'' ਇਸ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਜੇ 'ਕਿਸੇ ਜ਼ਰੂਰੀ ਵਸਤ ਦੇ ਪਰਚੂਨ ਭਾਅ ਜ਼ਰੂਰੀ ਵਸਤਾਂ ਐਕਟ, 1955 ਤਹਿਤ ਸਮਰੱਥ ਅਧਿਕਾਰੀ ਵੱਲੋਂ ਤੈਅ ਤੇ ਨੋਟੀਫਾਈ ਕੀਤੇ ਜਾਂਦੇ ਹਨ ਤਾਂ ਇਹ ਲਾਗੂ ਕਰਨੇ ਜ਼ਰੂਰੀ ਹੋਣਗੇ।' ਇਹ ਨਿਯਮ ਦੋਵੇਂ ਪੈਕਡ ਤੇ ਖੁੱਲ੍ਹੇ ਰੂਪ ਵਿੱਚ ਵੇਚੀਆਂ ਜਾਂਦੀਆਂ ਜ਼ਰੂਰੀ ਵਸਤਾਂ ਦੇ ਪਰਚੂਨ ਭਾਅ ਉਤੇ ਲਾਗੂ ਹੋਣਗੇ।

ਜਦੋਂ ਅਧਿਕਾਰੀ ਨੂੰ ਪੁੱਛਿਆ ਗਿਆ ਕਿ ਕੀ ਸਰਕਾਰ ਵੱਲੋਂ ਰੋਜ਼ਾਨਾ ਆਧਾਰ ਉਤੇ ਜ਼ਰੂਰੀ ਵਸਤਾਂ ਦੇ ਪਰਚੂਨ ਭਾਅ ਮਿਥੇ ਜਾਣਗੇ, ਤਾਂ ਉਨ੍ਹਾਂ ਕਿਹਾ, "ਬਿਲਕੁਲ ਨਹੀਂ। ਅਜਿਹਾ ਸਿਰਫ਼ ਅਸਾਧਾਰਨ ਹਾਲਾਤ ਵਿੱਚ ਹੀ ਕੀਤਾ ਜਾਵੇਗਾ, ਜਦੋਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਅਣਕਿਆਸੇ ਢੰਗ ਨਾਲ ਵਧਣਗੀਆਂ।'' ਗ਼ੌਰਤਲਬ ਹੈ ਕਿ ਮੌਜੂਦਾ ਪ੍ਰਬੰਧ ਵਿੱਚ ਸਰਕਾਰ ਥੋਕ ਵਿਕਰੇਤਾਵਾਂ ਤੇ ਦਰਾਮਦਕਾਰਾਂ ਨੂੰ ਤਾਂ ਕੰਟਰੋਲ ਕਰਦੀ ਹੈ ਪਰ ਪਰਚੂਨ ਵਿਕਰੇਤਾਵਾਂ ਨੂੰ ਨਹੀਂ ਸੀ ਕਰਦੀ।

# ਭਾਰਤ ਦਾ ਪ੍ਰਧਾਨ ਮੰਤਰੀ ਹਮੇਸ਼ਾ ਰਹਿੰਦੈ ਹਾਜ਼ਰ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਦਫ਼ਤਰ (ਪੀਐਮਓ) ਮੁਤਾਬਕ ਭਾਰਤ ਦਾ ਪ੍ਰਧਾਨ ਮੰਤਰੀ ਹਰ ਵਕਤ ਡਿਊਟੀ ਉਤੇ ਰਹਿੰਦਾ ਹੈ। ਪੀਐਮਓ ਨੇ ਦੱਸਿਆ ਕਿ ਉਸ ਕੋਲ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਛੁੱਟੀਆਂ ਦਾ ਕੋਈ ਰਿਕਾਰਡ ਨਹੀਂ ਹੈ। ਪ੍ਰਧਾਨ ਮੰਤਰੀ ਲਈ ਛੁੱਟੀ ਸਬੰਧੀ ਨਿਯਮਾਂ ਤੇ ਪ੍ਰਕਿਰਿਆ ਦੀ ਕਾਪੀ ਲੈਣ ਲਈ ਪਾਈ ਆਰਟੀਆਈ ਦੇ ਜਵਾਬ ਵਿੱਚ ਪੀਐਮਓ ਨੇ ਇਹ ਜਵਾਬ ਦਿੱਤਾ ਹੈ।



ਪੀਐਮਓ ਤੇ ਕੈਬਨਿਟ ਸਕੱਤਰੇਤ ਨੂੰ ਪਾਈ ਆਰਟੀਆਈ ਦਾ ਪੀਐਮਓ ਨੇ ਜਵਾਬ ਦਿੱਤਾ ਹੈ, 'ਇਹ ਕਿਹਾ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਸਾਰਾ ਸਮਾਂ ਡਿਊਟੀ 'ਤੇ ਹੁੰਦਾ ਹੈ।' ਇਸ ਅਰਜ਼ੀ ਵਿੱਚ ਸਾਬਕਾ ਪ੍ਰਧਾਨ ਮੰਤਰੀਆਂ ਮਨਮੋਹਨ ਸਿੰਘ, ਅਟਲ ਬਿਹਾਰੀ ਵਾਜਪਾਈ, ਆਈ ਕੇ ਗੁਜਰਾਲ ਅਤੇ ਰਾਜੀਵ ਗਾਂਧੀ ਦੀਆਂ ਛੁੱਟੀਆਂ ਦਾ ਰਿਕਾਰਡ ਵੀ ਮੰਗਿਆ ਗਿਆ ਸੀ। ਪੀਐਮਓ ਨੇ ਦੱਸਿਆ, 'ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਛੁੱਟੀਆਂ ਵਾਲਾ ਰਿਕਾਰਡ ਇਸ ਦਫ਼ਤਰ ਵੱਲੋਂ ਰੱਖੇ ਜਾਂਦੇ ਰਿਕਾਰਡ ਦਾ ਹਿੱਸਾ ਨਹੀਂ ਹੈ। ਅਤੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਾਰਜਭਾਰ ਸੰਭਾਲਣ ਬਾਅਦ ਹਾਲੇ ਤਕ ਕੋਈ ਛੁੱਟੀ ਨਹੀਂ ਲਈ ਹੈ।' ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਛੁੱਟੀਆਂ ਦੇ ਰਿਕਾਰਡ ਤੇ ਛੁੱਟੀ ਸਬੰਧੀ ਨਿਯਮਾਂ ਬਾਰੇ ਜਾਣਕਾਰੀ ਲਈ ਇਕ ਆਰਟੀਆਈ ਕੈਬਨਿਟ ਸਕੱਤਰੇਤ ਨੂੰ ਵੀ ਪਾਈ ਗਈ ਸੀ ਪਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਇਹ ਅਰਜ਼ੀ ਅੱਗੇ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤੀ ਗਈ, ਜਿਸ ਨੇ ਅੱਗੇ ਇਸ ਨੂੰ ਪੀਐਮਓ ਨੂੰ ਭੇਜ ਦਿੱਤਾ। ਪੀਐਮਓ ਦਾ ਕਹਿਣਾ ਹੈ ਕਿ ਉਸ ਕੋਲ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਛੁੱਟੀਆਂ ਦਾ ਕੋਈ ਰਿਕਾਰਡ ਨਹੀਂ ਹੈ।

## ਜਲੂਰ ਪਿੰਡ ਦਾ ਮਾਮਲਾ ਹੋਰ ਗਰਮਾਇਆ

# ਅਨੁਸੂਚਿਤ ਕਮਿਸ਼ਨ ਦੇ ਚੇਅਰਮੈਨ ਨੇ ਸੁਣਿਆ ਦੋਹਾਂ ਧਿਰਾਂ ਦਾ ਪੱਖ

**ਸੰਗਰੂਰ–** ਜ਼ਿਲ੍ਹੇ ਦੇ ਪਿੰਡ ਜਲੂਰ ਵਿਚ ਦਲਿਤਾਂ ਅਤੇ ਜਨਰਲ ਵਰਗ ਦੇ ਬਾਸ਼ਿੰਦਿਆਂ ਦਾ ਚੱਲ ਰਿਹਾ ਆਪਸੀ ਵਿਵਾਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਥਾਨਕ ਪੀ. ਡਬਲਿਊ. ਡੀ. ਰੈਸਟ ਹਾਊਸ ਵਿਖੇ ਇਸ ਵਿਵਾਦ ਦੇ ਹੱਲ ਲਈ ਪੁੱਜੇ ਪੰਜਾਬ ਅਨੁਸੂਚਿਤ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਮੇਸ਼ ਬਾਘਾ ਨੇ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਕਪਤਾਨ ਸ੍ਰੀ ਪ੍ਰਿਤਪਾਲ ਸਿੰਘ ਥਿੰਦ, ਏ. ਡੀ. ਸੀ. ਜਨਰਲ ਸ੍ਰੀਮਤੀ ਪੂਨਮਦੀਪ ਕੌਰ ਅਤੇ ਡੀ. ਐਸ. ਪੀ. ਮੂਣਕ ਸ੍ਰੀ ਆਕਾਸ਼ਦੀਪ ਸਿੰਘ ਔਲਖ ਨਾਲ ਬੰਦ ਕਮਰਾ ਮੀਟਿੰਗ ਕੀਤੀ। ਬਾਅਦ ਵਿਚ ਉਹਨਾਂ ਗੱਲਬਾਤ ਦੌਰਾਨ ਦੱਸਿਆ ਕਿ ਸਬੰਧਤ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਜਿਸ ਵਿਚ ਐਸ. ਪੀ. ਡੀ., ਐਸ. ਡੀ. ਐਮ. ਲਹਿਰਾ ਅਤੇ ਡੀ. ਐਸ. ਪੀ. ਦਿੜ੍ਹਬਾ ਉਤੇ ਆਧਾਰਿਤ ਟੀਮ ਦਾ ਗਠਨ ਕੀਤਾ ਗਿਆ ਹੈ। ਇਹ ਟੀਮ ਹਫਤੇ ਵਿਚ ਆਪਣੀ ਰਿਪੋਰਟ ਪੇਸ਼ ਕਰੇਗੀ। ਉਹਨਾਂ ਕਿਹਾ ਕਿ ਫਿਲਹਾਲ ਮੁਢਲੇ ਦੌਰ ਵਿਚ ਦੋਵੇਂ ਧਿਰਾਂ ਦਾ ਸਬੰਧ ਦਲਿਤ ਵਰਗ ਨਾਲ ਹੀ ਜੁੜਿਆ ਨਜ਼ਰ ਆ ਰਿਹਾ ਹੈ। ਸਪਸ਼ਟ ਸ਼ਬਦਾਂ ਵਿਚ ਸ੍ਰੀ ਬਾਗਾ ਨੇ ਕਿਹਾ ਕਿ ਜੇ ਪੰਚਾਇਤੀ ਜ਼ਮੀਨ ਨੂੰ ਠੇਕੇ ਉਤੇ ਲੈਣ ਵਾਲਾ ਦਲਿਤ ਵਿਅਕਤੀ ਹੀ ਵਾਹ ਰਿਹਾ ਹੈ ਤਾਂ ਉਸ ਤੋਂ ਠੇਕਾ ਵਾਪਸ ਨਹੀਂ ਲਿਆ ਜਾਵੇਗਾ ਪਰ ਜੇ ਇਹ ਸਬੰਧਤ ਜ਼ਮੀਨ ਕੋਈ ਹੋਰ ਵਿਅਕਤੀ ਜਾਂ ਜਨਰਲ ਵਰਗ ਨਾਲ ਸਬੰਧਤ ਵਿਅਕਤੀ ਵਾਹ ਰਹੇ ਹਨ ਤਾਂ ਇਸ ਜ਼ਮੀਨ ਦਾ ਠੇਕਾ ਰੱਦ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਕਮਿਸ਼ਨ ਨੂੰ ਜਲੂਰ ਪਿੰਡ ਵਿਚ ਵਾਪਰੀ ਘਟਨਾ ਬਾਬਤ ਕੇਵਲ ਮੀਡੀਆ ਰਾਹੀਂ ਹੀ ਜਾਣਕਾਰੀ ਮਿਲੀ ਹੈ, ਕੋਈ ਲਿਖਤੀ ਸ਼ਿਕਾਇਤ ਕਮਿਸ਼ਨ ਨੂੰ ਨਹੀਂ ਮਿਲੀ ਹੈ। ਰੈਸਟ ਹਾਊਸ ਵਿਚ ਕਮਿਸ਼ਨ ਨੂੰ ਮਿਲਣ ਲਈ ਦੋਵੇਂ ਧਿਰਾਂ ਪੁੱਜੀਆਂ ਹੋਈਆਂ ਸਨ ਅਤੇ ਦੋਵਾਂ ਧਿਰਾਂ ਨੇ ਵੱਖੋ ਵੱਖਰੇ ਤੌਰ ਉਤੇ ਚੇਅਰਮੈਨ ਨਾਲ ਮੀਟਿੰਗਾਂ ਵੀ ਕੀਤੀਆਂ। ਪਿੰਡ ਜਲੂਸ ਦੇ ਗੁਰਲਾਲ ਸਿੰਘ ਸਾਬਕਾ ਸਰਪੰਚ ਅਤੇ ਮੈਂਗੂ ਸਿੰਘ ਨੇ ਮੌਜੂਦਾ ਧਿਰ ਜਿਸ ਵੱਲੋਂ ਜ਼ਮੀਨ ਦੀ ਵਹੀ ਕੀਤੀ ਜਾ ਰਹੀ ਹੈ, ਦੇ ਸਮਰਥਨ ਵਿਚ ਪੱਖ ਰੱਖਦਿਆਂ ਕਿਹਾ ਕਿ ਠੇਕੇ ਦੀ ਬੋਲੀ ਨਿਰੋਲ, ਨਿਰਪੱਖਤਾ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਦਲਿਤ ਜੁਗਰਾਜ ਸਿੰਘ ਦੇ ਨਾਮ ਹੋਈ ਸੀ। ਉਹਨਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਜੁਗਰਾਜ ਸਿੰਘ ਦੀ ਪਹਿਲਾਂ ਬੀਜੀ ਜੀਰੀ ਪੁੱਟ ਦਿੱਤੀ ਸੀ ਅਤੇ ਹੁਣ ਕਿੱਲੇ ਜ਼ਮੀਨ ਉਪਰ ਸਪਰੇਅ ਕਰਕੇ ਫਸਲ ਪੂਰੀ ਤਰ੍ਹਾਂ ਉਜਾੜ ਦਿੱਤੀ। ਗੁਰਲਾਲ ਸਿੰਘ ਮੌਜੂਦਾ ਵਿਵਾਦ ਲਈ ਬਲਵੀਰ ਸਿੰਘ ਅਤੇ ਬਲਜਿੰਦਰ ਸਿੰਘ ਨਾਂ ਦੇ ਵਿਅਕਤੀਆਂ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ। ਉਹਨਾਂ ਕਿਹਾ ਕਿ ਪਿੰਡ ਵਿਚ ਕੁਝ ਲੋਕਾਂ ਵੱਲੋਂ ਘਰ ਛੱਡ ਕੇ ਜਾਣ ਦੀਆਂ ਜੋ ਅਫਵਾਹਾਂ ਚੱਲ ਰਹੀਆਂ ਹਨ, ਉਹ ਸਰਾਸਰ ਝੂਠ ਹਨ। ਇਸ ਧਿਰ ਦਾ ਦਾਅਵਾ ਹੈ ਕਿ ਪਿੰਡ ਦੇ ਕੁਝ ਲੋਕ ਨਰਮਾ ਚੁੱਕਣ ਲਈ ਰਾਜਸਥਾਨ ਜਾਂ ਅੰਬੋਹਰ ਆਦਿ ਥਾਵਾਂ ਉਤੇ ਹਰ ਵਰ੍ਹੇ ਦੀ ਤਰ੍ਹਾਂ ਗਏ ਹਨ ਪਰ ਪੂਰਾ ਪਿੰਡ ਪੂਰੀ ਤਰ੍ਹਾਂ ਇੱਕਜੁਟ ਹੈ। ਜਦਕਿ ਦੂਜੇ ਪਾਸੇ ਦਲਿਤਾਂ ਦੀ ਦੂਜੀ ਧਿਰ ਦੀ ਪੈਰਵੀ ਕਰ ਰਹੇ ਬਹੁਜਨ ਸਮਾਜ ਪਾਰਟੀ ਦੇ ਜ਼ੋਨ ਕੋਆਰਡੀਨੇਟਰ ਧੰਨਾ ਸਿੰਘ ਸੇਰੋਂ ਨੇ ਕਿਹਾ ਕਿ ਜਲੂਰ ਵਿਚ ਬੋਲੀ ਪੂਰੀ ਤਰ੍ਹਾਂ ਡੰਮੀ ਹੋਈ ਹੈ। ਉਹਨਾਂ ਕਿਹਾ ਕਿ ਦਲਿਤ ਵਰਗ ਉਪਰ ਜਨਰਲ ਵਰਗ ਵੱਲੋਂ ਸੋਚੀ ਸਮਝੀ ਸਾਜਿਸ਼ ਤਹਿਤ ਹਮਲਾ ਕੀਤਾ ਗਿਆ ਹੈ।



ਧੰਨਾ ਸਿੰਘ ਨੇ ਕਿਹਾ ਕਿ ਫਗਵਾੜਾ ਵਿਖੇ ਪਾਰਟੀ ਦੇ ਸੂਬਾਈ ਪ੍ਰੋਗਰਾਮ ਦੌਰਾਨ ਇਹ ਮੁੱਦਾ ਉਠਾਇਆ ਜਾਵੇਗਾ ਅਤੇ ਜੋ ਦਲਿਤਾਂ ਨੂੰ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਪਿੰਡ ਵਿਚ ਦਲਿਤ ਸਮਰਥਕ ਮੁਖਤਿਆਰ ਸਿੰਘ ਨੇ ਵੀ ਦਲਿਤਾਂ ਉਤੇ ਜਨਰਲ ਵਰਗ ਵੱਲੋਂ ਕੀਤੇ ਹਮਲੇ ਦੀ ਪੁਸ਼ਟੀ ਕਰਦਿਆਂ ਇਨਸਾਫ ਦੀ ਮੰਗ ਕੀਤੀ ਹੈ। ਇਸ ਮੌਕੇ ਭਾਜਪਾ ਆਗੂ ਸ. ਸਤਵੰਤ ਸਿੰਘ ਪੂਨੀਆ, ਕੈਪਟਨ ਰਾਮ ਸਿੰਘ, ਮੰਡਲ ਪ੍ਰਧਾਨ ਪਵਨ ਗਰਗ, ਹਰੀਸ਼ ਟੁੱਟੇਜਾ ਆਦਿ ਵੀ ਮੌਜੂਦ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ 30 ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਦਾ ਜਨਮ ਉਤਸਵ ਮਿਤੀ 30 ਅਕਤੂਬਰ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿਚ 27 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਰੰਭ ਕੀਤੇ ਜਾਣਗੇ ਅਤੇ ਐਤਵਾਰ 30 ਅਕਤੂਬਰ ਨੂੰ ਭੋਗ ਪਾਏ ਜਾਣਗੇ। ਜਿਸ ਵਿਚ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਕੀਰਤਨੀਏ ਭਗਵਾਨ ਬਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

30 ਅਕਤੂਬਰ ਸ਼ਾਮ ਨੂੰ ਗੁਰੂ ਘਰ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿਸ ਵਿਚ ਸ਼ਾਮ ਨੂੰ ਗੁਰੂ ਘਰ ਵਿਖੇ 6 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ਼ਾਮ ਨੂੰ ਦੀਪਮਾਲਾ ਵੀ ਕੀਤੀ ਜਾਵੇਗੀ।

**ਨੋਟ–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਪ੍ਰਬੰਧਕ ਕਮੇਟੀ ਵੱਲੋ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਜਾ ਰਹੀ ਹੈ। ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਹਨਾਂ ਪਰਿਵਾਰਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ:

**ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ** (530-713-1823)
**ਭਾਈ ਪ੍ਰਿਤਪਾਲ ਸਿੰਘ ਜੀ, ਹੈਡ ਗ੍ਰੰਥੀ** (916-694-3386
**ਸ੍ਰੀ ਗੁਰਨਾਮ ਸਿੰਘ ਭੰਡਾਲ, ਵਾਈਸ ਪ੍ਰਧਾਨ** (530-218-4468
**ਸ੍ਰੀ ਦਲਵਿੰਦਰ ਰੱਲ੍ਹ, ਵਾਈਸ ਜਨਰਲ ਸਕੱਤਰ** (530-933-3938
**ਸ੍ਰੀ ਸਤਿਨਾਮ ਸਿੰਘ, ਜਨਰਲ ਸਕੱਤਰ** (530-682-3962)
**ਸ੍ਰੀ ਰਾਮ ਸੇਵਕ ਭਾਟੀਆ, ਹੈਡ ਕੈਸ਼ੀਅਰ** (530-701-4370)
**ਸ੍ਰੀ ਮਹਿੰਦਰ ਸਿੰਘ ਰੱਤੂ, ਚੇਅਰਮੈਨ** (530-790-5985

ਸ੍ਰੀ ਦਿਆਲ ਰਾਮ ਨਰ ਜਿਹਨਾਂ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਸਥਾਪਨਾ ਕਰਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ, ਜਿਸ ਵੇਲੇ ਗੁਰੂ ਘਰ ਦੀ ਸਥਾਪਨਾ ਕੀਤੀ ਗਈ, ਆਪ ਜੀ ਉਸ ਵੇਲੇ ਗੁਰੂ ਘਰ ਦੇ ਵਾਈਸ ਪ੍ਰਧਾਨ ਸਨ। ਮੌਜੂਦਾ ਸਮੇਂ ਆਪ ਗੁਰੂ ਘਰ ਦੇ ਮੀਡੀਆ ਸਲਾਹਕਾਰ ਵਜੋਂ ਸੇਵਾ ਨਿਭਾਅ ਰਹੇ ਹਨ।



ਸ੍ਰੀ ਦਿਆਲ ਰਾਮ ਨਰ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਿਆਲ ਰਾਮ ਨਰ ਜੀ ਦਾ 75ਵਾਂ ਜਨਮ ਦਿਨ ਮਨਾਇਆ ਗਿਆ ਅਤੇ ਉਹਨਾਂ ਦੀ ਲੰਮੀ ਉਮਰ ਦੀ ਅਰਦਾਸ ਕੀਤੀ ਗਈ ਅਤੇ ਪ੍ਰਬੰਧਕ ਕਮੇਟੀ ਵੱਲੋਂ ਆਪ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

# ਜਲੂਰ ਕਾਂਡ: ਜਮਹੂਰੀ ਅਧਿਕਾਰ ਸਭਾ ਹਾਈ ਕੋਰਟ ਨੂੰ ਸੌਂਪੇਗੀ ਜਾਂਚ ਰਿਪੋਰਟ

**ਸੰਗਰੂਰ–** ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਸੂਬਾ ਪੱਧਰ ਦੀਆਂ ਤਿੰਨ ਹੋਰ ਜਥੇਬੰਦੀਆਂ ਸਮੇਤ ਪਿੰਡ ਜਲੂਰ ਦਾ ਦੌਰਾ ਕਰਨ ਤੋਂ ਬਾਅਦ ਦਲਿਤਾਂ ’ਤੇ ਹੋਏ ਹਮਲੇ ਦੀ ਵਾਪਰੀ ਘਟਨਾ ਦੀ ਮੁਕੰਮਲ ਜਾਂਚ ਰਿਪੋਰਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਲਿਜਾਣ ਦਾ ਫ਼ੈਸਲਾ ਕੀਤਾ ਗਿਆ ਹੈ।

ਇੱਥੇ ਬੁਲਾਈ ਪ੍ਰੈਸ ਕਾਨਫਰੰਸ ਦੌਰਾਨ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਅਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ ਕਿ ਸਭਾ ਦੇ ਸੂਬਾ ਸਕੱਤਰੇਤ ਮੈਂਬਰ ਪ੍ਰਿਤਪਾਲ ਸਿੰਘ ਬਠਿੰਡਾ ਅਤੇ ਐਡਵੋਕੇਟ ਐਨ.ਕੇ. ਜੀਤ, ਜ਼ਿਲ੍ਹਾ ਪ੍ਰਧਾਨ ਨਾਮਦੇਵ ਸਿੰਘ ਭੁਟਾਲ ਤੋਂ ਇਲਾਵਾ ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ ਦੇ ਐਡਵੋਕੇਟ ਦਲਜੀਤ ਸਿੰਘ ਨਵਾਂ ਸ਼ਹਿਰ, ਲੋਕਾਇਤ ਸੰਸਥਾ ਵੱਲੋਂ ਐਡਵੋਕੇਟ ਪੰਕਜ, ਸਟੂਡੈਂਟਸ ਫਾਰ ਸੁਸਾਇਟੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੋਨਾ ਸਿੰਘ ਆਦਿ ਦੀ ਟੀਮ ਵੱਲੋਂ ਪਿੰਡ ਜਲੂਰ ਦਾ ਦੌਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਤਣਾਅ ਅਤੇ ਦਹਿਸ਼ਤ ਦਾ ਮਾਹੌਲ ਹੈ। ਬਹੁਤੇ ਘਰਾਂ ਨੂੰ ਜਿੰਦਰੇ ਲੱਗੇ ਹੋਏ ਹਨ। ਦਲਿਤ ਪਰਿਵਾਰ ਰਾਤ ਨੂੰ ਆਪਣੇ ਘਰਾਂ ਵਿੱਚ ਸੌਣ ਤੋਂ ਡਰਦੇ ਹਨ। ਇਸ ਮੌਕੇ ਜਾਰੀ ਰਿਪੋਰਟ ਵਿੱਚ ਦੋਸ਼ ਲਾਇਆ ਕਿ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਬਲਵੀਰ ਜਲੂਰ ਅਤੇ ਉਸਦੇ ਭਰਾ ਤੇ ਸੰਘਰਸ਼ ਕਮੇਟੀ ਆਗੂ ਬਲਵਿੰਦਰ ਜਲੂਰ ਦੇ ਪਰਿਵਾਰ ਅਤੇ ਘਰ ਨੂੰ ਵਿਸ਼ੇਸ਼ ਤੌਰ ’ਤੇ ਨਿਸ਼ਾਨਾ ਬਣਾਇਆ ਗਿਆ। ਇਨ੍ਹਾਂ ਦੀ ਬਜ਼ੁਰਗ ਮਾਤਾ ਦੀ ਲੱਤ ਵੱਢ ਦਿੱਤੀ ਗਈ ਅਤੇ ਬਜ਼ੁਰਗ ਪਿਤਾ ਦੀ ਬੇਇੱਜ਼ਤੀ ਕੀਤੀ। ਪਰਿਵਾਰ ਦੀ ਪ੍ਰਚੂਨ ਦੀ ਦੁਕਾਨ ਦੀ ਭੰਨਤੋੜ ਕੀਤੀ ਗਈ। ਜ਼ਖ਼ਮੀ ਪਰਿਵਾਰ ਡਰਦਾ ਹਸਪਤਾਲਾਂ ਵਿੱਚ ਦਾਖ਼ਲ ਨਹੀਂ ਹੋ ਰਿਹਾ ਅਤੇ ਡੰਗਰ ਭੁੱਖੇ ਮਰ ਰਹੇ ਹਨ।

ਸਭਾ ਨੇ ਸਿਵਲ ਤੇ ਪੁਲੀਸ ਪ੍ਰਸ਼ਾਸਨ ਦੀ ਕਾਰਵਾਈ ਨੂੰ ਸਿਆਸੀ ਸ਼ਹਿ ਪ੍ਰਾਪਤ ਇੱਕਪਾਸੜ ਕਰਾਰ ਦਿੱਤਾ ਹੈ। ਉਨ੍ਹਾਂ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਵੱਲੋਂ ਜਾਂਚ ਲਈ ਪ੍ਰਸ਼ਾਸਨਿਕ ਅਧਿਕਾਰੀਆਂ ’ਤੇ ਆਧਾਰਿਤ ਬਣਾਈ ਕਮੇਟੀ ਨੂੰ ਲਿੱਪਾਪੋਚੀ ਅਤੇ ਮੁੱਦੇ ਨੂੰ ਦਫ਼ਨਾਉਣ ਦਾ ਯਤਨ ਦੱਸਦਿਆਂ ਘਟਨਾ ਦੀ ਜਾਂਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਜਲੂਰ ਘਟਨਾ ਦੀ ਮੁਕੰਮਲ ਜਾਂਚ ਰਿਪੋਰਟ ਤਿਆਰ ਕਰਕੇ ਇੱਕ ਹਫ਼ਤੇ ਦੇ ਅੰਦਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਭੇਜੀ ਜਾਵੇਗੀ। ਇਸ ਮੌਕੇ ਸਭਾ ਦੇ ਸਟੇਟ ਕਮੇਟੀ ਮੈਂਬਰ ਸਵਰਨਜੀਤ ਸਿੰਘ, ਗੁਰਪ੍ਰੀਤ ਕੌਰ, ਸੁਖਵਿੰਦਰ ਪੱਪੀ, ਅਮਰੀਕ ਸਿੰਘ ਖੋਖਰ, ਬਸ਼ੇਸ਼ਰ ਰਾਮ ਆਦਿ ਮੌਜੂਦ ਸਨ।

# ਬੇ-ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਨੂੰ ਹਰਾ ਕੇ ਬਾਜ਼ੀ ਮਾਰੀ

**(ਸਫਾ 1 ਦੀ ਬਾਕੀ)**

ਵੱਖ ਖਿੱਤਿਆਂ ’ਚੋਂ ਚੋਟੀ ਦੀਆਂ ਕਬੱਡੀ ਟੀਮਾਂ ਨੇ ਸ਼ਮੂਲੀਅਤ ਕੀਤੀ ਪਰ ਆਖਿਰ ’ਚ ਬੇ-ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਸਪੋਰਟਸ ਕਲੱਬ ਮੋਡੈਸਟੋ ਨੂੰ ਹਰਾ ਕੇ ਪਹਿਲੇ ਸਥਾਨ ’ਤੇ ਰਿਹਾ ਤੇ ਟਰਾਫੀ ਦੇ ਨਾਲ-ਨਾਲ 14 ਹਜ਼ਾਰ ਡਾਲਰ ਦਾ ਨਕਦ ਇਨਾਮ ਜਿੱਤਣ ਦੀ ਹੱਕਦਾਰ ਰਹੀ। ਦੂਜਾ ਇਨਾਮ 13 ਹਜ਼ਾਰ ਡਾਲਰ ਸੈਂਟਰਲ ਵੈਲੀ ਨੂੰ ਮਿਲਿਆ। ਤੀਜਾ ਇਨਾਮ 12 ਹਜ਼ਾਰ ਅਤੇ ਚੌਥਾ ਇਨਾਮ 11 ਹਜ਼ਾਰ ਦਾ ਦਿੱਤਾ ਗਿਆ। ਇਸ ਉਪਰੰਤ ਬੈਸਟ ਰੇਡਰ ਦਾ ਖਿਤਾਬ ਮੰਨਾ ਲਾਲਪੁਰੀਆ ਤੇ ਬੈਸਟ ਜਾਫੀ ਦਾ ਖਿਤਾਬ ਸੰਦੀਪ ਨੰਗਲ ਅੰਬੀਆਂ ਨੂੰ ਦਿੱਤਾ ਗਿਆ। ਇਸ ਇੰਟਰਨੈਸ਼ਨਲ ਕਬੱਡੀ ਕੱਪ ਦੌਰਾਨ ਅੰਡਰ 21 ਨੌਜਵਾਨਾਂ ਦੀ ਕਬੱਡੀ ਲਈ ਪਹਿਲਾ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਯੂਬਾ ਸਿਟੀ ਸਪੋਰਟਸ ਕਲੱਬ ਜਿੱਤਿਆ। ਇਸ ਦੌਰਾਨ ਪਹਿਲਾ ਇਨਾਮ 21 ਸੌ ਡਾਲਰ, ਦੂਜਾ ਇਨਾਮ 15 ਸੌ ਡਾਲਰ, ਤੀਜਾ ਇਨਾਮ 1 ਹਜ਼ਾਰ ਡਾਲਰ ਤੇ ਚੌਥਾ ਇਨਾਮ ਵੀ ਇਕ ਹਜ਼ਾਰ ਡਾਲਰ ਦਾ ਦਿੱਤਾ ਗਿਆ। ਇਸ ਟੂਰਨਾਮੈਂਟ ਵਿਚ ਰਾਜ ਬਰਾੜ ਵੱਲੋਂ ਸਥਾਨਕ ਟੀਮ ਨੂੰ 51 ਸੌ ਡਾਲਰ ਦਾ ਇਨਾਮ ਦਿੱਤਾ ਗਿਆ। ਦਵਿੰਦਰ ਸਿੰਘ ਝਾਵਰ ਵੱਲੋਂ ਅੰਡਰ 21 ਟੀਮ ਨੂੰ ਇਨਾਮ ਦਿੱਤਾ ਗਿਆ।

ਬਾਕੀ ਵੱਡੇ ਇਨਾਮਾਂ ਵਿਚੋਂ ਚੜ੍ਹਦਾ ਪੰਜਾਬ ਰੋਜ਼ਵਿਲ, ਹਰਜਿੰਦਰ ਬੋਲੀਨਾ, ਜਸਵੀਰ ਸੋਹਲ, ਪੰਮਾ ਅਟਵਾਲ, ਅੰਮ੍ਰਿਤਪਾਲ ਟਿਵਾਣਾ, ਬਲਜਿੰਦਰ ਕਲੇਰ, ਲਖਵੀਰ ਔਜਲਾ, ਅਵਤਾਰ ਅਟਵਾਲ, ਚਰਨ ਬਡਵਾਲ, ਸਰਦਾਰਾ ਕਲੋਟੀਆ, ਸਰਬਜੀਤ ਬੋਲੀਨਾ, ਅਮਰੀਕ ਸਿੰਘ ਅਠਵਾਲ, ਸੁਖਵਿੰਦਰ ਅਠਵਾਲ ਤੇ ਤੇਜਿੰਦਰ ਸਿੰਘ ਰਾਣਾ ਆਦਿ ਵੱਲੋਂ ਦਿੱਤੇ ਗਏ। ਇਹਨਾਂ ਮੈਚਾਂ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਵੱਲੋਂ ਬਣਾਏ ਨਿਯਮਾਂ ਮੁਤਾਬਕ ਹੀ ਖਿਡਾਇਆ ਗਿਆ। ਗੁਰਦੁਆਰਾ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿਚ ਕਰਵਾਏ ਇਸ ਕਬੱਡੀ ਕੱਪ ਦੌਰਾਨ ਸਾਰਾ ਦਿਨ ਹਜ਼ਾਰਾਂ ਦੀ ਤਾਦਾਦ ਵਿਚ ਪਹੁੰਚੇ ਦਰਸ਼ਕਾਂ ਨੂੰ ਮੁਫਤ ਲੰਗਰ, ਚਾਹ ਤੇ ਪਾਣੀ ਮੁਹੱਈਆ ਕਰਵਾਇਆ ਗਿਆ। ਮੁੱਖ ਪ੍ਰਬੰਧਕਾਂ ’ਚ ਧੀਰਾ ਨਿੱਝਰ, ਜੌਹਨ ਸਿੰਘ ਗਿੱਲ, ਹੈਪੀ ਬਰਿਆਨਾ, ਬਿੱਟੂ ਰੰਧਾਵਾ, ਹੈਰੀ ਸੰਘਾ, ਪਰਗਟ ਸਿੰਘ ਸੰਧੂ, ਗੁਰਮੀਤ ਵੜੈਚ, ਜੱਸੀ ਸੰਘਾ, ਨਰਿੰਦਰ ਥਾਂਦੀ, ਲਾਡੀ ਗਿੱਲ, ਮਨਜੀਤ ਨਿੱਝਰ, ਪੰਮਾ ਲਿੱਧੜ, ਗੋਲਡੀ ਲਾਲੀ, ਤਰਲੋਚਨ ਅਟਵਾਲ, ਬਲਜੀਤ ਬਾਸੀ, ਤੀਰਥ ਗਾਖਲ, ਸੁਖਦੇਵ ਲੰਬੜ, ਸੁੱਖੀ ਵਿਰਕ, ਬਲਵੰਤ ਵਿਰਕ, ਬਿੱਟੂ ਰਾਏ ਤੇ ਤੇਜਿੰਦਰ ਮਾਨ ਵੱਲੋਂ ਉਚੇਚੇ ਪ੍ਰਬੰਧ ਕੀਤੇ ਗਏ।

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਅਟਵਾਲ ਵੱਲੋਂ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਸਟੇਜ ਤੋਂ ਸਾਰਾ ਦਿਨ ਬੀਬੀ ਆਸ਼ਾ ਸ਼ਰਮਾ ਵੱਲੋਂ ਭਾਵਪੂਰਤ ਤੇ ਠਰੰਮੇ ਨਾਲ ਕੁਮੈਂਟਰੀ ਕੀਤੀ ਗਈ ਤੇ ਖੇਡ ਦੇ ਮੈਦਾਨ ’ਚ ਮੱਖਣ ਅਲੀ, ਇਕਬਾਲ ਗਿੱਲ, ਕਾਲਾ ਨਸ਼ੀਨ, ਸੁਰਜੀਤ ਕਕਰਾਲੀ, ਰੰਡਿਆਲਾ ਵੱਲੋਂ ਖਿਡਾਰੀਆਂ ਲਈ ਟੋਟਕਿਆਂ ਨੂੰ ਵਰਤ ਕੇ ਮਾਹੌਲ ਨੂੰ ਰੋਚਕ ਬਣਾਈ ਰੱਖਿਆ। ਬਾਕੀ ਸ਼ਾਮਲ ਮੁੱਖ ਸ਼ਖਸੀਅਤਾਂ ਵਿਚ ਪਾਲ ਸਹੋਤਾ, ਸੁਰਿੰਦਰ ਨਿੱਝਰ, ਅਮਰਜੀਤ ਨਿੱਝਰ, ਸ਼ੈਰਫ ਸਕਾਟ (ਵਾਇਸ ਮੇਅਰ ਐਲਕ ਗਰੋਵ), ਬਲਕਾਰ ਸਿੰਘ ਲਿੱਧੜ, ਆਰੀਗਨ ਤੋਂ ਰਜਿੰਦਰ ਸਿੰਘ, ਤੇਜਿੰਦਰ ਪਾਲ ਸਿੰਘ ਬੱਬਲ ਸੋਨਾ ਅਟਵਾਲ, ਜਸਵੰਤ ਸਿੰਘ ਸਰਾਣਾ, ਪਿੰਦੀ ਸੰਧੂ, ਲਾਡਾ ਕਾਹਲੋਂ, ਅਜੈਬ ਸਿੰਘ ਕਲੇਰਾਂ ਇੰਡੀਆ, ਮਦਨ ਗੋਪਾਲ ਕੋਚ ਮੀਰੀ ਪੀਰੀ ਕਲੱਬ ਕਪੂਰਥਲਾ ਆਦਿ ਨੇ ਵਿਸ਼ੇਸ਼ ਤੌਰ ’ਤੇ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਸ਼ਾਮਲ ਹੋਣ ਲਈ ਦੂਰ ਨੇੜਿਓਂ ਸ਼ਮੂ-ਲੀਅਤ ਕੀਤੀ।

## ਜਨਮ ਦਿਨ ਮੁਬਾਰਕ



ਨਾਂਅ: ਨਿੱਤਪ੍ਰੀਤ
ਪਿਤਾ ਦਾ ਨਾਂਅ: ਮਨੋਜ ਸਿੰਘ ਰਾਜੂ
ਮਾਤਾ ਦਾ ਨਾਂਅ: ਸੁਖਵਿੰਦਰ ਕੌਰ
ਪਤਾ: ਆਕਲੈਂਡ

# ਚੋਣ ਸਰਵੇਖਣ ਮੁਤਾਬਕ ਹਿਲੇਰੀ 11 ਫ਼ੀਸਦੀ ਅੰਕਾਂ ਦੇ ਫਰਕ ਨਾਲ ਅੱਗੇ

**ਟਰੰਪ ਨੂੰ ਇੱਕ ਵਾਰ ਫੇਰ ਪਿਆ ਘੇਰਾ**

ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਕਿਨ ਉਮੀਦਵਾਰ ਡੋਨਲਡ ਟਰੰਪ ਦੀ ਪ੍ਰਚਾਰ ਮੁਹਿਮ ਨੂੰ ਸਾਲ 2005 ਦੀ ਇਕ ਅਜਿਹੀ ਵੀਡੀਓ ਸਾਹਮਣੇ ਆਉਣ ਨਾਲ ਵੱਡਾ ਝਟਕਾ ਲੱਗਾ ਹੈ, ਜਿਸ ਵਿੱਚ ਉਹ ਔਰਤਾਂ ਬਾਰੇ ਭੱਦੀਆਂ ਤੇ ਅਸ਼ਲੀਲ ਟਿੱਪਣੀਆਂ ਕਰਦਾ ਦਿਖਾਈ ਦੇ ਰਿਹਾ ਹੈ। ਇਸ ਵੀਡੀਓ ਕਾਰਨ ਟਰੰਪ ਨੂੰ ਲੋਕਾਂ ਕੋਲੋਂ ਮੁਆਫ਼ੀ ਮੰਗਣੀ ਪਈ ਹੈ। ’ਵਾਸ਼ਿੰਗਟਨ ਪੋਸਟ’ ਕੋਲ ਮੌਜੂਦ ਵੀਡੀਓ ਵਿੱਚ ਟਰੰਪ ਰੇਡੀਓ ਤੇ ਟੀਵੀ ਪੇਸ਼ਕਾਰ ਬਿਲੀ ਬੁਸ਼ ਨਾਲ ਗੱਲਬਾਤ ਦੌਰਾਨ ਔਰਤਾਂ ਨੂੰ ਚੁੰਮਣ, ਛੂਹਣ ਅਤੇ ਸਰੀਰਕ ਸਬੰਧ ਬਣਾਉਣ ਬਾਰੇ ਬੇਹੱਦ ਅਸ਼ਲੀਲ ਟਿੱਪਣੀਆਂ ਕਰਦਾ ਦਿਖਾਈ ਦੇ ਰਿਹਾ ਹੈ। ਇਨ੍ਹਾਂ ਟਿੱਪਣੀਆਂ ਉਤੇ ਵਿਵਾਦ ਬਾਅਦ ਟਰੰਪ ਨੇ ਕਿਹਾ, ’ਇਹ ਲਾਕਰ ਰੂਮ ਵਿੱਚ ਕੀਤਾ ਗਿਆ ਮਜ਼ਾਕ ਸੀ। ਇਹ ਇਕ ਨਿੱਜੀ ਗੱਲਬਾਤ ਸੀ, ਜੋ ਕਈ ਵਰ੍ਹੇ ਪਹਿਲਾਂ ਹੋਈ ਸੀ। ਬਿੱਲ ਕਲਿੰਟਨ ਨੇ ਗੋਲਫ ਕੋਰਸ ਵਿੱਚ ਮੇਰੀਆਂ ਇਨ੍ਹਾਂ ਗੱਲਾਂ ਤੋਂ ਵੀ ਕਿਤੇ ਵੱਧ ਭੱਦੀਆਂ ਗੱਲਾਂ ਕਹੀਆਂ ਸਨ।’ ਇਸ ਵੀਡੀਓ ਟੇਪ ਕਾਰਨ ਟਰੰਪ ਨੇ ਮੁਆਫੀ ਮੰਗਦਿਆਂ ਕਿਹਾ, ’ਜੇਕਰ ਇਸ ਨਾਲ ਕਿਸੇ ਦਾ ਅਪਮਾਨ ਹੋਇਆ ਹੈ ਤਾਂ ਮੈਂ ਮੁਆਫ਼ੀ ਮੰਗਦਾ ਹਾਂ।’ ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੇ ਇਨ੍ਹਾਂ ਟਿੱਪਣੀਆਂ ਬਾਰੇ ਕਿਹਾ, ‘ਇਹ ਸ਼ਰਮਨਾਕ ਹੈ। ਅਸੀਂ ਅਜਿਹੇ ਵਿਅਕਤੀ ਨੂੰ ਰਾਸ਼ਟਰਪਤੀ ਨਹੀਂ ਬਣਨ ਦੇ ਸਕਦੇ।’ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕ੍ਰੈਟਿਕ ਉਮੀਦਵਾਰ ਟਿਮ ਕੇਨ ਨੇ ਕਿਹਾ, ’ਇਸ ਤਰ੍ਹਾਂ ਦਾ ਵਿਹਾਰ ਬੇਹੱਦ ਘਿਨਾਉਣਾ ਹੈ।’

ਟਰੰਪ ਨੇ ਆਪਣੀ ਮੁਆਫ਼ੀ ਵਾਲੀ ਟੇਪ ਫੇਸਬੁੱਕ ਪੇਜ ’ਤੇ ਪੋਸਟ ਕੀਤੀ, ਜਿਸ ’ਚ ਉਨ੍ਹਾਂ ਕਿਹਾ, ‘ਮੈਂ ਕਦੇ ਨਹੀਂ ਕਿਹਾ ਕਿ ਮੈਂ ਇਕ ਆਦਰਸ਼ ਇਨਸਾਨ ਹਾਂ।

ਦੇਸ਼ ਦੁਆਬਾ

## ਗੰਭੀਰ ਚਿੰਤਾ ਦਾ ਵਿਸ਼ਾ


# ਕਿਸਾਨਾਂ ਅਤੇ ਦਲਿਤਾਂ ’ਚ ਟਕਰਾਅ

ਜ਼ਿਲ੍ਹਾ ਸੰਗਰੂਰ ਦੇ ਲਹਿਰਾਗਾਗਾ ਹਲਕੇ ਵਿੱਚ ਪੈਂਦੇ ਪਿੰਡ ਜਲੂਰ ਵਿੱਚ ਕਿਸਾਨਾਂ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਦਲਿਤ ਕਾਰਕੁਨਾਂ ਦਰਮਿਆਨ ਬੁੱਧਵਾਰ ਨੂੰ ਹੋਇਆ ਹਿੰਸਕ ਟਕਰਾਅ ਮੰਦਭਾਗਾ ਹੋਣ ਦੇ ਨਾਲ ਨਾਲ ਚਿੰਤਾਜਨਕ ਵੀ ਹੈ। ਇਸ ਟਕਰਾਅ ਦਾ ਪਿਛੋਕੜ ਪਿਛਲੇ ਦੋ ਕੁ ਸਾਲਾਂ ਤੋਂ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਵਿੱਚੋਂ ਦਲਿਤ ਭਾਈਚਾਰੇ ਲਈ ਤੀਜੇ ਹਿੱਸੇ ਦੀ ਰਾਖਵੀਂ ਜ਼ਮੀਨ ਨੂੰ ਠੇਕੇ ’ਤੇ ਦੇਣ ਸਬੰਧੀ ਉੱਠੇ ਵਿਵਾਦ ਨਾਲ ਜੁੜਿਆ ਹੋਇਆ ਹੈ। ਕੁਝ ਪਿੰਡਾਂ ਦਾ ਚੇਤੰਨ ਅਤੇ ਇਕਜੁੱਟ ਹੋਇਆ ਦਲਿਤ ਭਾਈਚਾਰਾ ਆਪਣੇ ਹਿੱਸੇ ਦੀ ਜ਼ਮੀਨ ਆਪਣੀ ਹੈਸੀਅਤ ਮੁਤਾਬਿਕ ਘੱਟ ਰੇਟ ’ਤੇ ਹਾਸਲ ਕਰਕੇ ਸਾਂਝੇ ਰੂਪ ਵਿੱਚ ਖੇਤੀ ਕਰਨਾ ਚਾਹੁੰਦਾ ਹੈ ਪਰ ਪ੍ਰਸ਼ਾਸਨ ਇਹ ਜ਼ਮੀਨ ਖੁੱਲ੍ਹੀ ਬੋਲੀ ਰਾਹੀਂ ਠੇਕੇ ’ਤੇ ਦੇਣ ਲਈ ਬਜ਼ਿੱਦ ਹੈ। ਦੂਜੇ ਪਾਸੇ ਪਿੰਡਾਂ ਦੇ ਜੱਟ-ਜ਼ਿਮੀਂਦਾਰ ਵੀ ਇਹ ਜ਼ਮੀਨ ਆਪਣੇ ਕੋਲੋਂ ਖੁੱਸਣ ਨਹੀਂ ਦੇਣੀ ਚਾਹੁੰਦੇ। ਦਲਿਤ ਭਾਈਚਾਰਾ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਖੁੱਲ੍ਹੀ ਬੋਲੀ ਰਾਹੀਂ ਇਹ ਜ਼ਮੀਨ ਠੇਕੇ ’ਤੇ ਲੈਣ ਦੇ ਸਮਰੱਥ ਨਹੀਂ ਹੈ। ਸੱਚਾਈ ਇਹ ਵੀ ਹੈ ਕਿ ਪ੍ਰਸ਼ਾਸਨ ਅਤੇ ਜੱਟ-ਜ਼ਿਮੀਂਦਾਰ ਮਿਲੀ-ਭੁਗਤ ਨਾਲ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦੀ ਬੋਲੀ ਆਪਣੇ ਕਿਸੇ ਭਰੋਸੇਮੰਦ ਦਲਿਤ ਦੇ ਨਾਂ ’ਤੇ ਦੇ ਕੇ ਜ਼ਮੀਨ ਆਪਣੇ ਅਧਿਕਾਰ ਹੇਠ ਰੱਖ ਰਹੇ ਹਨ। ਇਸ ਵਰਤਾਰੇ ਨਾਲ ਇਸ ਜ਼ਮੀਨ ਦਾ ਅਸਲੀ ਹੱਕਦਾਰ ਦਲਿਤ ਭਾਈਚਾਰਾ ਆਪਣੇ ਹੱਕ ਤੋਂ ਵਿਰਵਾ ਰਹਿ ਰਿਹਾ ਹੈ।

ਦਲਿਤ ਭਾਈਚਾਰੇ ਲਈ ਰਾਖਵੀਂ ਜ਼ਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਠੇਕੇ ’ਤੇ ਦਿੱਤੇ ਜਾਣ ਦਾ ਵਿਵਾਦ ਜਲੂਰ ਪਿੰਡ ਸਮੇਤ ਸੰਗਰੂਰ ਜ਼ਿਲ੍ਹੇ ਦੇ ਲਗਪਗ 42 ਪਿੰਡਾਂ ਤਕ ਫੈਲ ਚੁੱਕਿਆ ਹੈ। ਪਿਛਲੇ ਸਾਲ ਵੀ ਇਸ ਮੁੱਦੇ ਨੂੰ ਲੈ ਕੇ ਕਈ ਪਿੰਡਾਂ ਵਿੱਚ ਸਥਿਤੀ ਕਾਫ਼ੀ ਤਣਾਅਪੂਰਨ ਬਣੀ ਰਹੀ ਸੀ। ਮਾਮਲਾ ਮੁੱਖ ਮੰਤਰੀ ਤਕ ਪਹੁੰਚਣ ਦੇ ਬਾਵਜੂਦ ਸਰਕਾਰ ਨੇ ਇਸ ਸੰਵੇਦਨਸ਼ੀਲ ਮੁੱਦੇ ਨੂੰ ਹੱਲ ਕਰਨ ਸਬੰਧੀ ਕੋਈ ਸੰਜੀਦਗੀ ਨਹੀਂ ਦਿਖਾਈ। ਸਿੱਟੇ ਵਜੋਂ ਇਹ ਮੁੱਦਾ ਜਿੱਥੇ ਸੂਬੇ ਦੇ ਦੋ ਮੁੱਖ ਭਾਈਚਾਰਿਆਂ- ਜੱਟਾਂ ਅਤੇ ਦਲਿਤਾਂ ਦਰਮਿਆਨ ਟਕਰਾਅ ਵੱਲ ਵਧਦਾ ਜਾ ਰਿਹਾ ਹੈ, ਉੱਥੇ ਇਸ ਨਾਲ ਸੂਬੇ ਦੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਜ਼ਰਬ ਆਉਣ ਦੀਆਂ ਸੰਭਾਵਨਾਵਾਂ ਵੀ ਵਧ ਰਹੀਆਂ ਹਨ। ਇਸ ਵਿਵਾਦ ਦੇ ਚੱਲਦਿਆਂ ਕਈ ਪਿੰਡਾਂ ਵਿੱਚ ਜ਼ਿਮੀਂਦਾਰਾਂ ਵੱਲੋਂ ਦਲਿਤਾਂ ਦੇ ਸਮਾਜਿਕ ਬਾਈਕਾਟ ਕੀਤੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਦਲਿਤ ਭਾਈਚਾਰੇ ਵਿੱਚ ਵਧ ਰਹੀ ਚੇਤੰਨਤਾ ਉਨ੍ਹਾਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਲੈਣ ਲਈ ਪ੍ਰੇਰਿਤ ਕਰ ਰਹੀ ਹੈ। ਜੱਟ ਮਾਨਸਿਕਤਾ ਦਲਿਤ ਭਾਈਚਾਰੇ ਵਿੱਚ ਆ ਰਹੀ ਇਸ ਤਬਦੀਲੀ ਨੂੰ ਸਮਝਣ ਤੋਂ ਇਨਕਾਰੀ ਹੈ ਅਤੇ ਪ੍ਰਸ਼ਾਸਨ ਦੀ ਮਦਦ ਨਾਲ ਰਵਾਇਤੀ ਵਰਤਾਰਾ ਜਿਉਂ ਦੀ ਤਿਉਂ ਬਣਾਈ ਰੱਖਣ ਦੀ ਕੋਸ਼ਿਸ਼ ਵਿੱਚ ਹੈ। ਇਸ ਸਥਿਤੀ ਵਿੱਚ ਦੋਵੇਂ ਭਾਈਚਾਰਿਆਂ ਦਰਮਿਆਨ ਕੁੜੱਤਣ ਦੇ ਪੁੰਗਰ ਰਹੇ ਬੀਜ ਚਿੰਤਾ ਅਤੇ ਚਿੰਤਨ ਕਰਨ ਵਾਲੇ ਹਨ। ਮਾਮਲਾ ਕੇਵਲ ਦਲਿਤ ਭਾਈਚਾਰੇ ਦੇ ਹਿੱਸੇ ਦੀ ਰਾਖਵੀਂ ਜ਼ਮੀਨ ਦੇ ਹੱਕ ਦਾ ਹੀ ਨਹੀਂ ਬਲਕਿ ਬੇਘਰੇ ਦਲਿਤਾਂ ਨੂੰ ਪੰਜ ਮਰਲੇ ਦੇ ਪਲਾਟ ਦੇਣ, ਮਗਨਰੇਗਾ ਤਹਿਤ 100 ਦਿਨਾਂ ਦੇ ਰੁਜ਼ਗਾਰ ਦੀ ਗਾਰੰਟੀ ਦੇਣ, ਸਰਕਾਰੀ ਗੈਰ-ਸਰਕਾਰੀ ਮਹਿਕਮਿਆਂ ਤੇ ਸੰਸਥਾਵਾਂ ਦੀਆਂ ਨੌਕਰੀਆਂ ਵਿੱਚ 33 ਫ਼ੀਸਦੀ ਰਾਖਵਾਂਕਰਨ ਲਾਗੂ ਕਰਵਾਉਣ ਦੇ ਨਾਲ ਨਾਲ ਦਲਿਤਾਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਦਾ ਲਾਭ ਸਹੀ ਮਾਅਨਿਆਂ ਤਕ ਲੋੜਵੰਦ ਦਲਿਤਾਂ ਤਕ ਪਹੁੰਚਣਾ ਯਕੀਨੀ ਬਣਾਏ ਜਾਣ ਦਾ ਵੀ ਹੈ। ਮੌਜੂਦਾ ਸਥਿਤੀ ਵਿੱਚ ਦਲਿਤ ਅਤੇ ਜੱਟ ਭਾਈਚਾਰਿਆਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਦੀ ਨਿਘਰ ਰਹੀ ਆਰਥਿਕਤਾ, ਵਧ ਰਹੀ ਮਹਿੰਗਾਈ, ਘੱਟ ਰਹੇ ਰੁਜ਼ਗਾਰ ਅਤੇ ਲਗਾਤਾਰ ਵਧ ਰਹੇ ਸੋਸ਼ਣ ਲਈ ਮੌਜੂਦਾ ਤੰਤਰ ਜ਼ਿੰਮੇਵਾਰ ਹੈ। ਲੋੜ ਤਾਂ ਦਲਿਤਾਂ ਅਤੇ ਜੱਟਾਂ ਸਮੇਤ ਸਾਰੇ ਸੋਸ਼ਿਤ ਵਰਗਾਂ ਨੂੰ ਇਸ ਵਰਤਾਰੇ ਵਿਰੁੱਧ ਇਕਜੁੱਟ ਹੋਣ ਦੀ ਹੈ, ਪਰ ਦੂਰ ਦ੍ਰਿਸ਼ਟੀ ਦੀ ਘਾਟ ਕਾਰਨ ਇਹ ਆਪਸੀ ਟਕਰਾਅ ਦੇ ਰਾਹ ਪੈ ਰਹੇ ਹਨ ਜੋ ਕਿ ਇਨ੍ਹਾਂ ਲਈ ਨੁਕਸਨਦੇਹ ਸਾਬਤ ਹੋ ਸਕਦਾ ਹੈ। ਪਿੰਡਾਂ ਦੇ ਜੱਟ ਅਤੇ ਦਲਿਤ ਭਾਈਚਾਰਿਆਂ ਨੂੰ ਸਦੀਆਂ ਪੁਰਾਣੀ ਸਾਂਝ ਨੂੰ ਹੋਰ ਪਕੇਰਾ ਕਰਕੇ ਆਪਣੀਆਂ ਨਿਘਰ ਰਹੀਆਂ ਆਰਥਿਕ ਹਾਲਤਾਂ ਲਈ ਜ਼ਿੰਮੇਵਾਰ ਤਾਕਤਾਂ ਵਿਰੁੱਧ ਸੰਘਰਸ਼ ਕਰਨ ਦੀ ਜ਼ਰੂਰਤ ਹੈ ਨਾ ਕਿ ਆਪਸ ਵਿੱਚ ਲੜਨ ਦੀ। ਸਰਕਾਰ ਨੂੰ ਵੀ ਸੂਬੇ ਦੇ ਵੱਖ ਵੱਖ ਵਰਗਾਂ ਦਰਮਿਆਨ ਕੁੜੱਤਣ ਪੈਦਾ ਕਰਨ ਵਾਲੇ ਕਾਰਨਾਂ ਅਤੇ ਤੱਤਾਂ ਦੀ ਨਜ਼ਰਸਾਨੀ ਕਰਕੇ ਦਰਪੇਸ਼ ਸਮੱਸਿਆਵਾਂ ਦਾ ਢੁਕਵਾਂ ਹੱਲ ਕਰਨ ਦੀ ਜ਼ਰੂਰਤ ਹੈ।

**(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



## ਪੁਣਛਾਣ

### ਸਿਆਸਤ ਦੀ ਪੁਣਛਾਣ

# ਗਰੀਬ ਦੀ ਨੂੰਹ, ਹਰ ਇਕ ਦੀ ਭਰਜਾਈ ਵਾਂਗ

## ਬਹੁਜਨ ਸਮਾਜ ਪਾਰਟੀ ’ਤੇ ਹੀ ਵਿਕਣ ਦੇ ਇਲਜ਼ਾਮ ਕਿਉਂ?



ਪੰਮੀ ਲਾਲੋ ਮਜਾਰਾ
91-95011-43755

ਜਦ ਵੀ ਪੰਜਾਬ ਵਿਚ ਚੋਣਾਂ ਆਉਂਦੀਆਂ ਹਨ (ਚੋਣ ਕਿਸੇ ਵੀ ਪ੍ਰਕਾਰ ਦੀ ਹੋਵੇ) ਤਾਂ ਬਾਕੀ ਦੀਆਂ ਸਭ ਪਾਰਟੀਆਂ ਤਾਂ ਕੀ ਰਾਤ ਦਾ ਜੰਮਿਆ ਮਨੂੰਵਾਦੀ ਵੀ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੰਦਾ ਹੈ ਕਿ ਬਸਪਾ ਵਿੱਕਦੀ ਹੈ ਤੇ ਜਾਂ ਇਸ ਦੇ ਨੇਤਾ ਵਿਕ ਜਾਂਦੇ ਹਨ। ਅਸਲ ਵਿਚ ਜੇ ਪੰਜਾਬ ਵਿਚ ਬਸਪਾ ਕੋਈ ਵੀ ਚੋਣ ਲੜਦੀ ਹੈ ਤਾਂ ਕਾਂਗਰਸ ਦੀ ਇਹ ਮਾਨਸਿਕਤਾ ਹੈ ਕਿ ਬਸਪਾ ਅਕਾਲੀਆਂ ਨੂੰ ਫਾਇਦਾ ਪਹੁੰਚਣ ਲਈ ਚੋਣ ਲੜਦੀ ਹੈ। ਜੇ ਬਸਪਾ ਚੋਣ ਨਾ ਲੜੇ ਤਾਂ ਅਕਾਲੀ ਦਲ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੰਦਾ ਹੈ ਕਿ ਬਸਪਾ ਕਿਤੇ ਨਾ ਕਿਤੇ ਅੰਦਰਖਾਤੇ ਕਾਂਗਰਸ ਨਾਲ ਮਿਲੀ ਹੋਈ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕੀ ਪੰਜਾਬ ਵਿਚ ਇਕ ਵਰਗ ਵਿਸ਼ੇਸ ਜਾਂ ਸਰਮਾਏਦਾਰਾਂ ਦੀ ਲੜਾਈ ਲੜਨ ਦਾ ਠੇਕਾ ਕੇਵਲ ਤੇ ਕੇਵਲ ਅਕਾਲੀ ਦਲ ਤੇ ਜਾਂ ਕਾਂਗਰਸ ਨੇ ਹੀ ਲਿਆ ਹੋਇਆ ਹੈ? ਅਗਰ ਇਹਨਾਂ ਦੋਹਾਂ ਪਾਰਟੀਆਂ ਤੋਂ ਇਲਾਵਾ ਪੰਜਾਬ ’ਚ ਕੋਈ ਹੋਰ ਧਿਰ ਇਲੈਕਸ਼ਨ ਹੀ ਨਾ ਲੜੇ ਤੇ ਫਿਰ ਕਰੋੜਾਂ ਦਲਿਤਾਂ ਤੇ ਮਜ਼ਦੂਰਾਂ ਦੀ ਲੜਾਈ ਬਸਪਾ ਤੋਂ ਇਲਾਵਾ ਕੌਣ ਲੜੂ। ਵਿਕਣ-ਵਿਕਾਉਣ ਦੇ ਇਲਜ਼ਾਮ ਬਸਪਾ ’ਤੇ ਹੀ ਕਿਉ? ਘੁੰਮ ਘੁੰਮਾ ਕੇ ਗੱਲ ਉਹੀ ਆਉਂਦੀ ਹੈ ਕਿ ਜੇ ਕਿਸੇ ਤਕੜੇ ਦੀ ਧੀ ਨਿਕਲ ਜਾਵੇ ਤਾਂ ਕਹਿ ਦਿੰਦੇ ਹਨ ਕਿ ਚੰਡੀਗੜ੍ਹ ਸ਼ੌਪਿੰਗ ਕਰਨ ਗਈ ਹੋਈ ਹੈ ਤੇ ਜੇ ਗਰੀਬ ਦੀ ਧੀ ਨਾਨਕੀਂ ਵੀ ਰਹਿਣ ਚਲੀ ਜਾਵੇ ਤਾਂ ਉਲਟ ਪ੍ਰਚਾਰ ਕੀਤਾ ਜਾਂਦਾ ਹੈ। ਕੈਪਟਨ ਤੇ ਬਾਦਲ ਜੋ ਮਰਜ਼ੀ ਕਰਨ ਉਹ ਸਭ ਕੁਝ ਮੁਆਫ ਹੈ, ਪਰ ਜੇ ਬਸਪਾ ਦੱਬੇ-ਕੁਚਲੇ ਲੋਕਾਂ ਦੇ ਸਵੈਮਾਣ ਦੀ ਲੜਾਈ ਲੜਦੀ ਹੈ ਤਾਂ ਉਹ ਗਲਤ ਹੈ। ਜੇ ਬਸਪਾ ਵਿਕਾਊ ਪਾਰਟੀ ਹੈ ਤਾਂ ਕਾਂਗਰਸ ਤੇ ਅਕਾਲੀ ਦਲ ਵਾਲੇ ਜਨਤਾ ਨੂੰ ਸਬੂਤ ਕਿਉਂ ਨਹੀਂ ਦਿੰਦੇ। ਜੇ ਬਸਪਾ ਦਾ ਆਚਰਣ ਠੀਕ ਨਹੀਂ ਹੈ ਤੇ ਫਿਰ ਅੱਜ ਦੀ ਤਾਰੀਖ ਵਿਚ ਵੀ ਕੈਪਟਨ ਤੇ ਬਾਦਲ, ਬਸਪਾ ਨਾਲ ਗੱਠਜੋੜ ਕਰਨ ਲਈ ਉਤਾਵਲੇ ਕਿਉਂ ਹਨ। ਇਹ ਇਲਜ਼ਾਮ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਿਉਂਦੇ ਜੀਅ ਵੀ ਲਾਉਂਦੇ ਰਹੇ ਹਨ। ਫਿਰ ਹੁਣ ਉਹੀ ਇਲਜ਼ਾਮ ਲਾਉਣ ਵਾਲੀਆਂ ਪਾਰਟੀਆਂ ਕਿਹੜੇ ਮੂੰਹ ਨਾਲ ਸਾਹਿਬ ਕਾਂਸੀ ਰਾਮ ਜੀ ਦਾ ਪ੍ਰੀ-ਨਿਰਵਾਣ ਦਿਵਸ ਤੇ ਜਾਂ ਜਨਮ ਦਿਨ ਮਨਾਉਂਦੀਆਂ ਹਨ। ਜੇ ਉਸ ਸਖਸ਼ ਨੇ ਵਿਕਣਾ ਹੁੰਦਾ ਤਾਂ ਜਦ ਦੇਵਗੌੜਾ, ਚੰਦਰ ਸ਼ੇਖਰ, ਵੀ. ਪੀ. ਸਿੰਘ ਵਰਗੇ ਚੰਦ ਸੀਟਾਂ ਦੇ ਆਸਰੇ ਦੂਸਰੀਆਂ ਮਨੂੰਵਾਦੀ ਪਾਰਟੀਆਂ ਦੇ ਸਹਾਰੇ ਇਸ ਮੁਲਕ ਦੇ ਪ੍ਰਧਾਨ ਮੰਤਰੀ ਬਣ ਗਏ ਤਾਂ ਕੀ ਉਹ ਸਖਸ਼ ਲਾਲਚ ਵੱਸ ਇਸ ਮੁਲਕ ਦਾ ਪ੍ਰਧਾਨ ਮੰਤਰੀ ਨਹੀਂ ਸੀ ਬਣ ਸਕਦਾ। ਜਦ ਭਾਜਪਾ ਦੀ ਤਿੱਕੜੀ ਨੇ ਆਪ ਸਾਹਿਬ ਨੂੰ ਜਾ ਕੇ ਸਰਬਸੰਮਤੀ ਨਾਲ ਭਾਰਤ ਦਾ ਰਾਸ਼ਟਰਪਤੀ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ ਤਾਂ ਉਸ ਸਖਸ਼ ਨੇ ਤਾਂ ਰਾਸ਼ਟਰਪਤੀ ਵਰਗੇ ਮਹੱਤਵਪੂਰਨ ਅਹੁਦੇ ਨੂੰ ਵੀ ਠੋਕਰ ਮਾਰ ਦਿੱਤੀ ਸੀ। ਇਹ ਸਾਰੇ ਗੁਣ ਸਿਰਫ ਉਸ ਸਖਸ਼ ਵਿਚ ਹੀ ਸਨ। ਕਿਸੇ ਹੋਰ ਪਾਰਟੀ ਵਿਚ ਐਸਾ ਸੂਰਮਾ ਨਾ ਹੁਣ ਤੱਕ ਜੰਮਿਆ ਤੇ ਨਾ ਹੀ ਜੰਮਣਾ ਹੈ। ਜੇ ਬਸਪਾ ਵਿਕਾਊ ਹੁੰਦੀ ਤਾਂ ਨੈਸ਼ਨਲ ਪੱਧਰ ਦੀ ਪਾਰਟੀ ਕਿਵੇਂ ਬਣ ਗਈ। ਆਪਣੇ ਆਧਾਰ ਨੂੰ ਮਜ਼ਬੂਤ ਕਰਨ ਲਈ ਜੇ ਬਸਪਾ ਇਕੱਲਿਆਂ ਚੋਣਾਂ ਲੜਨ ਦਾ ਫੈਸਲਾ ਲੈਂਦੀ ਹੈ ਤਾਂ ਇਹਦੇ ਵਿਚ ਗਲਤ ਵੀ ਕੀ ਹੈ। ਜੇ ਬਸਪਾ ਦੀਆਂ ਸਿਆਸੀ ਇਛਾਵਾਂ ਐਨੀਆਂ ਜ਼ਿਆਦਾ ਹੋਣ ਤਾਂ ਉਹ ਬਿਹਾਰ, ਦਿੱਲੀ ਤੇ ਜੰਮੂ-ਕਸ਼ਮੀਰ ਵਿਚ ਕਿਸੇ ਵੀ ਪਾਰਟੀ ਨਾਲ ਗੱਠਜੋੜ ਕਰਕੇ ਸੱਤਾ ਵਿਚ ਭਾਈਵਾਲ ਬਣ ਹੀ ਸਕਦੀ ਸੀ। ਪਰ ਮਨੂੰਵਾਦੀ ਮਾਨਸਿਕਤਾ ਨਾਲ ਗੜੁੱਚ ਪਾਰਟੀਆਂ ਸ਼ਾਇਦ ਇਹ ਭੁੱਲ ਜਾਂਦੀਆਂ ਹਨ ਕਿ ਬਸਪਾ ਇਕੱਲੀ ਇਕ ਰਾਜਨੀਤਿਕ ਪਾਰਟੀ ਹੀ ਨਹੀਂ, ਬਸਪਾ ਇਕ ਜਨ-ਅੰਦੋਲਨ ਤੇ ਰਹਿਬਰਾਂ ਦੇ ਮਿਸ਼ਨ ਨੂੰ ਫੈਲਾਉਣ ਵਾਲੀ ਇਕ ਲਹਿਰ ਵੀ ਹੈ। ਗੱਲ ਕਰਦੇ ਹਾਂ ਫਿਰ ਪੰਜਾਬ ਦੀ। ਜੇ ਬਸਪਾ ਵਿਕਾਊ ਹੁੰਦੀ ਤਾਂ 1992 ਵਿਚ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਬਸਪਾ ਨੇ ਕਿਵੇਂ ਹਾਸਲ ਕਰ ਲਈ ਸੀ। ਜੇ ਕੋਈ ਸਿਆਣਾ ਇਹ ਆਖੇ ਕਿ 1992 ਵਿਚ ਅਕਾਲੀਆਂ ਨੇ ਬਾਈਕਾਟ ਕੀਤਾ ਹੋਇਆ ਸੀ ਤਾਂ ਬਸਪਾ ਵਿਰੋਧੀ ਧਿਰ ਲਈ ਚੁਣੀ ਗਈ ਸੀ। ਫਿਰ ਕੀ ਕੋਈ ਇਹ ਦੱਸ ਸਕਦਾ ਹੈ ਕਿ ਬਾਈਕਾਟ ਕਰਕੇ ਕਾਂਗਰਸ ਨੂੰ ਸੱਤਾ ਵਿਚ ਲਿਆਉਣ ਲਈ ਅਕਾਲੀਆਂ ਨੇ ਕੇਂਦਰ ਸਰਕਾਰ ਕੋਲੋਂ ਕੀ-ਕੀ ਹਾਸਲ ਕੀਤਾ ਸੀ। ਜੇ ਬਸਪਾ ਦੇ ਚੋਣਾਂ ਲੜਨ ਨਾਲ ਅਕਾਲੀਆਂ ਨੂੰ ਫਾਇਦਾ ਹੁੰਦਾ ਹੋਵੇ ਤਾਂ 2002 ਦੀਆਂ ਚੋਣਾਂ ਵਿਚ ਕਾਂਗਰਸ ਸਪੱਸ਼ਟ ਬਹੁਮਤ ਕਰਕੇ ਪੰਜਾਬ ’ਚ ਸਰਕਾਰ ਬਣਾਉਣ ਵਿਚ ਕਿਵੇਂ ਕਾਮਯਾਬ ਹੋ ਗਈ ਸੀ, ਜਦਕਿ ਸਾਹਿਬ ਕਾਂਸੀ ਰਾਮ ਖੁਦ 13 ਮਹੀਨੇ ਪੰਜਾਬ ਵਿਚ ਡੇਰਾ ਲਾ ਕੇ ਬੈਠੇ ਰਹੇ ਸੀ। ਜੇ ਹੁਣ ਵੀ ਕੋਈ ਇਹ ਇਲਜ਼ਾਮ ਲਾਉਂਦਾ ਹੈ ਤਾਂ ਫਿਰ ਖੁਦ ਅਵਤਾਰ ਸਿੰਘ ’ਕਰੀਮਪੁਰੀ’ ਨੂੰ ਫਿਲੌਰ ਤੋਂ ਵਿਧਾਨ ਸਭਾ ਚੋਣ ਬਲਦੇਵ ਖਹਿਰੇ ਦੇ ਖਿਲਾਫ ਲੜਨ ਦੀ ਕੀ ਜ਼ਰੂਰਤ ਸੀ, ਜਦਕਿ ਬਲਦੇਵ ਖਹਿਰਾ ਤਾਂ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਖਾਸ-ਮ-ਖਾਸ ਹੈ। ਜੇ ਬਸਪਾ ਦਾ ਮੰਤਵ ਅਕਾਲੀਆਂ ਨੂੰ ਫਾਇਦਾ ਪਹੁੰਚਾਉਣਾ ਹੀ ਹੋਵੇ ਤਾਂ ਉਹ ਅਕਾਲੀਆਂ ਨਾਲ ਗੱਠਜੋੜ ਕਰਕੇ ਅਕਾਲੀਆਂ ਨੂੰ ਵੀ ਸੱਤਾ ਵਿਚ ਲਿਆ ਸਕਦੀ ਹੈ ਤੇ ਖੁਦ ਵੀ ਸੱਤਾ ’ਚ ਆ ਸਕਦੀ ਹੈ।

ਜੇ ਬਸਪਾ ਦੀ ਅੰਦਰਖਾਤੇ ਅਕਾਲੀ ਸਰਕਾਰ ਨਾਲ ਸਾਂਠ-ਗਾਂਠ ਹੁੰਦੀ ਤਾਂ ਜਿਹੜੇ ਚਿੱਟਾ ਵੇਚਣ ਦੇ ਇਲਜ਼ਾਮ ਅਕਾਲੀ ਸਰਕਾਰ ’ਤੇ ਲੱਗਦੇ ਰਹੇ ਹਨ, ਫਿਰ ਤਾਂ ਉਹ ਹੁਣ ਨੂੰ ਕਰੀਮਪੁਰੀ ’ਤੇ ਵੀ ਲੱਗ ਜਾਣੇ ਚਾਹੀਦੇ ਸੀ, ਕਿਉਂਕਿ ਜਿਹਦੀ ਸਰਕਾਰ ਨਾਲ ਆੜੀ ਹੋਵੇ ਤਾਂ ਉਹ ਸਖਸ਼ ਤਾਂ ਬਹੁਤ ਕੁਝ ਜਾਇਜ਼-ਨਜਾਇਜ਼ ਕਰ ਸਕਦਾ ਹੈ। ਜੇ ਕਰੀਮਪੁਰੀ ਦੀ ਸਰਕਾਰ ਨਾਲ ਸਾਂਝ ਹੁੰਦੀ ਤਾਂ ਉਹ ਅਬੋਹਰ, ਮਾਛੀਵਾੜੇ, ਮੋਗੇ ਤੇ ਅੰਮ੍ਰਿਤਸਰ ਵਿਚ ਦਲਿਤਾਂ ਦੇ ਮੁੱਦੇ ਵੱਡੀ ਪੱਧਰ ਤੱਕ ਨਾ ਉਠਾਉਂਦਾ। ਇਹ ਸਭ ਇਲਜ਼ਾਮ ਹਨ, ਇਹਨਾਂ ਵਿਚ ਰੱਤੀ ਭਰ ਵੀ ਸਚਾਈ ਨਹੀਂ ਹੈ। ਹੁਣ ਜਦ ਡਾ. ਨਵਜੋਤ ਕੌਰ ਸਿੱਧੂ ਤੇ ਨਵਜੋਤ ਸਿੱਧੂ ਨੇ ਭਾਜਪਾ ਛੱਡੀ ਤਾਂ ਕਿਸੇ ਵੀ ਭਾਜਪਾਈ ਨੇ ਇਹ ਇਲਜ਼ਾਮ ਨਹੀਂ ਲਾਇਆ ਕਿ ਸਿੱਧੂ ਜੋੜਾ ਕਾਂਗਰਸ ਕੋਲ ਵਿਕ ਗਿਆ ਹੈ। ਜਦ ਜਗਮੀਤ ਬਰਾੜ ਨੇ ਕਾਂਗਰਸ ਛੱਡੀ ਤਾਂ ਕਿਸੇ ਵੀ ਕਾਂਗਰਸੀ ਨੇ ਇਹ ਨਹੀਂ ਕਿਹਾ ਕਿ ਉਹ ਆਪ ਕੋਲ ਵਿੱਕ ਗਿਆ ਹੈ।

ਹੋਰ ਤਾਂ ਹੋਰ ਜਦ ਪੰਜਾਬ ਆਪ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਪਾਰਟੀ ਛੱਡੀ ਤਾਂ ਕਿਸੇ ਵੀ ਆਪ ਦੇ ਨੇਤਾ ਨੇ ਇਹ ਇਲਜ਼ਾਮ ਨਹੀਂ ਲਾਇਆ ਕਿ ਸੁੱਚਾ ਸਿੰਘ ਕਾਂਗਰਸ ਕੋਲ ਤੇ ਜਾਂ ਅਕਾਲੀਆਂ ਕੋਲ ਅੰਦਰਖਾਤੇ ਵਿੱਕ ਗਿਆ ਹੈ। ਫਿਰ ਇਸ ਤਰ੍ਹਾਂ ਦੇ ਇਲਜ਼ਾਮ ਬਸਪਾ ਨੂੰ ਹੀ ਕਿਉਂ? ਸੱਚਾਈ ਤਾਂ ਇਹ ਹੈ ਕਿ ਸਾਹਿਬ ਸ੍ਰੀ ਕਾਂਸੀ ਰਾਮ ਨੇ ਜਿਸ ‘ਸੱਤਾ ਦੀ ਚਾਬੀ’ ਹਾਸਲ ਕਰਨ ਦੀ ਦਲੀਲ ਬਹੁਜਨ ਸਮਾਜ ਨੂੰ ਸਮਝਾਈ ਸੀ, ਜੋ ਪਹਿਲਾਂ ਹੀ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ 20ਵੀਂ ਸਦੀ ਦੇ ਦੂਜੇ ਤੋਂ ਪੰਜਵੇਂ ਦਹਾਕੇ ਤੱਕ ਬਹੁਤ ਪਹਿਲਾਂ ਸਮਝਾ ਗਏ, ਨੂੰ ਹੁਣ ਸੱਤਾ ਦੀ ਚਾਬੀ ਨੂੰ ਹਾਸਲ ਕਰਨ ਲਈ ਬਹੁਜਨ ਸਮਾਜ ਅੰਗੜਾਈਆਂ ਮਾਰ ਰਿਹਾ ਹੈ, ਵੱਸ ਸਭ ਮਨੂੰਵਾਦੀ ਪਾਰਟੀਆਂ ਨੂੰ ਇਹੀ ਡਰ ਸਤਾ ਰਿਹਾ ਹੈ, ਹੋਰ ਕੁਝ ਵੀ ਨਹੀਂ। ਬੱਸ ਇਸ ਸਾਰੀ ਸੱਚਾਈ ਨੂੰ ਬਹੁਜਨ ਸਮਾਜ ਵੀ ਸਮਝ ਰਿਹਾ ਹੈ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)




**(ਚੌਥੀ ਕਿਸਤ)**

ਅਰਬਾਂ ਸਾਲ ਪਹਿਲਾ ਆਪਣੇ ਜੀਵਨ ਦਾ ਇਕ ਚੱਕਰ ਪੂਰਾ ਕਰਦਾ ਹੋਇਆ ਬਹੁਤ ਸਾਰਾ ਮਾਦਾ ਬ੍ਰਹਿਮੰਡ ਵਿਚ ਇਕੱਤਰ ਹੋ ਗਿਆ ਸੀ। ਇਸ ਮਾਦੇ ਦੀਆਂ ਅੰਦਰੂਨੀ ਕ੍ਰਿਆਵਾਂ ਕਰਕੇ ਅੱਜ ਤੋਂ ਪੰਦਰਾਂ ਅਰਬ ਵਰਖ਼ੇ ਪਹਿਲਾ ਵੱਡੇ ਧਮਾਕੇ ਹੋਣੇ ਸ਼ੁਰੂ ਹੋ ਗਏ ਸਨ। ਜਿਸਦੇ ਸਿੱਟੇ ਵਜੋਂ ਸਾਡੇ ਬ੍ਰਹਿਮੰਡ ਦੇ ਮੌਜੂਦਾ ਰੂਪ ਦੀ ਸ਼ੁਰੂਆਤ ਹੋਣੀ ਸ਼ੁਰੂ ਹੋ ਗਈ। ਜਿਸ ਮਾਦੇ ਵਿਚ ਇਹ ਧਮਾਕਾ ਹੋਇਆ ਸੀ ਉਸਦੇ ਆਕਾਰ ਤੇ ਰੂਪ ਬਾਰੇ ਵਿਗਿਆਨਕਾਂ ਨੂੰ ਪੂਰੀ ਜਾਣਕਾਰੀ ਨਹੀਂ ਹੈ। ਇਹ ਧਮਾਕੇ ਬੰਬਾਂ ਨਾਲ ਹੋਣ ਵਾਲੇ ਧਮਾਕਿਆਂ ਨਾਲੋਂ ਵੱਖਰੀ ਕਿਸਮ ਦੇ ਸਨ। ਇਸ ਵਿਸਫੋਟ ਵਿਚ ਕੇਂਦਰ ਦੇ ਨੇੜੇ ਵਾਲਾ ਮਾਦਾ ਕੇਂਦਰ ਤੋਂ ਦੂਰ ਵਾਲੇ ਮਾਦੇ ਨਾਲੋਂ ਵੱਧ ਵੇਗ ਤੇ ਵੱਧ ਬਲ ਨਾਲ ਸੁੱਟਿਆ ਗਿਆ ਸੀ। ਇਸ ਧਮਾਕੇ ਨਾਲ ਵੱਡੀ ਮਾਤਰਾ ਵਿੱਚ ਊਰਜਾ ਕਣ ਪੈਦਾ ਹੋਏ। ਇਹਨਾਂ ਊਰਜਾ ਕਣਾਂ ਤੋਂ ਵੱਡੇ ਵੱਡੇ ਪਦਾਰਥਕ ਕਣ ਪੈਦਾ ਹੋ ਗਏ। ਇਹਨਾਂ ਪਦਾਰਥਕ ਕਣਾਂ ਨੂੰ ਐਕਸ ਬੋਸੋਨ ਕਿਹਾ ਜਾਂਦਾ ਹੈ। ਐਕਸ ਬੋਸੋਨਾ ਨੇ ਪ੍ਰੋਟੋਨ, ਇਲੈਕਟਰਾਨ ਤੇ ਪਾਜੀਟਰਾਨ ਵਰਗੇ ਬਰੀਕ ਕਣਾਂ ਦੀ ਪੈਦਾਇਸ਼ ਕੀਤੀ। ਇਸ ਤੋਂ ਪਹਿਲਾਂ ਕੋਈ ਸਮਾਂ ਨਹੀਂ ਸੀ ਇਸ ਲਈ ਅਸੀਂ ਸਮੇਂ ਦੀ ਪੈਦਾਇਸ਼ ਵੀ ਇਸ ਧਮਾਕੇ ਤੋਂ ਹੀ ਮਿੱਥਦੇ ਹਾਂ।

ਇਸ ਵੱਡੇ ਧਮਾਕੇ ਨੂੰ ਵਿਗਿਆਨਕ ਸ਼ਬਦਾਵਲੀ ਵਿਚ ਬਿੱਗ ਬੈਂਗ (2ਜਪ ਲ਼ਅਪ) ਦਾ ਨਾਂ ਦਿੱਤਾ ਗਿਆ ਹੈ। ਇਸ ਵੱਡੇ ਧਮਾਕੇ ਦਾ ਆਧਾਰ ਵਿਗਿਆਨਕ ਹੱਬਲ ਦਾ ਉਹ ਨਿਯਮ ਹੈ ਜਿਸ ਅਨੁਸਾਰ ਹਰ ਗਲੈਕਸੀ ਜਾਂ ਤਾਰਾ ਸਮੂਹ ਦੂਸਰੀ ਗਲੈਕਸੀ ਤੋਂ ਉਸ ਦਰ ਨਾਲ ਦੂਰ ਹੋ ਰਿਹਾ ਹੈ ਜਿਹੜੀ ਉਹਨਾਂ ਵਿਚਕਾਰਲੀ ਵਿੱਥ ਨਾਲ ਸਿੱਧਾ ਸਬੰਧ ਰੱਖਦੀ ਹੈ। ਇਸਦਾ ਮਤਲਬ ਹੈ ਕਿ ਗਲੈਕਸੀਆਂ ਵਿਚਕਾਰ ਜਿੰਨੀ ਦੂਰੀ ਵੱਧ ਹੋਵੇਗੀ ਉਨੀ ਹੀ ਵੱਧ ਰਫਤਾਰ ਨਾਲ ਉਹ ਇਕ ਦੂਜੀ ਤੋਂ ਪਰਾ ਹਟਣਗੀਆਂ।

ਹੱਬਲ ਅਨੁਸਾਰ ਜੇ ਡਬਲ ਰੋਟੀ ਬਣਾਉਣ ਵਾਲੇ ਆਟੇ ਦੇ ਗੋਲ ਪੇੜੇ ਉਤੇ ਕੁਝ ਦਾਖਾਂ ਰੱਖ ਦਿੱਤੀਆਂ ਜਾਣ ਤਾਂ ਡਬਲਰੋਟੀ ਦੇ ਫੁਲਣ ਸਮੇਂ ਦਾਖਾਂ ਵਿਚਕਾਰਲੀ ਦੂਰੀ ਵਧ ਜਾਵੇਗੀ। ਸਾਡਾ ਬ੍ਰਹਿਮੰਡ ਵੀ ਇਸੇ ਤਰਤੀਬ ਵਿਚ ਫੈਲ ਰਿਹਾ ਹੈ।

ਹੱਬਲ ਦੇ ਪ੍ਰਯੋਗ ਨੂੰ ਖਲਾਅ ਵਿਚ ਹਵਾ ਦੇ ਭਰੇ ਹੋਏ ਗੋਲ ਗੁਬਾਰੇ ਰਾਹੀਂ ਵੀ ਵੇਖਿਆ ਜਾ ਸਕਦਾ ਹੈ। ਜੇ ਗੁਬਾਰੇ ਦੇ ਉਪਰ ਚਾਰ ਨਿਸ਼ਾਨ ਇਕ ਵਰਗ ਦੇ ਚਾਰੇ ਖੂੰਜਿਆਂ ਤੇ ਰੱਖ ਦਿੱਤੇ ਜਾਣ ਅਤੇ ਗੁਬਾਰੇ ਵਿਚ ਹਵਾ ਭਰਕੇ ਇਸਦਾ ਖਲਾਅ ਵਿਚ ਧਮਾਕਾ ਕਰ ਦਿੱਤਾ ਜਾਵੇ ਤਾਂ ਇਹ ਨਿਸ਼ਾਨ ਵਰਗ ਦੀ ਸ਼ਕਲ ਬਣਾਉਂਦੇ ਹੋਏ ਹੀ ਇਕ ਦੂਜੇ ਤੋਂ ਪਰਖ਼ਾਂ ਹੱਟਣਗੇ।

ਜੇ ਅਸੀਂ ਅੱਜ ਦੀਆਂ ਗਲੈਕਸੀਆਂ ਦੀ ਸਥਿਤੀ ਤੇ ਰਫਤਾਰ ਨੂੰ ਪਿਛਾਂਹ ਕਰਦੇ ਹੋਏ ਪੰਦਰਾਂ ਅਰਬ ਵਰਖ਼ੇ ਪਹਿਲਾਂ ਦੀ ਸਥਿਤੀ ਵਿਚ ਲੈ ਜਾ ਸਕੀਏ ਤਾਂ ਸਾਨੂੰ ਪੰਦਰਾਂ ਅਰਬ ਵਰਖ਼ੇ ਪਹਿਲੇ ਵਾਲਾ ਧਮਾਕਾ ਕਰਨ ਵਾਲਾ ਗੋਲਾ ਨਜ਼ਰ ਆਵੇਗਾ। ਸੋ ਬ੍ਰਹਿਮੰਡ ਦੀ ਉਤਪਤੀ ਦਾ ਗਲੈਕਸੀਆਂ ਦਾ ਕਿਸੇ ਖਾਸ ਰਫਤਾਰ ਨਾਲ ਇਕ ਦੂਜੇ ਤੋਂ ਪਰਖ਼ਾ ਹੱਟਣਾ ਹੀ ਸਭ ਤੋਂ ਵੱਡਾ ਸਬੂਤ ਹੈ।

### ਸਾਡੀ ਗਲੈਕਸੀ ਕੀ ਹੈ?

ਸਾਡੀ ਗਲੈਕਸੀ ਘੁਮਿਆਰਾਂ ਦੇ ਚੱਕ ਦੀ ਤਰਖ਼ਾਂ ਹੈ। ਇਹ ਅੰਡਾਕਾਰ ਸ਼ਕਲ ਦੀ ਹੈ ਕਿਉਂਕਿ ਇਸਦੀ ਲੰਬਾਈ ਇਕ ਲੱਖ ਤੀਹ ਹਜ਼ਾਰ ਪ੍ਰਕਾਸ਼ ਵਰਖ਼ੇ ਤੇ ਚੌੜਾਈ ਵੀਹ ਹਜ਼ਾਰ ਪ੍ਰਕਾਸ਼ ਵਰਖ਼ੇ ਹੈ। ਇਹ ਸਮੁੱਚਾ ਚੱਕ ਆਪਣੇ ਕੇਂਦਰ ਦੁਆਲੇ ਘੁੰਮਦਾ ਪਿੱਛੇ ਹੱਟ ਰਿਹਾ ਹੈ। ਸਾਡੀ ਗਲੈਕਸੀ ਦੇ ਸਭ ਤੋਂ ਨੇੜੇ ਐਂਡਰੋਮੀਡਾ ਨਾਂ ਦੀ ਗਲੈਕਸੀ ਹੈ। ਇਹ ਸਾਥੋਂ ਵੀਹ ਲੱਖ ਪ੍ਰਕਾਸ਼ ਵਰਖ਼ੇ ਦੂਰ ਹੈ। ਸਾਡੀ ਗਲੈਕਸੀ ਮਿਲਕੀਵੇ 225 ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫਤਾਰ ਨਾਲ ਆਪਣੇ ਕੇਂਦਰ ਦੁਆਲੇ ਘੁੰਮ ਰਹੀ ਹੈ।

### ਸਾਡਾ ਗ੍ਰਹਿ ਮੰਡਲ

ਸਾਡੇ ਗ੍ਰਹਿ ਮੰਡਲ ਦਾ ਮੁਖੀਆ ਸੂਰਜ ਹੈ। ਇਹ ਇੱਕ ਦਰਮਿਆਨੇ ਆਕਾਰ ਦਾ ਤਾਰਾ ਹੈ। ਸਾਡੇ ਸਾਰੇ ਗ੍ਰਹਿ ਇਸ ਦੇ ਦੁਆਲੇ ਨਿਸ਼ਚਿਤ ਸਮਿਆਂ ਵਿੱਚ ਚੱਕਰ ਕੱਟਦੇ ਹਨ। ਪ੍ਰਿਥਵੀ ਦੇ ਨਜ਼ਦੀਕ ਹੋਣ ਕਰਕੇ ਹੀ ਇਹ ਸਿਰਫ ਦੂਸਰੇ ਤਾਰਿਆਂ ਦੇ ਮੁਕਾਬਲੇ ਚਮਕਦਾਰ ਤੇ ਵੱਡਾ ਨਜ਼ਰ ਆਉਂਦਾ ਹੈ। ਇਸਦੀ ਧਰਤੀ ਤੋਂ ਦੂਰੀ ਪੰਦਰਾਂ ਕਰੋੜ ਕਿਲੋਮੀਟਰ ਹੈ ਤੇ ਸੂਰਜ ਤੋਂ ਚੱਲਿਆ ਹੋਇਆ ਪ੍ਰਕਾਸ਼ ਧਰਤੀ ਤੇ 8 ਮਿੰਟ 20 ਸੈਕਿੰਡ ਵਿਚ ਪੁੱਜਦਾ ਹੈ। **(ਚਲਦਾ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰੇਹੜੀ ਅੱਗੇ ਮੋਟਰਸਾਈਕਲ ਖੜ੍ਹਾ ਕਰਨ ਨੂੰ ਹੋਏ ਤਕਰਾਰ ਦੌਰਾਨ ਇੱਕ ਨੌਜਵਾਨ ਦਾ ਕਤਲ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪੁਲਿਸ ਥਾਣਾ ਖਾਲੜਾ ਅਧੀਨ ਆਉਦੇ ਪਿੰਡ ਬਾਸਰਕੇ ਵਿਖੇ ਰੇਹੜੀ ਅੱਗੇ ਮੋਟਰਸਾਈਕਲ ਖੜਾ ਕਰਨ ਤੋਂ ਹੋਏ ਤਕਰਾਰ ਦੌਰਾਨ ਇੱਕ ਨੌਜਵਾਨ ਦਾ ਕਤਲ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਗੁਰਬੀਰ ਸਿੰਘ (28) ਪੁੱਤਰ ਹਰਜੀਤ ਸਿੰਘ ਵਾਸੀ ਹੁੰਦਲ ਵਜੋਂ ਹੋਈ, ਜੋ ਕੁਝ ਦਿਨ ਪਹਿਲਾਂ ਹੀ ਵਿਦੇਸ਼ ਤੋਂ ਆਇਆ ਸੀ ਤੇ ਜਨਵਰੀ ਮਹੀਨੇ ਵਿਚ ਐਨ.ਆਰ.ਆਈ ਲੜਕੀ ਨਾਲ ਵਿਆਹ ਹੋਣਾ ਸੀ। ਕਤਲ ਸੰਬੰਧੀ ਪੁਲਿਸ ਥਾਣਾ ਖਾਲੜਾ ਵਿਖੇ ਦਿੱਤੀ ਦਰਖਾਸਤ ਵਿਚ ਮ੍ਰਿਤਕ ਦੇ ਤਾਏ ਜਸਬੀਰ ਸਿੰਘ ਪੁੱਤਰ ਸਲਵੰਤ ਸਿੰਘ ਵਾਸੀ ਹੁੰਦਲ ਨੇ ਦੱਸਿਆ ਕਿ ਬੀਤੇ ਐਤਵਾਰ ਸ਼ਾਮ ਨੂੰ ਮੇਰਾ ਭਤੀਜਾ ਗੁਰਬੀਰ ਸਿੰਘ ਆਪਣੇ ਚਾਚੇ ਸਾਹਿਬ ਨਾਲ ਮੰਡੀ ਵਿਖੇ ਕੰਮ ਆਇਆ ਸੀ ਤਾਂ ਬਾਸਰਕੇ ਅੱਡੇ 'ਤੇ ਟਿੱਕੀਆਂ ਲਾ ਕੇ ਖੜੇ ਹਰਜਿੰਦਰ ਸਿੰਘ ਪੁੱਤਰ ਬੂਟਾ ਸਿੰਘ ਦੀ ਰੇਹੜੀ ਅੱਗੇ ਮੋਟਰਸਾਈਕਲ ਖੜਾ ਕਰਨ 'ਤੇ ਹਰਜਿੰਦਰ ਸਿੰਘ ਤੇ ਗੁਰਬੀਰ ਸਿੰਘ ਵਿਚਕਾਰ ਤਕਰਾਰ ਹੋ ਗਿਆ ਤਾਂ ਉਸ ਸਮੇਂ ਹਰਜਿੰਦਰ ਸਿੰਘ, ਉਸਦੇ ਦੋਂ ਲੜਕੇ ਸਕੰਦਰ ਸਿੰਘ, ਕੋਮਲ, ਭਰਾ ਬਲਵਿੰਦਰ ਸਿੰਘ ਤੇ ਜੋਗਿੰਦਰ ਸਿੰਘ, ਭਤੀਜਾ ਸ਼ਰਨਜੀਤ ਸਿੰਘ ਸੰਨੀ, ਅਜੈ ਆਦਿ ਅਣਪਛਾਤੇ ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਗੁਰਬੀਰ ਸਿੰਘ 'ਤੇ ਹਮਲਾ ਕਰਕੇ ਗੰਭੀਰ ਜਖਮੀ ਕਰ ਦਿੱਤਾ, ਜਿਸ ਨੂੰ ਅੰਮ੍ਰਿਤਸਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਲਿਜਾਇਆ ਗਿਆ, ਜਿਥੇ ਡਾਕਟਰ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਘਟਨਾ ਸਥਾਨ 'ਤੇ ਪਹੁੰਚੇਂ ਡੀ.ਐਸ.ਪੀ ਜੈਮਲ ਸਿੰਘ ਨਾਗੋਕੇ, ਪੁਲਿਸ ਥਾਣਾ ਖਾਲੜਾ ਦੇ ਮੁਖੀ ਸੁਖਰਾਜ ਸਿੰਘ ਆਦਿ ਪੁਲਿਸ ਪਾਰਟੀ ਨੇ ਕਤਲ ਸੰਬੰਧੀ ਜਾਣਕਾਰੀ ਹਾਸਲ ਕੀਤੀ ਤੇ ਆਖਿਆ ਕਿ ਮ੍ਰਿਤਕ ਗੁਰਬੀਰ ਸਿੰਘ ਦੀ ਲਾਸ਼ ਨੂੰ ਪੋਸਟ ਮਾਰਟਮ ਵਾਸਤੇ ਸਰਕਾਰੀ ਹਸਪਤਾਲ ਪੱਟੀ ਵਿਖੇ ਭੇਜ ਦਿੱਤਾ ਗਿਆ ਹੈ।



ਡੀ.ਐਸ.ਪੀ ਜੈਮਲ ਸਿੰਘ ਨਾਗੋਕੇ ਨੇ ਕਿਹਾ ਕਿ ਮ੍ਰਿਤਕ ਗੁਰਬੀਰ ਸਿੰਘ ਦੇ ਤਾਏ ਜਸਬੀਰ ਸਿੰਘ ਪੁਤਰ ਸਲਵੰਤ ਸਿੰਘ ਦੇ ਬਿਆਨਾਂ 'ਤੇ ਪੁਲਿਸ ਥਾਣਾ ਖਾਲੜਾ ਵਿਖੇ ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਜੋਗਿੰਦਰ ਪੁੱਤਰਾਨ ਬੂਟਾ ਸਿੰਘ, ਸਕੰਦਰ ਸਿੰਘ ਤੇ ਕੋਮਲ ਪੁੱਤਰਾਨ ਹਰਜਿੰਦਰ ਸਿੰਘ, ਸ਼ਰਨਜੀਤ ਸੰਨੀ, ਅਜੈ ਆਦਿ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਖਿਲਾਫ ਮੁੱਕਦਮਾ ਨੰਬਰ 63 ਮਿਤੀ 10-10-2016 ਧਾਰਾ 302, 323, 148, 149 ਆਈ.ਪੀ.ਸੀ ਦੇ ਅਧੀਨ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਕਾਤਲਾਂ ਨੂੰ ਫੜਣ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

# ਬੈਂਸ ਭਰਾ, ਪਰਗਟ ਸਿੰਘ ਤੇ ਸਿੱਧੂ ਜੋੜੀ ਅਪਣਾ ਸਕਦੇ ਨੇ ਵੱਖੋ-ਵੱਖਰੇ ਰਾਹ

**ਚੰਡੀਗੜ੍ਹ–** ਪੰਜਾਬ ਵਿੱਚ ਬਣੇ ਚੌਥੇ ਫਰੰਟ 'ਆਵਾਜ਼-ਏ-ਪੰਜਾਬ' ਵਿੱਚ ਵੰਡੀਆਂ ਪੈਣ ਦੇ ਆਸਾਰ ਬਣ ਗਏ ਹਨ। ਇਸ ਫਰੰਟ ਵਿਚਲੀਆਂ ਤਿੰਨੇ ਧਿਰਾਂ ਬੈਂਸ ਭਰਾ, ਸਿੱਧੂ ਜੋੜੀ ਤੇ ਪਰਗਟ ਸਿੰਘ ਅਗਲੇ ਦਿਨੀਂ ਵੱਖੋ-ਵੱਖਰੇ 'ਸਿਆਸੀ ਰਾਹ' ਅਪਣਾ ਸਕਦੇ ਹਨ।

ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਆਵਾਜ਼-ਏ-ਪੰਜਾਬ ਨਾਲ ਕਿਸੇ ਤਰ੍ਹਾਂ ਦਾ ਗੱਠਜੋੜ ਨਾ ਕਰਨ ਦੇ ਲਏ ਫ਼ੈਸਲੇ ਤੋਂ ਬਾਅਦ ਹੁਣ ਬੈਂਸ ਭਰਾ, ਪਰਗਟ ਸਿੰਘ ਤੇ ਸਿੱਧੂ ਜੋੜੀ ਆਪੋ-ਆਪਣੇ ਸਿਆਸੀ ਭਵਿੱਖ ਬਾਰੇ ਸੋਚਣ ਲਈ ਮਜਬੂਰ ਹਨ। ਸੂਤਰਾਂ ਅਨੁਸਾਰ ਇਨ੍ਹਾਂ ਵਿੱਚੋਂ ਕੁਝ ਆਗੂਆਂ ਦੀਆਂ ਅੱਜ ਵੀ ਕੁਝ ਸਿਆਸੀ ਪਾਰਟੀਆਂ ਨਾਲ ਮੀਟਿੰਗਾਂ ਹੋਈਆਂ ਹਨ ਅਤੇ ਕਿਸੇ ਵੇਲੇ ਵੀ 'ਆਵਾਜ਼-ਏ-ਪੰਜਾਬ' ਦੀ ਆਵਾਜ਼ ਫਟ ਸਕਦੀ ਹੈ। ਸੂਤਰਾਂ ਅਨੁਸਾਰ ਆਵਾਜ਼-ਏ-ਪੰਜਾਬ ਦੀ ਲੀਡਰਸ਼ਿਪ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ' ਪਾਰਟੀ ਅਤੇ 'ਆਪ' ਵਿੱਚੋਂ ਮੁਅੱਤਲ ਧਰਮਵੀਰ ਗਾਂਧੀ ਦੇ ਧੜੇ ਨਾਲ ਸਾਂਝ ਪਾਉਣ ਦੇ ਰੌਅ ਵਿੱਚ ਨਹੀਂ ਹੈ। ਸੂਤਰਾਂ ਅਨੁਸਾਰ ਕਾਂਗਰਸ ਅਤੇ 'ਆਪ' ਭਾਰਤੀ ਜਨਤਾ ਪਾਰਟੀ ਅਤੇ ਰਾਜ ਸਭਾ ਤੋਂ ਅਸਤੀਫ਼ਾ ਦੇ ਚੁੱਕੇ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਨਾਲ ਜੋੜਨ ਲਈ ਦਿਲਚਸਪ ਨਹੀਂ ਜਾਪਦੇ ਅਤੇ ਪਿਛਲੇ ਦਿਨੀਂ ਭਾਜਪਾ ਨੂੰ ਅਲਵਿਦਾ ਕਹਿ ਚੁੱਕੀ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੱਲੋਂ ਚੁੱਕਿਆ ਜਾ ਰਿਹਾ ਅਗਲਾ



ਸਿਆਸੀ ਕਦਮ ਵੀ ਫਿਲਹਾਲ ਭੇਤ ਬਣਿਆ ਹੋਇਆ ਹੈ। ਸੂਤਰਾਂ ਅਨੁਸਾਰ ਭਾਵੇਂ 'ਆਪ' ਨੇ ਆਵਾਜ਼-ਏ-ਪੰਜਾਬ ਨਾਲ ਕਿਸੇ ਤਰ੍ਹਾਂ ਦੀ ਸਾਂਝ ਪਾਉਣ ਤੋਂ ਕਿਨਾਰਾ ਕਰਨ ਦੀ ਰਣਨੀਤੀ ਬਣਾਈ ਹੈ ਪਰ ਇਸ ਦੀ ਲੀਡਰਸ਼ਿਪ ਅਜੇ ਵੀ ਇਸ ਧਿਰ ਦੇ ਕੁਝ ਆਗੂਆਂ ਨੂੰ ਨਿੱਜੀ ਤੌਰ 'ਤੇ ਆਪਣੇ ਨਾਲ ਜੋੜਨ ਦੇ ਪੱਖ ਵਿੱਚ ਹੈ ਅਤੇ ਇਸ ਸਬੰਧੀ ਦੋਵਾਂ ਧਿਰਾਂ ਦੇ ਆਗੂਆਂ ਵਿਚਕਾਰ ਗੱਲਬਾਤ ਚੱਲ ਰਹੀ ਹੈ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਾਫ਼ ਕਰ ਦਿੱਤਾ ਹੈ ਕਿ ਸ੍ਰੀ ਸਿੱਧੂ ਬਿਨਾਂ ਸ਼ਰਤ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ ਪਰ ਇਸ ਧਿਰ ਨਾਲ ਗੱਠਜੋੜ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਂਗਰਸ ਅੰਦਰਖਾਤੇ ਵਿਧਾਇਕ ਪਰਗਟ ਸਿੰਘ ਨੂੰ ਨਿੱਜੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਨ ਲਈ ਯਤਨਸ਼ੀਲ ਹੈ। ਇਸੇ ਤਰ੍ਹਾਂ ਵਿਧਾਇਕ ਭਰਾਵਾਂ ਦੀ ਜੋੜੀ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਵੀ ਆਪਣੇ ਪੱਧਰ 'ਤੇ 'ਆਪ' ਜਾਂ ਕਿਸੇ ਹੋਰ ਧਿਰ ਨਾਲ ਹੱਥ ਮਿਲਾ ਸਕਦੇ ਹਨ। ਦਰਅਸਲ ਬੈਂਸ ਭਰਾਵਾਂ ਅਤੇ ਪਰਗਟ ਸਿੰਘ ਨੇ ਪਿਛਲੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਿਸੇ ਹੋਰ ਧਿਰ ਨਾਲ ਆਵਾਜ਼-ਏ-ਪੰਜਾਬ ਦੀ ਸਾਂਝ ਪਾਉਣ ਦੇ ਅਧਿਕਾਰ ਸ੍ਰੀ ਸਿੱਧੂ ਨੂੰ ਦਿੱਤੇ ਸਨ ਪਰ ਕਾਂਗਰਸ ਤੇ 'ਆਪ' ਵੱਲੋਂ ਪੱਲਾ ਨਾ ਫੜਾਉਣ ਕਾਰਨ ਆਗੂਆਂ ਵੱਲੋਂ ਹੁਣ ਆਪੋ-ਆਪਣਾ ਸਿਆਸੀ ਭਵਿੱਖ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

# ਜਥੇ. ਸੰਤੋਖ ਸਿੰਘ ਮੱਲ੍ਹਾ ਕਿਸਾਨ ਵਿੰਗ ਪੰਜਾਬ ਜਨਰਲ ਸਕੱਤਰ ਨਿਯੁਕਤ

**ਫਗਵਾੜਾ (ਬੀ. ਕੇ. ਰੱਤੂ)–** ਸ਼੍ਰੋਮਣੀ ਅਕਾਲੀ ਦਲ ਦੇ ਕੱਦ ਦੀ ਪੰਜਾਬ ਵਿੱਚ ਕੋਈ ਹੋਰ ਪਾਰਟੀ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ।ਇਨ੍ਹਾ ਵਿਚਾਰਾ ਦਾ ਪ੍ਰਗਟਾਵਾ ਜਥੇ. ਸੰਤੋਖ ਸਿੰਘ ਮੱਲ੍ਹਾ ਨਵ-ਨਿਯੁਕਤ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਪੰਜਾਬ ਅਤੇ ਜਥੇ. ਜਗਜੀਤ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਪੰਜਾਬ ਨੇ ਬਹਿਰਾਮ ਵਿਖੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਕੀਤਾ।ਉਨ੍ਹਾ ਕਿਹਾ ਕਿ ਫਖਰੇ ਕੌਮ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ, ਸ.ਸੁਖਵੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇ. ਸੇਵਾ ਸਿੰਘ ਸੇਖਵਾਂ ਪ੍ਰਧਾਨ ਕਿਸਾਨ ਵਿੰਗ ਪੰਜਾਬ ਤੇ ਰਾਜ ਮੰਤਰੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਹਲਕਾ ਇੰਚਾਰਜ ਬੰਗਾ ਦਾ ਧੰਨਵਾਦ।



ਜਿਨ੍ਹਾ ਸਾਨੂੰ ਪਾਰਟੀ ਵਿੱਚ ਉਕਤ ਜਿੰਮੇਵਾਰੀ ਸੌਂਪ ਕੇ ਸਾਡਾ ਮਾਣ ਹੋਰ ਵਧਾਇਆ ਹੈ। ਅਸੀ ਪਾਰਟੀ ਹਾਈ ਕਮਾਂਡ ਨੂੰ ਵਿਸ਼ਵਾਸ ਦਿਵਾਉਦੇ ਹਾਂ ਕਿ ਇਹ ਜਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗੇ।

ਪਹਿਲਾ ਦੀ ਤਰ੍ਹਾ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਸਖਤ ਮਿਹਨਤ ਕਰਾਂਗੇ ਤਾਂ ਜੋ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਤੀਜੀ ਵਾਰ ਸਰਕਾਰ ਬਣ ਸਕੇ।ਉਨ੍ਹਾ ਹੋਰ ਕਿਹਾ ਕਿ ਥੋੜੇ ਦਿਨਾ ਵਿੱਚ ਪੰਜਾਬ ਪੱਧਰ ਤੇ ਪਾਰਟੀ ਵਰਕਰਾ ਨਾਲ ਮੀਟਿੰਗਾ ਕੀਤੀਆ ਜਾਣਗੀਆ ਅਤੇ ਅਕਾਲੀ ਦਲ ਦੀ ਪਾਲਸੀ ਪ੍ਰੋਗਰਾਮਾ ਬਾਰੇ ਵਰਕਰਾ ਨੂੰ ਜਾਣੂ ਕਰਵਾਇਆ ਜਾਵੇਗਾ।


MAJESTIC HOMES




PRICE REDUCED

$1,655,555

7112 Westmoorland Dr Berkeley

GORGEOUS HOME IN BERKELEY HILLS

Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM





JUST LISTED

$329,900

3314 Canim Ct Antioch

3 Bedrooms and 2 Bathrooms - Best Deal in Antioch

Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509

Service Excellence - Experience the Difference

WWW.MajesticHomes.US Email: Ramesh@RameshSuman.com



COMING SOON

3201 Magicwoods Ct Sacramento

$278,888

3 Bedrooms and 2 Bathrooms - Home in Sacramento

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ 10ਵੇਂ ਪ੍ਰੀ-ਨਿਰਵਾਣ ਦਿਵਸ ਮੌਕੇ ਬਸਪਾ ਵੱਲੋਂ ਇਤਿਹਾਸਿਕ ਰੈਲੀ

## ਵੱਡੀ ਗਿਣਤੀ ਵਿੱਚ ਪੁੱਜੇ ਵਰਕਰ ਤੇ ਸਮਰਥਕ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਭੈਣ-ਭਰਾ ਨੇ ਵੀ ਕੀਤੀ ਸ਼ਮੂਲੀਅਤ





**ਫਗਵਾੜਾ ਤੋਂ ਕੁਲਵੰਤ ਸਿੰਘ ਟਿੱਬਾ ਦੀ ਵਿਸ਼ੇਸ਼ ਰਿਪੋਰਟ**

ਅਕਾਲੀ ਭਾਜਪਾ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੇ ਦਲਿਤਾਂ,ਪਛੜਿਆਂ, ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਛੋਟੇ ਵਪਾਰੀਆਂ ਅਤੇ ਸਮਾਲ ਸਕੇਲ ਇੰਡਸਟਰੀ ਦੀ ਮਾੜੀ ਸਥਿਤੀ ਲਈ ਲੋਕ ਵਿਰੋਧੀ ਨੀਤੀਆਂ ਜ਼ਿੰਮੇਵਾਰ ਹਨ। ਸੂਬੇ ਦਾ ਹਰ ਵਰਗ ਤੰਗ ਆ ਚੁੱਕਿਆ, ਕਿਸਾਨ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ, ਉਦਯੋਗ ਬੰਦ ਹੋ ਰਹੇ ਹਨ, ਡਰੱਗ ਮਾਫ਼ੀਆ, ਲੈਂਡ ਮਾਫ਼ੀਆ, ਰੇਤਾ ਮਾਫ਼ੀਆ ਨੇ ਲੁੱਟ ਮਚਾ ਰੱਖੀ ਹੈ। ਪਿਛਲੇ ਇੱਕ ਸਾਲ ਤੋਂ ਸੂਬੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਹੋਰ ਵੀ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਇਹ ਪ੍ਰਗਟਾਵਾ ਬਸਪਾ ਪੰਜਾਬ ਦੇ ਇੰਚਾਰਜ ਅਤੇ ਵਿਧਾਨ ਸਭਾ ਹਲਕਾ ਫਿਲੌਰ ਤੋਂ ਉਮੀਦਵਾਰ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਰਾਜ ਸਭਾ ਮੈਂਬਰ ਨੇ ਫਗਵਾੜਾ ਵਿਖੇ ਬਸਪਾ ਵੱਲੋਂ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੇ ਪ੍ਰੀ ਨਿਰਮਾਣ ਮੌਕੇ ਆਯੋਜਿਤ ਸੂਬਾ ਪੱਧਰੀ ਮਹਾਂ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਾਹਿਬ ਸ੍ਰੀ ਕਾਂਸੀ ਰਾਮ ਜੀ ਨੇ ਦਲਿਤ ਅਤੇ ਪਛੜੇ ਸਮਾਜ ਦੀ ਬਿਹਤਰੀ ਲਈ ਆਪਣਾ ਸਮੁੱਚਾ ਜੀਵਨ ਲਗਾ ਦਿੱਤਾ। ਕਾਂਸੀ ਰਾਮ ਨੇ ਆਪਣੇ ਦਲਿਤ ਸਮਾਜ ਲਈ ਰਾਸ਼ਟਰਪਤੀ ਦੀ ਕੁਰਸੀ ਤੱਕ ਨੂੰ ਠੁਕਰਾ ਦਿੱਤਾ। ਉਨ੍ਹਾਂ ਨੂੰ ਰਾਸ਼ਟਰਪਤੀ ਦੀ ਕੁਰਸੀ ਵੀ ਭਟਕਾ ਨਹੀ ਸਕੀ। ਬਸਪਾ ਲਈ ਸੱਤਾ ਪਰਿਵਰਤਨ ਅੰਤਿਮ ਨਿਸ਼ਾਨਾ ਨਹੀ ਹੈ ਬਲਕਿ ਵਿਵਸਥਾ ਪਰਿਵਰਤਨ ਮੁੱਖ ਏਜੰਡਾ ਹੈ। ਸੱਤਾ ਪਰਿਵਰਤਨ ਇੱਕ ਜਰੀਆ ਮਾਤਰ ਹੈ। ਸਾਲ 2017 ਦੌਰਾਨ ਸਾਹਿਬ ਸ੍ਰੀ ਕਾਂਸੀ ਰਾਮ ਜੀ ਦਾ ਸੁਪਨਾ ਸੱਚ ਕਰਨ ਲਈ ਦਿਨ ਰਾਤ ਮਿਹਨਤ ਕਰੋ ਤਾਂ ਰਾਜ ਭਾਗ ਕਾਇਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ 1 ਨਵੰਬਰ 2014 ਤੋਂ ਬਸਪਾ ਨੇ ਸੰਘਰਸ਼ ਸ਼ੁਰੂ ਕੀਤਾ ਤਾਂ ਜਵਾਨੀ ਦੇ ਅੱਗੇ ਬੇਰੁਜ਼ਗਾਰੀ, ਨਸੇ ਆਦਿ ਚੁਨੌਤੀਆਂ ਦੇ ਖ਼ਾਤਮੇ ਲਈ ਅਤੇ ਕਿਸਾਨੀ ਨੂੰ ਸੰਕਟ ਵਿਚੋਂ ਕੱਢਣ ਲਈ ਲਾਮਬੰਦੀ ਕੀਤੀ ਜਾ ਸਕੇ। ਸੂਬੇ ਅੰਦਰ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਪਰ ਸੂਬਾ ਸਰਕਾਰ ਨਸ਼ਿਆਂ ਸਬੰਧੀ ਪ੍ਰਚਾਰ ਨੂੰ ਝੂਠਾ ਦੱਸ ਕੇ ਪੱਲਾ ਝਾੜ ਰਹੀ ਹੈ ਜਦਕਿ ਅਕਾਲੀ ਭਾਜਪਾ ਸਰਕਾਰ ਦੀ ਵਿਧਾਨ ਸਭਾ ਇੱਕ ਰਿਪੋਰਟ ਮੁਤਾਬਿਕ ਢਾਈ ਲੱਖ ਲੋਕ ਨਸਾਂ ਛਡਾਊ ਕੇਂਦਰਾਂ ਤੇ ਆਪਣਾ ਇਲਾਜ ਕਰਾਉਣ ਗਏ। ਇਸ ਤੋਂ ਹੋਰ ਕੀ ਸ਼ਰਮਨਾਕ ਹੋ ਸਕਦਾ ਹੈ ਕਿ ਸਿੱਖੀ ਦੇ ਕੇਂਦਰ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਖੇ ਵਿਸ਼ੇਸ਼ ਤੌਰ ਤੇ ਔਰਤਾਂ ਲਈ ਨਸਾ ਛਡਾਊ ਕੇਂਦਰ ਖੋਲਿਆ ਗਿਆ। ਨਸ਼ਿਆਂ ਦੇ ਮੁੱਦੇ ਤੇ ਪੰਜਾਬ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਕਿਉਂਕਿ ਸਰਕਾਰ ਅਨੁਸਾਰ ਪੰਜਾਬ ਅੰਦਰ ਨਸਾ ਨਹੀ ਹੈ ਪਰ ਪੰਜਾਬ ਪੁਲਿਸ ਦਾ ਮੁਖੀ ਕਹਿੰਦਾ ਕਿ ਡਰੱਗ ਮਾਫ਼ੀਆ ਨੂੰ ਖ਼ਤਮ ਲਹੀ ਕੀਤਾ ਜਾ ਸਕਦਾ ਪਰ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੀ ਬਸਪਾ ਇਹ ਐਲਾਨ ਕਰਦੀ ਹੈ ਕਿ ਇੱਕ ਮਹੀਨੇ ਅੰਦਰ ਡਰੱਗ ਮਾਫ਼ੀਏ ਦਾ ਖ਼ਾਤਮਾ ਕਰਕੇ ਨਸੇ ਦੇ ਤਸਕਰ ਜੇਲ੍ਹਾਂ ਵਿੱਚ ਸੁੱਟ ਦਿੱਤੇ ਜਾਣਗੇ। ਕੇਂਦਰ ਅਤੇ ਪੰਜਾਬ ਸਰਕਾਰ ਤੇ ਕਿਸਾਨ, ਮਜ਼ਦੂਰ ਵਿਰੋਧੀ ਹੋਣ ਦਾ ਦੋਸ ਲਗਾਉਂਦਿਆਂ ਕਰੀਮਪੁਰੀ ਨੇ ਕਿਹਾ ਕਿ ਮੋਦੀ ਨੇ 1 ਲੱਖ 14 ਹਜਾਰ ਕਰੋੜ ਰੂਪੈ ਵੱਡੇ ਉਦਯੋਗਪਤੀਆਂ ਦਾ ਮੁਆਫ਼ ਕਰ ਦਿੱਤਾ ਅਤੇ ਬਾਦਲ ਨੇ ਇੱਕ ਹਜਾਰ ਕਰੋੜ ਰੂਪੈ ਮੁਆਫ਼ ਕੀਤਾ ਪਰ ਕਿਸਾਨਾਂ, ਮਜ਼ਦੂਰਾਂ ਦੀ ਇੱਕ ਰੂਪੈ ਵੀ ਮੁਆਫ਼ ਨਹੀ ਕੀਤਾ। ਉਨ੍ਹਾਂ ਕਿਹਾ ਕਿ ਬਾਦਲਾਂ ਨੂੰ ਭੁੱਕੀ ਵਾਲਾ, ਸਮੈਕ ਵਾਲਾ ਵੋਟ ਪਾ ਸਕਦਾ, ਪਰ ਗੁਰੂ ਦਾ ਸੱਚਾ ਸਿੱਖ ਕਦੇ ਵੀ ਅਕਾਲੀ ਦਲ ਨੂੰ ਵੋਟ ਨਹੀ ਪਾਵੇਗਾ। ਉਨ੍ਹਾਂ ਕਿਹਾ ਸੂਬੇ ਅੰਦਰ ਦਲਿਤਾਂ ਤੇ ਅੱਤਿਆਚਾਰ ਕੀਤੇ ਜਾ ਰਹੇ ਹਨ। ਸੰਤ ਰਾਮਾਨੰਦ ਜੀ ਦੀ ਸਹੀਦੀ ਸਮੇਂ ਬਿਆਨਾਂ ਕਾਂਡ ਸਮੇਂ 17 ਸੌ ਦੇ ਕਰੀਬ ਦਲਿਤਾਂ ਤੇ ਦਰਜ ਕੀਤੇ ਮੁਕੱਦਮੇ ਰੱਦ ਨਹੀ ਕੀਤੇ ਗਏ, ਪਰ ਬਸਪਾ ਸਰਕਾਰ ਬਣਨ ਤੇ ਪਹਿਲ ਦੇ ਅਧਾਰ ਤੇ ਇਹ ਪਰਚੇ ਰੱਦ ਕੀਤੇ ਜਾਣਗੇ। ਜਿਲ੍ਹਾ ਸੰਗਰੂਰ ਦੇ ਪਿੰਡ ਜਲੂਰ ਵਿਖੇ ਪੰਚਾਇਤੀ ਜ਼ਮੀਨ ਵਿਚੋਂ ਹਿੱਸਾ ਮੰਗ ਰਹੇ ਦਲਿਤਾਂ ਤੇ ਸਰਕਾਰ ਦੀ ਸਹਿ ਤੇ ਅੱਤਿਆਚਾਰ ਕੀਤਾ ਜਾ ਰਿਹਾ ਹੈ, ਜਿਸਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।ਬਸਪਾ ਪੰਜਾਬ ਦੇ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਬਸਪਾ ਸਰਕਾਰ ਆਉਣ ਤੇ ਪਹਿਲੇ ਸਾਲ ਵਿੱਚ ਇੱਕ ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ। ਅਕਾਲੀ ਭਾਜਪਾ ਸਰਕਾਰ ਡਾ.ਅੰਬੇਡਕਰ ਦੇ ਨਾਂ ਤੇ ਸੈਮੀਨਾਰ ਕਰਵਾ ਰਹੀ ਹੈ ਪਰ ਅਕਾਲੀ ਦਲ ਦੇ ਬੁਲਾਰੇ ਅਤੇ ਪਾਰਲੀਮਾਨੀ ਸਕੱਤਰ ਵਿਰਸਾ ਸਿੰਘ ਵਲਟੋਹਾ ਨੇ ਡਾ. ਬੀ.ਆਰ. ਅੰਬੇਡਕਰ ਤੇ ਜਾਤ ਪਾਤ ਫੈਲਾਉਣ ਸਬੰਧੀ ਦੋਸ ਲਾਇਆ ਸੀ । ਮੁੱਖ ਮੰਤਰੀ ਵੱਲੋਂ ਡਾ.ਅੰਬੇਡਕਰ ਦੀ ਯਾਦ ਵਿੱਚ ਦਲਿਤ ਬੱਚਿਆਂ ਨੂੰ ਆਈਏਐੱਸ,ਆਈਪੀਐੱਸ ਅਤੇ ਪੀਸੀਐੱਸ ਆਦਿ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਦੇਣ ਸਬੰਧੀ ਦਿੱਤੇ ਬਿਆਨ ਤੇ ਕਿੰਤੂ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦੱਸੇ ਕਿ ਹੁਣ ਤੱਕ ਸਾਢੇ ਨੌਂ ਸਾਲ ਦੇ ਕਾਰਜਕਾਲ ਦੌਰਾਨ ਕਿੰਨੇ ਦਲਿਤ ਬੱਚਿਆਂ ਨੂੰ ਕੋਚਿੰਗ ਦਿੱਤੀ ਹੈ? ਉਨ੍ਹਾਂ ਦੋਸ ਲਾਇਆ ਕਿ ਪੰਜਾਬ ਸਰਕਾਰ ਦਲਿਤ ਅਤੇ ਪਛੜੇ ਵਰਗ ਦੇ ਵਿਦਿਆਰਥੀਆਂ ਨੂੰ ਜਾਣ ਬੁੱਝ ਕੇ ਪ੍ਰੇਸ਼ਾਨ ਕਰ ਰਹੀ ਹੈ ਅਤੇ ਪੋਸਟ ਮੈਟ੍ਰਿਕ ਸਕੀਮ ਤਹਿਤ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਦਲਿਤ ਬੱਚਿਆਂ ਦਾ 480 ਕਰੋੜ ਰੂਪੈ ਪੰਜਾਬ ਦੇ ਕਾਲਜਾਂ ਦਾ ਬਕਾਇਆ ਰਾਸੀ ਜਾਰੀ ਨਹੀ ਕੀਤੀ ਜਾ ਰਹੀ। ਜਿਸ ਕਰਕੇ ਪਛੜੇ ਵਰਗ ਦੇ ਬੱਚੇ ਪ੍ਰੇਸ਼ਾਨ ਹੋ ਰਹੇ ਹਨ। ਇਹ ਸਭ ਏਜੰਡੇ ਤਹਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਸਪਾ ਸਰਕਾਰ ਬਣਨ ਉਪਰੰਤ ਸੂਬੇ ਦੇ 78 ਹਜਾਰ ਕਰੋੜ ਦੇ ਬਜਟ ਵਿਚੋਂ ਅਲੱਗ ਤੋਂ ਦੋ ਹਜਾਰ ਕਰੋੜ ਰੂਪੈ ਸਕਾਲਰਸ਼ਿਪ ਲਈ ਰੱਖਿਆ ਜਾਵੇਗਾ ਤਾਂ ਕਿ ਸਿਰਫ਼ 24 ਘੰਟਿਆਂ ਦੇ ਅੰਦਰ ਅੰਦਰ ਫ਼ੀਸ ਕਾਲਜ ਦੇ ਖਾਤੇ ਵਿੱਚ ਚਲੀ ਜਾਵੇਗੀ। ਬਸਪਾ ਪੰਜਾਬ ਦੇ ਇੰਚਾਰਜ ਡਾ.ਮੇਘਰਾਜ ਸਿੰਘ ਨੇ ਕਿਹਾ ਕਿ ਸਾਹਿਬ ਸ੍ਰੀ ਕਾਂਸੀ ਰਾਮ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਾਹਿਬ ਦਾ ਸਾਥ ਨਹੀ ਦਿੱਤਾ ਪਰ ਉੱਤਰ ਪ੍ਰਦੇਸ ਦੇ ਲੋਕਾਂ ਨੇ ਕਾਂਸੀ ਰਾਮ ਜੀ ਦੇ ਦੱਸੇ ਮਾਰਗ ਤੇ ਚੱਲ ਕੇ ਆਪਣਾ ਰਾਜਭਾਗ ਚਾਰ ਵਾਰ ਕਾਇਮ ਕੀਤਾ ਅਤੇ ਹੁਣ ਮੁੜ ਫਿਰ ਪੰਜਵੀਂ ਵਾਰ ਸਰਕਾਰ ਬਣਾਉਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਸੀ ਰਾਮ ਜੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਮਿਸ਼ਨ 2017 ਤਹਿਤ ਬਸਪਾ ਪੰਜਾਬ ਦੀ ਸੱਤਾ ਤੇ ਕਾਬਜ਼ ਹੋਵੇ ਅਤੇ ਸ੍ਰੀ ਕਾਂਸੀ ਰਾਮ ਜੀ ਦੀ ਸੋਚ ਨੂੰ ਸੂਬੇ ਦੇ ਸਰਵਪ-ੱਖੀ ਵਿਕਾਸ ਲਈ ਲਾਗੂ ਕੀਤਾ ਜਾ ਸਕੇ। ਬਸਪਾ ਦੀ ਸੂਬਾਈ ਲੀਡਰਸ਼ਿਪ ਵੱਲੋਂ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੀ ਭੈਣ ਕੁਲਵੰਤ ਕੌਰ ਅਤੇ ਭਰਾ ਹੁਕਮ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਲੇਖਿਕਾ ਪ੍ਰਮਿੰਦਰ ਕੌਰ ਸੰਗਰੂਰ ਵੱਲੋਂ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੇ ਜੀਵਨ ਅਤੇ ਮਿਸ਼ਨ ਸਬੰਧੀ ਲਿਖਿਆ ਕਿਤਾਬਚਾ ਬਸਪਾ ਲੀਡਰਸ਼ਿਪ ਨੇ ਰਿਲੀਜ ਕੀਤਾ। ਇਸ ਮੌਕੇ ਪ੍ਰਕਾਸ਼ ਭਾਰਤੀ ਸਟੇਟ ਕੋਆਰਡੀਨੇਟਰ ਬਸਪਾ,ਭਗਵਾਨ ਸਿੰਘ ਚੌਹਾਨ, ਗੁਰਮੇਲ ਸਿੰਘ ਚੰਦੜ, ਰੋਹਿਤ ਖੋਖਰ, ਗੁਰਮੇਲ ਚੁੰਬਰ, ਚੌਧਰੀ ਗੁਰਨਾਮ ਸਿੰਘ, ਜੋਗਾ ਸਿੰਘ ਪਨੌਂਦੀਆਂ, ਸੰਤ ਰਾਮ ਮੱਲੀਆਂ, ਕੁਲਦੀਪ ਸਿੰਘ ਸਰਦੂਲਗੜ੍ਹ, ਬਲਵਿੰਦਰ ਕੁਮਾਰ, ਮਾਸਟਰ ਰਾਮ ਲੁਭਾਇਆ, ਅਜੀਤ ਸਿੰਘ ਭੈਣੀ,ਰਾਮ ਸਿੰਘ ਆਜ਼ਾਦ,ਡਾ. ਰਮੇਸ਼ ਕੌਲ, ਡਾ. ਜਸਵੀਰ ਸਿੰਘ ਗੜੀ ਕੰਨਗੋ, ਹਰਭਜਨ ਸਿੰਘ ਬਲਾਲੋਂ, ਸ੍ਰੀਮਤੀ ਰਚਨਾ ਦੇਵੀ, ਸੁਰਿੰਦਰ ਢੰਡਾ, ਡਾ. ਨਛੱਤਰਪਾਲ ਸਿੰਘ ਉਮੀਦਵਾਰ ਨਵਾਂਸਹਿਰ, ਠੇਕੇਦਾਰ ਰਾਜਿੰਦਰ ਸਿੰਘ ਉਮੀਦਵਾਰ ਬੰਗਾ, ਗੁਰਲਾਲ ਸੈਲਾ ਉਮੀਦਵਾਰ ਚੱਬੇਵਾਲ, ਡਾ.ਮੱਖਣ ਸਿੰਘ ਉਮੀਦਵਾਰ ਮਹਿਲ ਕਲਾਂ, ਹਰਜਿੰਦਰ ਸਿੰਘ ਮਿਥਨ ਉਮੀਦਵਾਰ ਤਲਵੰਡੀ ਸਾਬੋ, ਕਿੱਕਰ ਸਿੰਘ ਉਮੀਦਵਾਰ ਜੈਤੋ, ਹਰਭਜਨ ਸਿੰਘ ਬਜਹੇੜੀ ਉਮੀਦਵਾਰ ਖਰੜ, ਗੁਰਬਖ਼ਸ਼ ਸਿੰਘ ਚੌਹਾਨ ਉਮੀਦਵਾਰ ਫ਼ਰੀਦਕੋਟ, ਸੁਖਵਿੰਦਰ ਸਿੰਘ ਕੋਟਲੀ ਆਦਿ ਸੂਬਾਈ ਆਗੂ ਵੀ ਹਾਜ਼ਰ ਸਨ।



# ਬਸਪਾ ਸਰਕਾਰ ਬਣਨ ਉਪਰੰਤ ਪਹਿਲੇ ਸਾਲ ਇੱਕ ਲੱਖ ਨੌਕਰੀਆਂ ਦਾ ਪ੍ਰਬੰਧ ਕਰਾਂਗੇ - ਕਰੀਮਪੁਰੀ

**ਫਗਵਾੜਾ (ਬੀ. ਕੇ. ਰੱਤੂ-** ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਪ੍ਰੀ-ਨਿਰਵਾਣ ਦਿਵਸ ਦੇ ਮੌਕੇ 'ਤੇ 9 ਅਕਤੂਬਰ ਨੂੰ ਇੱਥੇ ਬਸਪਾ ਲਿਆਓ ਪੰਜਾਬ ਬਚਾਓ ਵਿਸ਼ਾਲ ਇਤਿਹਾਸਿਕ ਮਹਾਂਰੈਲੀ ਕੀਤੀ ਗਈ। ਜਿਸ ਵਿਚ ਪੰਜਾਬ ਭਰ ਤੋਂ ਪਹੁੰਚੇ ਇਕੱਠੇ ਲੋਕਾਂ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਬਸਪਾ ਨੂੰ ਸੱਤ੍ਹਾ ਵਿਚ ਲਿਆਉਣ ਦਾ ਸੰਕਲਪ ਲਿਆ। ਰੈਲੀ ਵਿਚ ਬਸਪਾ ਦੇ ਸੂਬਾ ਇੰਚਾਰਜ ਡਾ. ਮੇਘਰਾਜ ਸਿੰਘ ਤੇ ਸ. ਅਵਤਾਰ ਸਿੰਘ ਕਰੀਮਪੁਰੀ ਮੁੱਖ ਮਹਿਮਾਨ ਸਨ. ਜਦਕਿ ਬਸਪਾ ਸੂਬਾ ਇੰਚਾਰਜ ਪ੍ਰਕਾਸ਼ ਭਾਰਤੀ ਵਿਸ਼ੇਸ਼ ਮਹਿਮਾਨ ਸਨ ਤੇ ਸਮਾਗਮ ਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਸ. ਰਛਪਾਲ ਸਿੰਘ ਰਾਜੂ ਨੇ ਕੀਤੀ।

ਰੈਲੀ ਵਿਚ ਪਹੁੰਚੇ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਤ ਕਰਦਿਆਂ ਬਸਪਾ ਸੂਬਾ ਇੰਚਾਰਜ ਡਾ. ਮੇਘਰਾਜ ਤੇ ਸ. ਅਵਤਾਰ ਸਿੰਘ ਕਰੀਮਪੁਰੀ ਨੇ ਪਾਰਟੀ ਦੇ ਸਾਰੇ ਵਰਕਰਾਂ ਤੇ ਸਮਰਥਕਾਂ ਨੂੰ ਵਿਧਾਨਸਭਾ ਚੋਣਾਂ 2017 ਦੇ ਲਈ ਮੈਦਾਨ ਵਿਚ ਡਟ ਜਾਣ ਦੇ ਲਈ ਕਿਹਾ। ਉਨ੍ਹਾਂ ਕਿਹਾ ਕਿ ਬਸਪਾ ਨੇ ਚੋਣਾਂ ਦੇ ਲਈ 9 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤੇ ਹੋਰ ਉਮੀਦਵਾਰਾਂ ਦਾ ਐਲਾਨ ਵੀ ਜਲਦ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਸਪਾ ਵਰਕਰ ਤੇ ਸਮਰਥਕ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਦੇ ਲਈ ਮੈਦਾਨ ਵਿਚ ਡਟ ਜਾਣ। ਬਸਪਾ ਸੂਬਾ ਇੰਚਾਰਜ ਡਾ. ਮੇਘਰਾਜ ਨੇ ਕਿਹਾ ਕਿ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਵਲੋਂ ਲਖਨਊ ਵਿਚ ਕੀਤੀ ਰੈਲੀ ਵਿਚ ਉਨ੍ਹਾਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਬਸਪਾ ਯੂਪੀ ਤੇ ਪੰਜਾਬ ਵਿਚ ਕਿਸੀ ਵੀ ਪਾਰਟੀ ਨਾਲ ਸਮਝੌਤਾ ਨਹੀਂ ਕਰੇਗੀ। ਬਸਪਾ ਰਾਜਨੀਤਕ ਸਮਝੌਤੇ ਦੀ ਬਜਾਏ ਸਮਾਜਿਕ ਸਮਝੌਤੇ 'ਤੇ ਜੋਰ ਦੇਵੇਗੀ। ਉਨ੍ਹਾਂ ਕਿਹਾ ਕਿ ਬਸਪਾ ਸਮਾਜ ਦੇ ਸਾਰੇ ਵਰਗਾਂ ਦਲਿਤਾਂ ਦੇ ਨਾਲ ਨਾਲ ਪਛੜੇ, ਕਿਸਾਨਾਂ ਨਾਲ ਸਮਾਜਿਕ ਸਮਝੌਤਾ ਕਰੇਗੀ ਤੇ ਜਾਤੀਆਂ ਵਿਚ ਵੰਡੇ ਸਮਾਜ ਨੂੰ ਇਕ ਕਰਕੇ ਜਿੱਤ ਪ੍ਰਾਪਤ ਕਰੇਗੀ ਤੇ ਸੱਤ੍ਹਾ ਹਾਸਿਲ ਕਰੇਗੀ। ਇਸ ਮੌਕੇ 'ਤੇ ਬਸਪਾ ਸੂਬਾ ਇੰਚਾਰਜ ਸ. ਕਰੀਮਪੁਰੀ ਨੇ ਕਿਹਾ ਕਿ ਬਸਪਾ ਮੁਖੀ ਭੈਣ ਕੁਮਾਰੀ ਉਨ੍ਹਾਂ ਦੀ ਜੋ ਵੀ ਡਿਊਟੀ ਲਗਾਉਣਗੇ ਉਹ ਪੂਰੀ ਤਨਦੇਹੀ ਦੇ ਨਾਲ ਉਸਨੂੰ ਨਿਭਾਉਣਗੇ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਉਨ੍ਹਾਂ ਨੂੰ ਫਿਲੌਰ ਵਿਧਾਨ ਸਭਾ ਵਿਚੋਂ ਉਮੀਦਵਾਰ ਐਲਾਨਿਆ ਹੈ ਤੇ ਉਹ ਇਸ ਸੀਟ ਜਿੱਤਣ ਦੇ ਨਾਲ ਨਾਲ ਹੋਰ ਸੀਟਾਂ ਵੀ ਪਾਰਟੀ ਨੂੰ ਜਿੱਤ ਕੇ ਦੇਣਗੇ। ਇਸ ਮੌਕੇ 'ਤੇ ਇਨ੍ਹਾਂ ਨੇਤਾਵਾਂ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਵਿਚ ਬਸਪਾ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ ਤੇ ਪੰਜਾਬ ਨੂੰ ਤਰੱਕੀ ਦੇ ਰਾਹ ਤੇ ਤੋਰ ਸਕਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਲੋਕਾਂ ਦਾ ਕੋਈ ਵਿਕਾਸ ਨਹੀਂ ਕਰ ਸਕੀਆਂ ਹਨ ਤੇ ਆਮ ਆਦਮੀ ਪਾਰਟੀ ਨੇ ਵੀ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤਾਂ ਵਿਚ ਬਸਪਾ ਹੀ ਅਕਾਲੀ ਭਾਜਪਾ ਸਰਕਾਰ ਦਾ ਸਹੀ ਬਦਲ ਹੈ ਤੇ ਲੋਕਾਂ ਵਲੋਂ ਪਾਰਟੀ ਨੂੰ ਭਰਵਾਂ ਹੁੰਗਾਰਾ ਵੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਬਸਪਾ ਸੱਤ੍ਹਾ ਵਿਚ ਆ ਕੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਨਾਲ ਨਾਲ ਲੋਕਾਂ ਨੂੰ ਸਸਤਾ ਤੇ ਵਧੀਆ ਇਲਾਜ ਤੇ ਸਿੱਖਿਆ ਦੇਵੇਗੀ ਤੇ ਨੌਜਵਾਨਾਂ ਨੂੰ ਰੁਜਗਾਰ ਦਿੱਤਾ ਜਾਵੇਗਾ। ਇਸ ਮੌਕੇ 'ਤੇ ਬਸਪਾ ਸੂਬਾ ਇੰਚਾਰਜ ਪ੍ਰਕਾਸ਼ ਭਾਰਤੀ ਤੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਵੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸਾਰੇ ਵਰਕਰਾਂ ਨੂੰ 2017 ਦੀਆਂ ਚੋਣਾਂ ਵਿਚ ਜਿੱਤ ਹਾਸਿਲ ਕਰਨ ਦੇ ਲਈ ਡਟ ਜਾਣ ਦੇ ਲਈ ਕਿਹਾ। ਇਸ ਤੋਂ ਇਲਾਵਾ ਬਸਪਾ ਸੂਬਾ ਪ੍ਰਧਾਨ ਸ੍ਰੀ ਰਾਜੂ ਨੇ ਪਾਰਟੀ ਤੇ ਸਾਰੇ ਵਰਕਰਾਂ ਦਾ ਉਨ੍ਹਾਂ ਨੂੰ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਦੇਣ ਦੇ ਲਈ ਵੀ ਧੰਨਵਾਦ ਕੀਤਾ।

ਇਸ ਮੌਕੇ 'ਤੇ ਬਸਪਾ ਸੂਬਾ ਉਪ ਪ੍ਰਧਾਨ ਅਜੀਤ ਸਿੰਘ ਭੈਣੀ, ਪਾਰਟੀ ਦੇ ਸੀਨੀਅਰ ਆਗੂ ਚੌਧਰੀ ਗੁਰਨਾਮ ਸਿੰਘ. ਸੂਬਾ ਜਨਰਲ ਸਕੱਤਰ ਬਲਵਿੰਦਰ ਕੁਮਾਰ, ਮਾਸਟਰ ਰਾਮ ਲੁਭਾਇਆ, ਜੋਗਾ ਸਿੰਘ ਪਨੌਂਦੀਆ, ਕੁਲਦੀਪ ਸਰਦੂਲਗੜ, ਸੰਤ ਰਾਮ ਮੱਲੀਆਂ, ਰੋਹਿਤ ਖੋਖਰ, ਹਰਭਜਨ ਬਲਾਲੋਂ, ਰਚਨਾ ਦੇਵੀ, ਸੁਰਿੰਦਰ ਢੰਡਾ. ਰਮੇਸ਼ ਕੌਲ, ਹਰਭਜਨ ਖਲਵਾੜਾ, ਹਲਕਾ ਨਵਾਂਸ਼ਹਿਰ ਤੋਂ ਉਮੀਦਵਾਰ ਡਾ. ਨਛੱਤਰ ਪਾਲ, ਬੰਗਾ ਤੋਂ ਉਮੀਦਵਾਰ ਠੇਕੇਦਾਰ ਰਜਿੰਦਰ ਸਿੰਘ, ਚੱਬੇਵਾਲ ਤੋਂ ਉਮੀਦਵਾਰ ਗੁਰਲਾਲ ਸੈਲਾ, ਮਹਿਲ ਕਲਾਂ ਤੋਂ ਉਮੀਦਵਾਰ ਡਾ. ਮੱਖਣ ਸਿੰਘ, ਫਰੀਦਕੋਟ ਤੋਂ ਉਮੀਦਵਾਰ ਗੁਰਬਖਸ਼ ਸਿੰਘ, ਕਿੱਕਰ ਸਿੰਘ, ਪਰਮਜੀਤ ਖਲਵਾੜਾ, ਲੇਖਰਾਜ ਜਮਾਲਪੁਰੀ, ਐਡਵੋਕੇਟ ਭੱਟੀ, ਕਾਲਾ ਪ੍ਰਭਾਕਰ ਆਦਿ ਵੀ ਮੌਜੂਦ ਸਨ।

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-4

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥(ਜਪੁਜੀ) ਪ੍ਰਮਾਤਮਾਂ ਅਤੇ ਸਾਡੇ ਵਿਚਾਲੇ ਬਣੀ ਕੂੜ ਦੀ ਕੰਧ ਕਿਵੇਂ ਤੁੱਟੇ? ਇਹ ਕੂੜ ਦੀ ਕੰਧ ਕੀ ਹੈ? ਬਾਰੇ ਇਸ ਚੌਥੀ ਕਿਸ਼ਤ ਵਿੱਚ ਲੜੀਵਾਰ ਵਿਚਾਰ ਕਰਦੇ ਹਾਂ। ਭੁੱਖਿਆ-ਭਾਵ ਤ੍ਰਿਸ਼ਨਾ ਅਧੀਨ ਰਹਿਣ ਨਾਲ ਮੋਹ ਮਾਇਆ ਪਦਾਰਥਾਂ ਨੂੰ ਇਕੱਠਾ ਕਰਨ ਦੀ ਭੁੱਖ ਕਦੇ ਖਤਮ ਨਹੀਂ ਸਕਦੀ ਭਾਵੇਂ ਮੈਂ ਸਾਰੀਆਂ ਪੁਰੀਆਂ ਭਵਨਾਂ (ਸਾਰੇ ਸੰਸਾਰ) ਦੇ ਕੀਮਤੀ ਤੋਂ ਕੀਮਤੀ ਪਦਾਰਥ ਇਕੱਠੇ ਕਰ ਲਵਾਂ। ਸਹਸ ਖਟੈ ਲਖ ਕਉ ਉਠ ਧਾਵੈ॥ ਤ੍ਰਿਪਤ ਆਵੈ ਮਾਇਆ ਪਾਛੈ ਪਾਵੈ॥ (ਗੁਰੂ ਗ੍ਰੰਥ) ਹਜਾਰਾਂ ਤੋਂ ਅੱਗੇ ਲੱਖਾਂ, ਕਰੋੜਾਂ, ਅਰਬਾਂ, ਖਰਬਾਂ ਕਮਾ ਕੇ, ਜਮਾ ਕਰਕੇ, ਲੋਭੀ ਮਨੁੱਖ ਰੱਜਦਾ ਨਹੀਂ ਸਗੋਂ ਅੱਗੇ ਹੋਰ ਮਾਇਕੀ ਪਦਾਰਥਾਂ ਦੇ ਪਿੱਛੇ ਪਿੱਛੇ ਦੌੜਦਾ ਹੈ। ਬਿਖਿਆ ਮਹਿ ਕਿਨਹੀ ਤ੍ਰਿਪਤ ਨ ਪਾਈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ, ਬਿਨ ਹਰਿ ਕਹਾ ਅਘਾਈ॥(੬੭੨) ਗੁਰ-ਦੇਵ ਫੁਰਮਾਂਦੇ ਹਨ ਕਿ ਮਾਇਕੀ ਪਦਾਰਥਾਂ ਵਿੱਚ ਕਿਸੇ ਨੇ ਵੀ ਸੰਤੁਸ਼ਟੀ ਹਾਸਲ ਨਹੀਂ ਕੀਤੀ। ਜਿਵੇਂ ਅੱਗ ਲੱਕੜਾਂ ਨਾਲ ਨਹੀਂ ਰੱਜਦੀ ਇਵੇਂ ਹੀ ਮਾਇਕੀ ਪਦਾਰਥਾਂ ਅਤੇ ਵਿਸ਼ਿਆਂ ਦਾ ਭੁੱਖਾ ਕਦੇ ਤ੍ਰਿਪਤ ਨਹੀਂ ਹੁੰਦਾ। ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ॥ਉਦਮੁ ਕਰੈ ਸੁਆਨ ਕੀ ਨਿਆਈ, ਚਾਰੇ ਕੁੰਟਾਂ ਘੋਖਾ॥(੬੭੨) ਦਿਨ ਪ੍ਰਤੀ ਦਿਨ ਬਹੁ ਪ੍ਰਕਾਰੀ ਭੋਜਨ ਕਰੇ ਤਾਂ ਵੀ ਮਨ ਦੀ ਭੁੱਖ ਨਹੀਂ ਮਿਟਦੀ, ਮਨੁੱਖ ਦਾ ਕੁੱਤੇ ਵਾਂਗ ਹਲਕਿਆ ਮਨ, ਚਾਰ ਚੁਫੇਰੇ ਦੌੜਦਾ ਫਿਰਦਾ ਹੈ। ਜਿਵੇਂ ਪਸ਼ੂ ਆਪਣੀ ਖੁਰਲੀ ਛੱਡ ਕੇ, ਹੋਰਲੀ ਵਿੱਚ ਮੂੰਹ ਮਾਰਦਾ ਹੈ ਇਵੇਂ ਹੀ ਪਦਾਰਥਾਂ ਦਾ ਭੁੱਖਾ ਸਭ ਕੁਝ ਘਰ ਹੁੰਦਿਆਂ ਵੀ ਬਾਹਰ ਦੌੜਦਾ ਫਿਰਦਾ ਹੈ।

ਹੁਣ ਦੇਖੋ ਸੰਸਾਰ ਵਿੱਚ ਭੇਖਾਰੀ ਤੋਂ ਲੈ ਕੇ ਰਾਜੇ ਤੱਕ ਇਸ ਭੁੱਖ ਦੀ ਦੌੜ ਲੱਗੀ ਹੋਈ ਹੈ। ਭੇਖਾਰੀ ਨੂੰ ਮੰਗਣ, ਰਾਜੇ ਨੂੰ ਹੋਰ ਹੋਰ ਦੇਸ਼ਾਂ ਨੂੰ ਆਪਣੇ ਅਧੀਨ ਕਰਨ, ਡੇਰੇਦਾਰ ਸੰਪ੍ਰਾਦਾਈ ਨੂੰ ਸਾਧਗਿਰੀ, ਜਥੇਬੰਦੀਆਂ ਦੇ ਮੁੱਖੀਆਂ ਨੂੰ ਪ੍ਰਧਾਨਗੀ ਅਤੇ ਚੌਧਰ, ਪਜਾਰੀਆਂ ਨੂੰ ਮਾਇਆ ਦਾਨ ਅਤੇ ਪੂਜਾ, ਪ੍ਰਬੰਧਕਾਂ ਨੂੰ ਗੋਲਕ ਭਰਨ ਦੀ ਭੁੱਖ ਲੱਗੀ ਰਹਿੰਦੀ ਹੈ, ਮਾਇਆ ਭਾਵੇਂ ਹੇਰਾ ਫੇਰੀ ਦੀ ਵੀ ਕਿਉਂ ਨਾ ਹੋਵੇ ਅਤੇ ਭਾਵੇ ਰੱਬੀ-ਸਿਧਾਂਤ (ਮਾਇਆ ਅਤੇ ਕਰਮਕਾਂਡਾਂ) ਤੋਂ ਨਿਛਾਵਰ ਕਿਉਂ ਨਾ ਕਰਨੇ ਪੈਣ।

ਭੁੱਖਿਆ ਭੁੱਖ ਨਾ ਉਤਰੈ ਗਲੀਂ ਭੁੱਖ ਨ ਜਾਇ॥ ਨਾਨਕ ਭੁੱਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ (੧੪੭) ਐਸੇ ਭੁੱਖਿਆਂ ਦੀ ਪਦਾਰਥਕ ਭੁੱਖ ਕਦੇ ਗੱਲਾਂ ਨਾਲ ਨਹੀਂ ਉੱਤਰਦੀ ਪਰ ਹੇ ਨਾਨਕ ਭੁੱਖਾ ਮਨ ਤਾਂ ਹੀ ਰੱਜਦਾ ਹੈ ਜੇ ਆਪਣੀ ਚੌਦਰ, ਵਡਿਆਈ ਅਤੇ ਭੇਖੀ ਸਾਧਾਂ ਸੰਤਾਂ ਦੀ ਪੂਜਾ ਪ੍ਰਤਿਸ਼ਟਾ ਛੱਡ ਕੇ, ਗੁਣੀ ਪ੍ਰਮਾਤਮਾਂ ਦੀ ਸਿਫਤ ਸਲਾਹ ਕਰਦਾ, ਗੁਣੀ ਪ੍ਰਮਾਤਮਾਂ ਨਾਲ ਇੱਕਮਿਕ ਹੋ ਜਾਵੇ। ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸ਼ਨਾ ਭੁਖ ਨ ਜਾਇ॥ ਅੰਦਰੁ ਤ੍ਰਿ-ਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ॥(੬੪੯) ਮਨਮੁੱਖ ਜਵਾਨ ਤੇ ਭਾਵੇਂ ਬੁੱਢਾ ਹੋਵੇ ਉਸ ਦੀ ਤ੍ਰਿਸ਼ਨਾ ਦੀ ਭੁੱਖ ਨਹੀਂ ਜਾਂਦੀ ਪਰ ਜੇ ਅੰਦਰ ਗੁਰੂ ਗਿਆਨ ਅਤੇ ਰੱਬੀ ਗੁਣਾਂ ਨਾਲ ਮਨ ਸੰਤੋਖਿਆ ਜਾਵੇ ਤਾਂ ਇਹ ਪਦਾਰਥਕ ਭੁੱਖ ਲਹਿ ਜਾਂਦੀ ਹੈ। ਭਾਵ ਸਾਡੇ ਅਤੇ ਪ੍ਰਮਾਤਮਾਂ ਵਿੱਚਾਲੇ ਬਣੀ ਕੂੜ ਮੋਹ ਮਾਇਆ ਚੌਧਰ ਦੀ ਪਰਤ ਵੀ ਪ੍ਰਭੂ ਤੋਂ ਸਾਡੀ ਦੂਰੀ ਬਣਾਈ ਰੱਖਦੀ ਹੈ।

(ਚਲਦਾ)



ਅਵਤਾਰ ਸਿੰਘ ਮਿਸ਼ਨਰੀ
510-432-5827

# ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਹਸਪਤਾਲ ਅਤੇ ਐਜੂਕੇਸ਼ਨ ਟਰੱਸਟ

## ਜਿਸ ਦਾ ਉਦਘਾਟਨ ਕੰਜਕਾਂ ਨੇ ਕੀਤਾ

**ਬੰਗਾ (ਪੰਮੀ ਲਾਲੋ ਮਜਾਰਾ)–** ਬੰਗਾ ਤੋਂ ਨਵਾਂ ਸ਼ਹਿਰ ਨੂੰ ਜਾਂਦਿਆਂ ਖੱਬੇ ਹੱਥ ਬਿਲਕੁਲ ਪਿੰਡ ਥਾਦੀਆਂ ਦੇ ਮੋੜ ਤੇ ਲੋਕਾਂ ਦੇ ਸਹਿਯੋਗ ਨਾਲ ਤੇ ਲੋਕਾਂ ਦਾ ਇਲਾਜ (ਸਸਤੇ ਭਾਅ 'ਚ) ਕਰਨ ਵਾਸਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਅਤੇ ਐਜੂਕੇਸ਼ਨ ਟਰੱਸਟ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਵੇਲੇ ਕਿਸੇ ਵੀ ਸਿਆਸੀ ਆਗੂ ਦੀ ਸ਼ਮੂਲੀਅਤ ਜ਼ਰੂਰੀ ਨਹੀਂ ਸਮਝੀ ਗਈ। ਉਦਘਾਟਨ ਰਿੱਧੀਮਾ ਸ਼ਰਮਾ ਤੇ ਵੈਸ਼ਾਲੀ ਲਾਖਾ ਨਾਂ ਦੀਆਂ ਦੋ ਪਿਆਰੀਆਂ ਜਿਹੀਆਂ ਕੰਜਕਾਂ ਤੋਂ ਕਰਵਾਇਆ ਗਿਆ। ਉਦਘਾਟਨ ਮੌਕੇ ਚੌਂਹ ਵਰਣਾਂ ਦੇ ਧਾਰਮਿਕ ਆਗੂ ਨੇ ਅਰਦਾਸ ਕੀਤੀ, ਜਿਹਨਾਂ ਦੇ ਨਾਮ ਕ੍ਰਮਵਾਰ ਪਾਸਟਰ ਰਾਜਿੰਦਰ ਕੁਮਾਰ, ਗਿਆਨੀ ਪਲਵਿੰਦਰ ਸਿੰਘ, ਚਰਨ ਕੰਵਲ ਬੰਗਾ, ਮੌਲਵੀ ਗੁਲਾਮ ਹੁਸੈਨ ਬਹਿਰਾਮ ਅਤੇ ਪੰਡਿਤ ਜੀ ਕਾਹਮੇ ਵਾਲੇ। ਇਸ ਹਸਪਤਾਲ 'ਤੇ ਲੱਗਭੱਗ 4 ਕਰੋੜ ਦਾ ਖਰਚਾ ਆਵੇਗਾ। ਜਿਸ ਵਿਚ 85 ਲੱਖ ਰੁਪਏ ਦੀ 8 ਕਨਾਲ ਜ਼ਮੀਨ ਦਾ ਪ੍ਰਬੰਧ ਕੀਤਾ ਗਿਆ ਹੈ। ਲੱਗਭੱਗ ਡੇਢ ਕਰੋੜ 'ਚ ਹਸਪਤਾਲ ਦੀ ਬਿਲਡਿੰਗ ਤਿਆਰ ਹੋਵੇਗੀ ਤੇ ਐਨਾ ਕੁ ਹੀ ਖਰਚਾ ਲੱਗਭੱਗ ਹਸਪਤਾਲ ਲਈ ਆਧੁਨਿਕ ਮਸ਼ੀਨਾਂ ਖਰੀਦ ਤੇ ਆਵੇਗਾ। ਲੱਗਭੱਗ 8 ਕੁ ਮਹੀਨੇ ਵਿਚ ਇਹ ਪ੍ਰਾਜੈਕਟ ਤਿਆਰ ਹੋ ਕੇ ਲੋਕਾਂ ਦੇ ਇਲਾਜ ਵਾਸਤੇ, ਲੋਕਾਂ ਨੂੰ ਸਮਰਪਿਤ ਹੋ ਜਾਵੇਗਾ। ਅਸਲ ਵਿਚ ਇਸ ਪ੍ਰਾਜੈਕਟ ਦਾ ਸੁਪਨਾ ਡਾ. ਬੀ. ਐਸ. ਬੱਲ ਦਾ ਹੈ। ਜੋ ਕਿ ਇਸ ਸੰਸਥਾ ਦਾ ਜਰਨਲ ਸੈਕਟਰੀ ਹੈ। ਪਰ ਉਹਦੇ ਨਾਲ ਇਸ ਪ੍ਰਾਜੈਕਟ ਨੂੰ ਜਲਦੀ ਪੂਰਾ ਕਰਕੇ ਆਮ ਲੋਕਾਂ ਦੇ



ਇਲਾਜ ਨੂੰ ਸਮਰਪਿਤ ਕਰਨ ਵਾਲੇ, ਮੋਢੇ ਨਾਲ ਭਰਾਵਾਂ ਵਰਗੇ ਮਿਸ਼ਨਰੀ ਸੋਚ ਰੱਖਣ ਵਾਲੇ, ਡਾ. ਨਾਮਦੇਵ ਬੰਗੜ (ਰਿਟਾ: ਸੀਨੀਅਰ ਅਫਸਰ ਪੀ. ਸੀ. ਐਮ. ਐਸ.-1) ਜੋ ਕਿ ਇਸ ਸੰਸਥਾ ਦੇ ਪ੍ਰੈਜ਼ੀਡੈਂਟ ਵੀ ਹਨ, ਨੇ ਡਾ. ਮੁਕੇਸ਼ ਉਪਾਧਿਆਏ ਅਤੇ ਡਾ. ਬਲਵਿੰਦਰ ਲਾਖਾ ਵੀ ਹਨ, ਜੋ ਹਰ ਵਕਤ ਨਰੋਈ ਸੋਚ ਤਹਿਤ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਮੋਢੇ ਨਾਲ ਮੋਢਾ ਡਾਹ ਕੇ ਡੋਰ-ਟੂ-ਡੋਰ ਜਾਣ ਨੂੰ ਤੇ ਹਰ ਕੁਰਬਾਨੀ ਕਰਨ ਨੂੰ ਵੀ ਤਿਆਰ ਹਨ। ਰਾਜ ਕੁਮਾਰ ਸ਼ਰਮਾ (ਫਰਮਾਸਿਸਟ) ਇਕ ਹੋਰ ਮਿਹਨਤੀ ਸ਼ਖਸ ਹੈ, ਜੋ ਇਸ ਮਿਸ਼ਨਰੀ ਟੀਮ ਦਾ ਹਿੱਸਾ ਹੈ। ਪਹਿਲਾਂ ਇਸ ਕੇਸ ਨੂੰ ਸੀਨੀਅਰ ਟਾਊਨ ਪਲੋਤਰ ਨੇ ਕੈਂਸਲ ਕਰ ਦਿੱਤਾ ਸੀ। ਜਦ ਇਲਾਕੇ ਦੀਆਂ ਫਿਰ ਸਾਰੀਆਂ ਪੰਚਾਇਤਾਂ ਨੇ ਮਤੇ ਪਾ ਕੇ ਦਿੱਤੇ ਤਾਂ ਸਰਕਾਰ ਨੂੰ ਆਪਣੀ ਪਾਲਸੀ ਕੈਂਸਲ ਕਰਕੇ ਇਸ ਪ੍ਰਾਜੈਕਟ ਨੂੰ ਅਖੀਰ ਮਨਜ਼ੂਰੀ ਦੇਣੀ ਹੀ ਪਈ। ਸਮੁੱਚੀ ਟੀਮ ਦਾ ਸਾਰਾ ਹਿਸਾਬ-ਕਿਤਾਬ ਐਨਾ ਪਾਰਦਰਸ਼. ਹੈ ਕਿ ਦਸ ਹਜ਼ਾਰ ਦੀ ਵੀ ਰਸੀਦ ਕੱਟ ਕੇ ਦਿੱਤੀ ਜਾਂਦੀ ਹੈ ਤੇ 10 ਰੁਪਏ ਦੀ ਵੀ। ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਸਤਨਾਮ ਸਿੰਘ ਚਿੰਗੜ ਸਾਬਕਾ ਪ੍ਰੈਜ਼ੀਡੈਂਟ ਸ੍ਰੀ ਗੁਰੂ ਰਵਿਦਾਸ ਸਭਾ ਯੂ. ਐਸ. ਏ. ਤੇ ਗੁਰਮੇਜ਼ ਝਿੰਗੜਾਂ ਬੈਂਕ ਕੈਸ਼ੀਅਰ ਵੀ ਤਨ-ਮਨ ਨਾਲ ਸਹਿਯੋਗ ਕਰ ਰਹੇ ਹਨ। ਇਸ ਹਸਪਤਾਲ ਦੀ ਸਮੁੱਚੀ ਮਿਹਨਤਕਸ਼ ਟੀਮ ਦਾ ਦੁਨੀਆਂ ਭਰ ਵਿਚ ਵੱਸਦੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਤੇ ਬਾਬਾ ਸਾਹਿਬ ਦੇ ਪੈਰੋਕਾਰਾਂ ਨੂੰ ਅਪੀਲ ਹੈ ਕਿ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਆਰਥਿਕ ਮਦਦ ਜ਼ਰੂਰ ਭੇਜਣ। ਕਿਉਂਕਿ ਇਹ ਹਸਪਤਾਲ ਤੁਹਾਡਾ ਹੈ ਤੇ ਆਪਣੇ ਦਲਿਤ ਸਮਾਜ ਦਾ ਹੈ।

# ਲੇਖਕ ਜਸਵੀਰ ਸਿੰਘ ਮੋਰੋਂ ਨੂੰ ਸਦਮਾ, ਪਿਤਾ ਦਾ ਦਿਹਾਂਤ



**ਮੁਕੰਦਪੁਰ–** ਉੱਘੇ ਲੇਖਕ ਜਸਵੀਰ ਸਿੰਘ ਮੋਰੋਂ ਦੇ ਪਿਤਾ ਸ. ਪਿਆਰਾ ਸਿੰਘ (80) ਜੋ ਕਿ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਸ. ਪਿਆਰਾ ਸਿੰਘ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਜਿਨ੍ਹਾਂ ਦੇ ਅੰਤਿਮ ਸਸਕਾਰ ਪਿੰਡ ਮੋਰੋਂ ਵਿਖੇ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਤੋਂ ਇਲਾਵਾ ਸਕੇ ਸਬੰਧੀ ਅਤੇ ਪਿੰਡ ਨਿਵਾਸੀ ਮੌਜੂਦ ਸਨ। ਉਨ੍ਹਾਂ ਦੇ ਨਮਿਤ ਸ਼ਰਧਾਂਜ਼ਲੀ ਸਮਾਗਮ 9 ਅਕਤੂਬਰ ਦਿਨ ਐਤਵਾਰ ਨੂੰ ਉਨ੍ਹਾਂ ਦੇ ਪਿੰਡ ਮੋਰੋਂ ਵਿਖੇ ਕੀਤਾ ਗਿਆ। ਇਸ ਮੌਕੇ ਬਹੁਤ ਸਾਰੇ ਬੁੱਧੀਜੀਵੀਆਂ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਅਦਾਰਾ 'ਦੇਸ਼ ਦੁਆਬਾ' ਸਮੂਹ ਮੋਰੋਂ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਿਆਂ ਗਹਿਰਾ ਦੁੱਖ ਪ੍ਰਗਟ ਕਰਦਾ ਹੈ।

### ਕਾਊਟੀਜ਼ ਮੈਨੁਕਾਓ ਜ਼ਿਲ੍ਹਾ ਹੈਲਥ ਬੋਰਡ

# ਪੰਜਾਬੀ ਮੂਲ ਦੇ ਸ੍ਰੀ ਨਰਿੰਦਰ ਸਿੰਗਲਾ ਅਤੇ ਸ੍ਰੀ ਵਿਜੈ ਸੈਣੀ ਨਹੀ ਜਿੱਤ ਸਕੇ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਕਾਊਂਟੀਜ਼ ਮੈਨੁਕਾਓ ਜ਼ਿਲ੍ਹਾ ਹੈਲਥ ਬੋਰਡ ਦੀਆਂ ਹੋਈਆਂ ਚੋਣਾਂ 'ਚ ਖੜੇ ਦੋ ਪੰਜਾਬੀ ਮੂਲ ਦੇ ਉਮੀਦਵਾਰ ਸ੍ਰੀ ਨਰਿੰਦਰ ਸਿੰਗਲਾ ਅਤੇ ਸ੍ਰੀ ਵਿਜੈ ਸੈਣੀ ਆਪਣੀ ਚੋਣ ਹਾਰ ਗਏ ਹਨ। ਉਨ੍ਹਾਂ ਨੂੰ ਕ੍ਰਮਵਾਰ 2708 ਅਤੇ 1447 ਵੋਟਾਂ ਪ੍ਰਾਪਤ ਹੋਈਆਂ। ਸ੍ਰੀ ਸਿੰਗਲਾ 17ਵੇਂ ਸਥਾਨ ਉਤੇ ਸ੍ਰੀ ਸੈਣੀ 23ਵੇਂ ਸਥਾਨ ਉਤੇ ਰਹੇ। ਪਾਕਿਸਤਾਨੀ ਮੂਲ ਦੇ ਸ੍ਰੀ ਅਸ਼ਰਫ ਚੌਧਰੀ ਇਹ ਚੋਣ 11157 ਵੋਟਾਂ ਲੈ ਕੇ ਜਿੱਤ ਗਏ ਹਨ।

ਪੰਜਾਬੀ ਉਮੀਦਵਾਰਾਂ ਵੱਲੋਂ ਵੋਟਰਾਂ ਦਾ ਧੰਨਵਾਦ: ਦੋਵਾਂ ਪੰਜਾਬੀ ਮੂਲ ਦੇ ਉਮੀਦਵਾਰਾਂ ਸ੍ਰੀ ਨਰਿੰਦਰ ਸਿੰਗਲਾ ਅਤੇ ਸ੍ਰੀ ਵਿਜੈ ਸੈਣੀ ਹੋਰਾਂ ਸਮੁੱਚੇ ਭਾਰਤੀ ਭਾਈਚਾਰੇ ਦਾ ਦਿੱਤੇ ਸਹਿਯੋਗ ਲਈ ਅਤੇ ਕੀਮਤੀ ਵੋਟਾਂ ਪਾ ਕੇ ਆਪਣਾ ਵਿਸ਼ਵਾਸ਼ ਪ੍ਰਗਟ ਕਰਨ ਲਈ ਧੰਨਵਾਦ ਕੀਤਾ ਹੈ। ਇਨ੍ਹਾਂ ਚੋਣਾਂ ਦੌਰਾਨ ਉਨ੍ਹਾਂ ਕਾਫੀ ਕੁਝ ਨਵਾਂ ਸਿੱਖਿਆ ਹੈ ਅਤੇ ਅਗਲੀ ਵਾਰ ਨਵੀਂ ਰਣਨੀਤੀ ਦੇ ਨਾਲ ਉਹ ਮੈਦਾਨ ਦੇ ਵਿਚ ਕੁੱਦ ਸਕਦੇ ਹਨ।

# ਬਹੁਜਨ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ

**ਰੂਪਨਗਰ (ਕੁਲਦੀਪ ਚੰਦ)**–ਬਾਬੂ ਕਾਂਸ਼ੀ ਰਾਮ ਫਾਂਉਡੇਸ਼ਨ ਅਤੇ ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਬੀ ਐਸ4 ਵਲੋਂ ਬਹੁਜਨ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ। ਸਾਹਿਬ ਕਾਂਸ਼ੀ ਰਾਮ ਦੇ ਜਨਮ ਸਥਾਨ ਪਿੰਡ ਪ੍ਰਿਥੀਪੁਰ ਬੁੰਗਾ ਜਿਲ੍ਹਾ ਰੂਪਨਗਰ ਵਿੱਚ ਬਾਬੂ ਕਾਂਸ਼ੀ ਰਾਮ ਫਾਂਉਡੇਸ਼ਨ ਦੇ ਆਗੂਆਂ ਪ੍ਰਭਜੀਤ ਸਿੰਘ, ਰਵਿੰਦਰ ਸਿੰਘ, ਭੁਪਿੰਦਰ ਕੌਰ, ਪ੍ਰਮਿੰਦਰ ਕੌਰ, ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਬੀ ਐਸ4 ਦੇ ਚੇਅਰਮੈਨ ਮੈਡਮ ਜਸਵਿੰਦਰ ਕੌਰ, ਪੰਜਾਬ ਪ੍ਰਧਾਨ ਕੁਲਦੀਪ ਚੰਦ, ਜਨਰਲ ਸਕੱਤਰ ਹਰਨੇਕ ਸਿੰਘ, ਚੰਡੀਗੜ੍ਹ ਪ੍ਰਧਾਨ ਤ੍ਰਿਲੋਕੀ ਨਾਥ, ਉਪੱ ਪ੍ਰਧਾਨ ਕ੍ਰਿਪਾਲ ਸਿੰਘ, ਪਰਮਿੰਦਰ ਪਾਲ, ਰਾਕੇਸ਼ ਕੁਮਾਰ ਆਦਿ ਦੀ ਅਗਵਾਈ ਵਿੱਚ ਵੱਖ ਵੱਖ ਆਗੂਆਂ ਅਤੇ ਵਰਕਰਾਂ ਨੇ ਮਿਲਕੇ ਸਾਹਿਬ ਕਾਂਸ਼ੀ ਰਾਮ ਦੇ ਬੁੱਤ ਤੇ ਫੁੱਲਾਂ ਦੇ ਹਾਰ ਪਾਕੇ ਸ਼ਰਧਾਂਜ਼ਲੀ ਭੇਂਟ ਕੀਤੀ। ਇਸ ਮੌਕੇ ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਬੀ ਐਸ4 ਦੇ ਚੇਅਰਮੈਨ ਮੈਡਮ ਜਸਵਿੰਦਰ ਕੌਰ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਅਪਣੇ ਸੁੱਖਾਂ ਨੂੰ ਤਿਆਗਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਵਲੋਂ ਸ਼ੁਰੂ ਕੀਤੇ ਗਏ ਮਿਸ਼ਨ ਨੂੰ ਅੱਗੇ ਤੋਰਿਆ। ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਬੀ ਐਸ4 ਦੇ ਪੰਜਾਬ ਪ੍ਰਧਾਨ ਕੁਲਦੀਪ ਚੰਦ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੀ ਬਹੁਤੀ ਅਬਾਦੀ ਜੋ ਕਿ ਵੱਖ ਵੱਖ ਜਾਤਾਂ ਵਿੱਚ ਵੰਡੀ ਹੋਈ ਸੀ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਦੀ ਮੁਹਿੰਮ ਚਲਾਈ। ਉਨ੍ਹਾਂ ਕਿਹਾ ਕਿ



ਸਾਹਿਬ ਕਾਂਸ਼ੀ ਰਾਮ ਵਲੋਂ ਚਲਾਈ ਗਈ ਜਾਗਰੂਕਤਾ ਮੁਹਿੰਮ ਕਾਰਨ ਹੀ ਦਲਿਤਾਂ ਦਾ ਸਵੈਮਾਣ ਵਧਿਆ ਅਤੇ ਸਾਹਿਬ ਵਲੋਂ ਤਿਆਰ ਕੀਤੀ ਗਈ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਨੂੰ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਰਾਜ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਵਿੱਚ ਪਿਛਲੇ ਕਈ ਸਾਲਾਂ ਤੋਂ ਖੜੋਤ ਆਈ ਹੈ ਅਤੇ ਇਸ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਅਤੇ ਘਰ ਘਰ ਪਹੁੰਚਾਣ ਲਈ ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਬੀ ਐਸ4 ਦਿਨ ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਸਾਹਿਬ ਦੇ ਪਰਿਵਾਰ, ਬਾਬੂ ਕਾਂਸ਼ੀ ਰਾਮ ਫਾਂਉਡੇਸ਼ਨ ਅਤੇ ਹੋਰ ਹਮ ਖਿਆਲੀ ਸੰਗਠਨਾਂ ਨਾਲ ਮਿਲਕੇ ਕੰਮ ਕੀਤਾ ਜਾ ਰਿਹਾ ਹੇ। ਉਨ੍ਹਾਂ ਹਾਜਰ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਸਮਾਜਿਕ ਪਰਿਵਰਤਨ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਨੋਜਵਾਨਾ ਨੂੰ ਵੱਧ ਤੋਂ ਵੱਧ ਨਾਲ ਜੋੜਿਆ ਜਾਵੇ। ਇਸ ਮੋਕੇ ਬਾਬੂ ਕਾਂਸ਼ੀ ਰਾਮ ਫਾਂਉਡੇਸ਼ਨ ਦੇ ਆਗੂਆਂ ਪ੍ਰਭਜੀਤ ਸਿੰਘ, ਰਵਿੰਦਰ ਸਿੰਘ ਆਦਿ ਨੇ ਸਾਹਿਬ ਕਾਂਸ਼ੀ ਦੇ ਸੰਘਰਸ਼ਮਈ ਜੀਵਨ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੋਕੇ ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਬੀ ਐਸ4 ਦੇ ਆਗੂਆਂ ਹਰਨੇਕ ਸਿੰਘ, ਤ੍ਰਿਲੋਕੀ ਨਾਥ, ਕ੍ਰਿਪਾਲ ਸਿੰਘ, ਕੁਲਵਿੰਦਰ ਸਿੰਘ ਨੈਸ਼ਨਲ ਐਵਾਰਡੀ, ਪਰਮਿੰਦਰ ਪਾਲ, ਸੰਜੇ ਸਿੰਘ ਉਨਾ, ਰਾਕੇਸ਼ ਕੁਮਾਰ ਆਦਿ ਨੇ ਵੀ ਸਾਹਿਬ ਕਾਂਸ਼ੀ ਰਾਮ ਸਬੰਧੀ ਅਪਣੇ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਰੋਹਿਤ, ਸ਼ਿਵ ਕੁਮਾਰ, ਹਰਮਨ, ਰਾਜੇਸ਼ ਕੁਮਾਰ, ਸਾਗਰ, ਡਾਕਟਰ ਵਿਕਰਮ ਯਾਦਵ, ਕਮਲੇਸ਼ ਕੁਮਾਰ, ਗੁਰਮੇਲ ਸਿੰਘ, ਜਸਨੂਰ ਸਿੰਘ, ਨਿਮਰਤ ਕੌਰ, ਹਰਵੀਰ ਸਿੰਘ, ਸ਼ਿਵਮ ਕੁਮਾਰ, ਹਰਵਿੰਦਰ ਸਿੰਘ, ਗੋਪਾਲ ਸਿੰਘ, ਸੁਖਦੇਵ, ਗੁਰਪ੍ਰੀਤ ਸਿੰਘ ਤਾਜੀ, ਸਰਦਾਰੀ ਲਾਲ, ਚੰਨਣ ਰਾਮ, ਸੁਰਿੰਦਰ ਕੁਮਾਰ ਨੰਗਲ, ਰਾਕੇਸ਼ ਕੁਮਾਰ ਆਦਿ ਹਾਜਰ ਸਨ।

# ਵਿਸ਼ਵ ਪ੍ਰਸਿੱਧ ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ ਮਨਾਇਆ

**ਬਟਾਲਾ (ਬਰਨਾਲ)–** ਵਿਸ਼ਵ ਪ੍ਰਸਿੱਧ ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ ਸਥਾਨਕ ਸ਼ਿਵ ਆਡੋਟੋਰੀਅਮ ਵਿਖੇ ਮਨਾਇਆ ਗਿਆ, ਜਿਸ ਵਿਚ ਪ੍ਰਸ਼ਾਸਨ ਅਧਿਕਾਰੀ ਤੇ ਸ਼ਿਵ ਕੁਮਾਰ ਬਟਾਲਵੀ ਦੇ ਪ੍ਰੇਮੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ ਤੇ ਸਾਹਿਤ ਪ੍ਰੇਮੀਆਂ ਵਲੋਂ ਮਿਲਕੇ ਕੇਕ ਕੱਟਿਆ ਗਿਆ। ਪੱਤਰਕਾਰਾਂ ਨਾਲ ਗੱਲ ਬਾਤ ਕਰਦਿਆਂ ਸ੍ਰੀ ਮਨਜੀਤ ਸਿੰਘ ਤਹਿਸੀਲਦਾਰ ਬਟਾਲਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀ ਪ੍ਰਦੀਪ ਸੱਭਰਵਾਲ ਦੇ ਨਿਰਦੇਸ਼ਾਂ ਤਹਿਤ



ਅੱਜ ਸਥਾਨਕ ਸਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਬਟਾਲਾ ਵਿਚ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ ਮੌਕੇ ਸਾਹਿਤ ਪ੍ਰੇਮੀਆਂ ਵਲੋਂ ਸ਼ਿਵ ਬਟਾਲਵੀ ਨੂੰ ਯਾਦ ਕੀਤਾ ਗਿਆ । ਉਨਾਂ ਅੱਗੇ ਕਿਹਾਕਿ ਕਿ ਪੰਜਾਬ ਸਰਕਾਰ ਵੱਲੋਂ ਆਡੀਟੋਰੀਅਮ ਦੇ ਰੂਪ ਵਿੱਚ ਸਾਹਿਤ ਪ੍ਰੇਮੀਆਂ ਨੂੰ ਇਹ ਖੂਬਸੂਰਤ ਤੋਹਫਾ ਦਿੱਤਾ ਗਿਆ ਤੇ ਸਾਹਿਤ ਪ੍ਰੇਮੀ ਸ਼ਿਵ ਬਟਾਲਵੀ ਨੂੰ ਯਾਦ ਕਰਦੇ ਹਨ । ਇਸ ਮੌਕੇ ਕੇ.ਸ਼ਰਨਜੀਤ, ਜਸਵੰਤ ਹਾਂਸ, ਡਾ.ਐਸ.ਐਸ ਨਿੱਝਰ, ਦਵਿੰਦਰ ਦੀਦਾਰ, ਜੇ.ਪੀ ਸਿੰਘ, ਅਜੀਤ ਕੰਵਲ, ਸੁਲਤਾਨ ਭਾਰਤੀ, ਸੁਖਦੇਵ ਸਿੰਘ ਪ੍ਰੇਮੀ, ਪ੍ਰਸੋਤਮ ਸਿੰਘ ਲੱਲੀ, ਕੁਲਦੀਪ ਸੱਗੂ, ਨਰਗਸ ਸਲਾਮਤ ਤੇ ਵੱਖ-ਵੱਖ ਬੁੱਧੀਜੀਵੀ, ਸ਼ਾਇਰ ਤੇ ਪੱਤਰਕਾਰ ਸਾਥੀ ਮੋਜੂਦ ਸਨ।

# ਸਰਕਾਰੀ ਸਿਹਤ ਸਹੂਲਤਾਂ ਦੀ ਹਕੀਕਤ - ਗ਼ਰੀਬ ਵਿਅਕਤੀ ਖ਼ੁਦ 'ਡਾਕਟਰ' ਬਣਨ ਲਈ ਮਜਬੂਰ

**ਹਰ ਵੇਰ ਜਦੋਂ ਵੀ ਸਿਹਤ ਸੰਬੰਧੀ ਵੱਡੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ, ਚਾਹੇ ਉਹ ਦੇਸ਼ 'ਚ ਫੈਲੀ ਪਲੇਗ ਹੋਵੇ, ਨਿੱਤ ਵਧ ਰਿਹਾ ਕੈਂਸਰ ਹੋਵੇ, ਮਲੇਰੀਆ, ਡੇਂਗੂ, ਚਿਕਨਗੁਣੀਆ ਹੋਵੇ, ਲੋਕਾਂ, ਖ਼ਾਸ ਕਰ ਕੇ ਹੇਠਲੇ ਵਰਗ ਦੇ ਲੋਕਾਂ, ਲਈ ਆਰਥਿਕ ਪੱਖੋਂ ਵੱਡੀ ਬਿਪਤਾ ਆ ਪੈਂਦੀ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਦੇਸ਼ ਦਾ ਅਮੀਰ , ਗ਼ਰੀਬ ਤਬਕਾ ਇਨ੍ਹਾਂ ਦਿਨਾਂ 'ਚ ਚਿਕਨਗੁਣੀਆ, ਡੇਂਗੂ ਜਿਹੀਆਂ ਬੀਮਾਰੀਆਂ ਦੀ ਦਹਿਸ਼ਤ ਹੇਠ ਹੈ। ਉਂਜ ਤਾਂ ਸਾਲ ਭਰ ਪ੍ਰਾਈਵੇਟ , ਸਰਕਾਰੀ ਹਸਪਤਾਲ, ਪ੍ਰਾਈਵੇਟ ਕਲਿਨਿਕ ਜਾਨ-ਲੇਵਾ ਬੀਮਾਰੀਆਂ ਜਾਂ ਸਧਾਰਨ ਬੀਮਾਰੀਆਂ ਦਾ ਇਲਾਜ ਕਰਾਉਣ ਆਏ ਲੋਕਾਂ ਨਾਲ ਭਰੇ ਦਿਖਾਈ ਦੇਂਦੇ ਹਨ, ਪਰ ਅੱਜ ਕੱਲ੍ਹ ਸਿਹਤ ਸਹੂਲਤਾਂ ਵੇਚਣ ਵਾਲਿਆਂ ਸਮੇਤ ਮੈਡੀਕਲ ਸਟੋਰਾਂ, ਦਵਾਸਾਜ਼ ਕੰਪਨੀਆਂ, ਲੈਬਾਰਟਰੀਆਂ, ਸਕੈਨਿੰਗ ਸੈਂਟਰਾਂ ਦੀ ਚਾਂਦੀ ਹੈ। ਹਸਪਤਾਲ, ਕਲਿਨਿਕ ਮਰੀਜ਼ਾਂ ਨਾਲ ਭਰੇ ਦਿੱਸਦੇ ਹਨ ਅਤੇ ਮੱਧ-ਵਰਗੀ ਅਤੇ ਗ਼ਰੀਬ ਪਰਵਾਰਾਂ ਦੀ ਇਸ ਅਵੱਸਥਾ ਵਿੱਚ ਹੋ ਰਹੀ ਲੁੱਟ ਸਧਾਰਨ ਚੱਲਦੇ ਜੀਵਨ ਨੂੰ ਸਵਾਲੀਆ ਨਿਸ਼ਾਨ 'ਚ ਬਦਲ ਰਹੀ ਹੈ। ਸਰਕਾਰੀ ਹਸਪਤਾਲਾਂ ਵਿੱਚ ਪਈ ਮਹਿੰਗੀ ਮਸ਼ੀਨਰੀ ਦੀ ਰੋਗਾਂ ਦੇ ਇਲਾਜ ਲਈ ਵਰਤੋਂ ਹੋ ਨਹੀਂ ਰਹੀ ਜਾਂ ਕੀਤੀ ਨਹੀਂ ਜਾ ਰਹੀ, ਜਿਸ ਦਾ ਫਾਇਦਾ ਪ੍ਰਾਈਵੇਟ ਸਿਹਤ ਸਹੂਲਤਾਂ ਦੇਣ ਵਾਲੇ ਲੋਕ ਲੈ ਰਹੇ ਹਨ। ਆਮ ਲੋਕਾਂ ਦੀ ਹਾਲਤ 'ਮਰਦਾ ਕੀ ਨਹੀਂ ਕਰਦਾ' ਵਾਲੀ ਬਣੀ ਹੋਈ ਹੈ। ਮਰੀਜ਼ ਨੂੰ ਤਾਂ ਇਲਾਜ ਚਾਹੀਦਾ ਹੈ। ਉਸ ਦੇ ਘਰਦਿਆਂ ਨੂੰ ਉਸ ਦੀ ਜਾਨ ਬਚੀ ਚਾਹੀਦੀ ਹੈ ਤੇ ਉਹ ਹਰ ਹੀਲਾ-ਵਸੀਲਾ ਵਰਤ ਕੇ, ਏਥੋਂ ਤੱਕ ਕਿ ਕਰਜ਼ਾ ਲੈ ਕੇ ਵੀ, ਇਲਾਜ ਕਰਵਾ ਰਹੇ ਹਨ। ਲੱਗਭੱਗ ਪੌਣੀ ਸਦੀ ਦੀ ਆਜ਼ਾਦੀ ਤੋਂ ਬਾਅਦ ਵੀ ਕੀ ਦੇਸ਼ ਦਾ ਹਰ ਨਾਗਰਿਕ ਮੁਫਤ ਸਿਹਤ ਸਹੂਲਤਾਂ ਦਾ ਹੱਕਦਾਰ ਨਹੀਂ ਸੀ ਬਣਨਾ ਚਾਹੀਦਾ?

ਦੇਸ਼ ਵਿੱਚ ਸਮੇਂ-ਸਮੇਂ ਬਣੀਆਂ ਸਰਕਾਰਾਂ ਨੇ ਸਧਾਰਨ, ਗ਼ਰੀਬ, ਮੱਧ-ਵਰਗੀ ਪਰਵਾਰਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਵੱਡੀਆਂ-ਵੱਡੀਆਂ ਸਕੀਮਾਂ ਬਣਾਈਆਂ। ਮਨਰੇਗਾ, ਸਭ ਲਈ ਘਰ, ਸਵੱਛ ਭਾਰਤ ਅਭਿਆਨ, ਖੇਤੀ ਕਰਜ਼ਾ ਮੁਆਫੀ ਯੋਜਨਾ, ਜਨ-ਧਨ ਜਿਹੀਆਂ ਯੋਜਨਾਵਾਂ ਦੀ ਸੂਚੀ ਤਾਂ ਮੀਲਾਂ ਲੰਮੀ ਹੈ, ਪਰ ਇਨ੍ਹਾਂ ਯੋਜਨਾਵਾਂ ਨੇ ਆਮ ਆਦਮੀ ਦੇ ਕੀ ਪਿੜ-ਪੱਲੇ ਵੀ ਕੁਝ ਪਾਇਆ ਹੈ? ਆਮ ਆਦਮੀ ਦਾ ਜੀਵਨ ਪੱਧਰ ਪਿਛਲੇ ਸਾਲਾਂ 'ਚ ਬਦ ਤੋਂ ਬਦਤਰ ਹੋਣ ਵੱਲ ਤੁਰਿਆ ਹੈ।

ਹਰ ਵੇਰ ਜਦੋਂ ਵੀ ਸਿਹਤ ਸੰਬੰਧੀ ਵੱਡੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ, ਚਾਹੇ ਉਹ ਦੇਸ਼ 'ਚ ਫੈਲੀ ਪਲੇਗ ਹੋਵੇ, ਨਿੱਤ ਵਧ ਰਿਹਾ ਕੈਂਸਰ ਹੋਵੇ, ਮਲੇਰੀਆ, ਡੇਂਗੂ, ਚਿਕਨਗੁਣੀਆ ਹੋਵੇ, ਲੋਕਾਂ, ਖ਼ਾਸ ਕਰ ਕੇ ਹੇਠਲੇ ਵਰਗ ਦੇ ਲੋਕਾਂ, ਲਈ ਆਰਥਿਕ ਪੱਖੋਂ ਵੱਡੀ ਬਿਪਤਾ ਆ ਪੈਂਦੀ ਹੈ। ਕਹਿਣ ਨੂੰ ਤਾਂ ਭਾਵੇਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਦੇਸ਼ ਦੇ ਨਾਗਰਿਕਾਂ ਲਈ ਵੱਡੀਆਂ ਸਰਕਾਰੀ ਸਹੂਲਤਾਂ ਸਰਕਾਰੀ ਹਸਪਤਾਲਾਂ, ਵੱਡੇ ਏਮਜ਼, ਪੀ ਜੀ ਆਈ ਜਿਹੇ ਅਦਾਰਿਆਂ 'ਚ ਮਿਲਦੀਆਂ ਹਨ, ਪਰ ਇਨ੍ਹਾਂ ਦਿਨਾਂ 'ਚ ਜੇਕਰ ਇਨ੍ਹਾਂ ਹਸਪਤਾਲਾਂ 'ਚ ਜਾ ਕੇ ਵੇਖਿਆ ਜਾਏ ਤਾਂ ਹੱਥ-ਪੱਲੇ ਸਿਰਫ਼ ਉਦਾਸੀਨਤਾ ਹੀ ਪਏਗੀ। ਸਿਹਤ ਸਹੂਲਤਾਂ ਦੀ ਹਾਲਤ ਚਰ-ਮਰਾਈ ਦਿੱਸਦੀ ਹੈ; ਦਵਾਈ ਖੁਣੋਂ ਵੀ, ਮਸ਼ੀਨਰੀ ਪੱਖੋਂ ਵੀ ਅਤੇ ਡਾਕਟਰਾਂ ਅਤੇ ਪੈਰਾ-ਮੈਡੀਕਲ ਅਮਲੇ ਦੀ ਥੁੜੋਂ ਕਾਰਨ ਵੀ।

ਸਰਕਾਰ ਕਹਿੰਦੀ ਹੈ ਕਿ ਉਸ ਵੱਲੋਂ ਰਾਸ਼ਟਰੀ ਸਿਹਤ ਬੀਮਾ ਯੋਜਨਾ ਚਲਾਈ ਜਾ ਰਹੀ ਹੈ। ਕਰਮਚਾਰੀ ਬੀਮਾ ਯੋਜਨਾ ਵੀ ਲਾਗੂ ਹੈ। ਆਮ ਆਦਮੀ ਬੀਮਾ ਯੋਜਨਾ, ਜਨ ਸ਼੍ਰੀ ਯੋਜਨਾ ਜਿਹੀਆਂ ਦਰਜਨਾਂ ਯੋਜਨਾਵਾਂ ਨੂੰ ਸਰਕਾਰ ਵੱਲੋਂ ਵੱਡਾ ਸਹਾਇਤਾ ਫ਼ੰਡ ਦੇ ਕੇ ਚਲਾਇਆ ਜਾ ਰਿਹਾ ਹੈ, ਪਰ ਇਨ੍ਹਾਂ ਯੋਜਨਾਵਾਂ ਦਾ ਫਾਇਦਾ ਕੀ ਕੋਈ ਗ਼ਰੀਬ ਲੈ ਰਿਹਾ ਹੈ? ਉਦਾਹਰਣ ਦੇ ਤੌਰ 'ਤੇ ਰਾਸ਼ਟਰੀ ਸਿਹਤ ਬੀਮਾ ਯੋਜਨਾ (ਆਰ ਐੱਸ ਬੀ ਵਾਈ) ਦੀ ਸ਼ੁਰੂਆਤ ਕਿਰਤ ਮੰਤਰਾਲੇ ਵੱਲੋਂ ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਕਰਮੀਆਂ ਲਈ ਹੈ। ਇਸ ਤਹਿਤ ਬੀਮਾਰੀ ਦੀ ਹਾਲਤ ਵਿੱਚ ਹਸਪਤਾਲ ਦਾਖ਼ਲ ਹੋਣ ਵਾਲੇ ਕਰਮੀ ਨੂੰ 30,000 ਰੁਪਏ ਤੱਕ ਦੀ ਸਹੂਲਤ ਮਿਲਦੀ ਹੈ, ਪਰ ਇਸ ਨਾਲ ਮਹਿੰਗੇ ਵੱਡੇ ਹਸਪਤਾਲਾਂ 'ਚ ਕਿੰਨਾ ਕੁ ਇਲਾਜ ਕਰਵਾਇਆ ਜਾ ਸਕਦਾ ਹੈ? ਹਸਪਤਾਲਾਂ ਵਿੱਚ ਤਾਂ ਪੈਕੇਜ ਵੇਚੇ ਜਾਂਦੇ ਹਨ; ਗੋਡੇ ਬਦਲਣ ਦੇ, ਅੱਖਾਂ ਦੇ ਅਪਰੇਸ਼ਨਾਂ ਦੇ, ਗਦੂਦਾਂ ਦੇ ਇਲਾਜ ਦੇ, ਵੱਡੇ ਅਪਰੇਸ਼ਨਾਂ ਦੇ, ਪਰ ਕੀ ਸਧਾਰਨ ਆਦਮੀ ਦੀ ਪਹੁੰਚ ਇਨ੍ਹਾਂ ਮਹਿੰਗੇ ਹਸਪਤਾਲਾਂ ਤੱਕ ਹੈ?

ਦੇਸ਼ ਵਿੱਚ ਕੁੱਲ ਮਿਲਾ ਕੇ 7 ਏਮਜ਼ ਹਨ ਤੇ 13 ਨਵੇਂ ਏਮਜ਼ ਬਣ ਰਹੇ ਹਨ। ਦੇਸ਼ ਵਿੱਚ 27 ਰਿਜਨਲ ਕੈਂਸਰ ਸੈਂਟਰ ਹਨ, ਜਿੱਥੇ 400 ਆਰ ਟੀ ਮਸ਼ੀਨਾਂ ਕੈਂਸਰ ਦੇ ਇਲਾਜ ਲਈ ਉਪਲੱਬਧ ਹਨ। ਪੀ ਜੀ ਆਈ ਹਸਪਤਾਲਾਂ ਵਿੱਚ ਵੀ ਵੱਖੋ-ਵੱਖਰੀਆਂ ਬੀਮਾਰੀਆਂ ਦੇ ਇਲਾਜ ਦੀਆਂ ਸੁਵਿਧਾਵਾਂ ਹਨ, ਪਰ ਕੀ ਇਨ੍ਹਾਂ ਹਸਪਤਾਲਾਂ 'ਚ ਆਮ ਆਦਮੀ ਦੀ ਕੋਈ ਪਹੁੰਚ ਜਾਂ ਪੁੱਛ ਹੈ?

ਦੇਸ਼ ਦੀ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਫੈਲੀ ਡੇਂਗੂ ਅਤੇ ਚਿਕਨਗੁਣੀਆ ਦੀ ਮਹਾਂਮਾਰੀ ਨੇ ਜੋ ਬੁਰਾ ਹਾਲ ਕੀਤਾ ਹੈ, ਉਸ ਨਾਲ ਹਸਪਤਾਲਾਂ 'ਚ ਬਿਸਤਰਿਆਂ ਦੀ ਘਾਟ ਪੈ ਗਈ ਹੈ। ਇਹ ਮਹਾਂਮਾਰੀ ਇਹੋ ਜਿਹੀ ਹੈ ਕਿ ਇਲਾਜ ਤੋਂ ਬਾਅਦ ਆਰਾਮ ਦੀ ਲੋੜ ਪੈਂਦੀ ਹੈ। ਮਰੀਜ਼ ਕਈ ਹਫਤਿਆਂ ਤੱਕ ਕੰਮ ਕਰਨ ਦੇ ਯੋਗ ਹੀ ਨਹੀਂ ਰਹਿੰਦਾ। ਕਮਜ਼ੋਰ ਸਰੀਰਕ ਹਾਲਤ ਤੇ ਬੇਵੱਸੀ 'ਚ ਦਿਹਾੜੀ ਕਰਨ ਵਾਲੇ ਕਾਮੇ ਨੂੰ ਕੰਮ ਕਰਨ 'ਤੇ ਮਜਬੂਰ ਹੋਣਾ ਪੈਂਦਾ ਹੈ, ਕਿਉਂਕਿ ਉਸ ਨੇ ਤਾਂ ਜੋ ਕਮਾਉਣਾ ਹੈ, ਉਹ ਹੀ ਖਾਣਾ ਹੈ।

ਮੰਨ ਲਵੋ, ਜੇਕਰ ਉਸ ਦਾ ਇਲਾਜ ਮੁਫਤ ਵੀ ਹੋ ਜਾਏ , ਤਾਂ ਪਰਵਾਰ ਨੂੰ ਚਲਾਉਣ ਲਈ ਉਸ ਨੂੰ ਕੰਮ ਤਾਂ ਕਰਨਾ ਹੀ ਪਵੇਗਾ। ਦੇਸ਼ ਵਿੱਚ ਚੱਲਦੀਆਂ ਸਿਹਤ ਯੋਜਨਾਵਾਂ ਜਾਂ ਬੀਮਾ ਯੋਜਨਾਵਾਂ 'ਚ ਇਸ ਗੱਲ ਦੀ ਕੋਈ ਵਿਵਸਥਾ ਹੀ ਨਹੀਂ ਕਿ ਵਿਅਕਤੀ ਨੂੰ ਇਹੋ ਜਿਹੀ ਸਥਿਤੀ 'ਚ ਕੋਈ ਸਰਕਾਰੀ ਸਹਾਇਤਾ ਜਾਂ ਬੀਮਾ ਸਹੂਲਤ ਵਿੱਚੋਂ ਕੋਈ ਸਹਾਇਤਾ ਰਕਮ ਮਿਲ ਸਕੇ। ਸਰਕਾਰਾਂ ਦੀ ਤਾਂ ਪਹਿਲ ਹੀ ਕੁਝ ਹੋਰ ਹੈ।

ਜਿੱਥੇ ਬੀਮਾ ਕੰਪਨੀਆਂ ਹਰ ਹੀਲੇ ਆਪਣੇ ਲਾਭ ਕਮਾਉਣ ਦੇ ਚੱਕਰ 'ਚ ਹਨ, ਉੱਥੇ ਸੂਬਾ ਸਰਕਾਰਾਂ ਆਰ ਐੱਸ ਬੀ ਵਾਈ ਆਦਿ ਯੋਜਨਾਵਾਂ ਦੀ ਬੋਲੀ ਲਗਾ ਕੇ ਬੀਮਾ ਕੰਪਨੀਆਂ ਨੂੰ ਇਹ ਯੋਜਨਾਵਾਂ ਦਿੰਦੀਆਂ ਹਨ, ਤਾਂ ਕਿ ਉਹ ਵੀ 'ਕੁਝ' ਲਾਭ ਕਮਾ ਸਕਣ। ਇਸ ਯੋਜਨਾ ਤਹਿਤ ਕਾਮੇ ਨੂੰ 30 ਰੁਪਏ ਭੁਗਤਾਨ ਕਰਨੇ ਪੈਂਦੇ ਹਨ ਅਤੇ ਬਾਕੀ ਰਕਮ ਦਾ ਭੁਗਤਾਨ ਕੇਂਦਰ ਅਤੇ ਰਾਜ ਸਰਕਾਰਾਂ ਬੀਮਾ ਕੰਪਨੀ ਨੂੰ ਕਰਦੀਆਂ ਹਨ। ਇਨ੍ਹਾਂ ਯੋਜਨਾਵਾਂ ਨੂੰ ਚਲਾਉਣ ਵਾਲੇ ਪ੍ਰਾਈਵੇਟ ਹਸਪਤਾਲਾਂ ਵਿੱਚ ਜਿਸ ਢੰਗ ਨਾਲ ਦਵਾਈਆਂ, ਅਪ੍ਰੇਸ਼ਨਾਂ, ਟੈੱਸਟਾਂ, ਆਦਿ ਦੇ ਨਾਮ ਉੱਤੇ ਲੁੱਟ ਕੀਤੀ ਜਾਂਦੀ ਹੈ, ਉਸ ਨਾਲ ਸਧਾਰਨ ਮਰੀਜ਼ ਦੇ ਪੱਲੇ ਸਿਵਾਏ ਧੱਕਿਆਂ ਅਤੇ ਅੱਧੇ-ਅਧੂਰੇ ਇਲਾਜ ਦੇ ਹੋਰ ਕੁਝ ਨਹੀਂ ਪੈਂਦਾ, ਕਿਉਂਕਿ ਹਸਪਤਾਲਾਂ ਵਿੱਚ ਮਰੀਜ਼ ਦੀ ਸਿਹਤ 'ਚ ਸੁਧਾਰ ਨਾਲੋਂ ਵੱਧ, ਆਪਣੇ ਕਾਰੋਬਾਰ 'ਚ ਵਾਧੇ ਨੂੰ ਜ਼ਿਆਦਾ ਪਹਿਲ ਦਿੱਤੀ ਜਾਂਦੀ ਹੈ।

ਦੇਸ਼ ਦਾ ਆਮ ਗ਼ਰੀਬ ਵਿਅਕਤੀ ਸੁੰਢ, ਮੁਲੱਠੀ, ਅਜਵਾਇਣ, ਅਦਰਕ , ਤੁਲਸੀ ਨਾਲ ਆਪਣਾ ਇਲਾਜ ਆਪੇ ਕਰਨ ਤੱਕ ਸਿਮਟਦਾ ਨਜ਼ਰ ਆ ਰਿਹਾ ਹੈ। ਮਾੜੀ ਮਿਲਾਵਟੀ ਖ਼ੁਰਾਕ ਉਸ ਦਾ ਪਿੱਛਾ ਨਹੀਂ ਛੱਡ ਰਹੀ। ਹਵਾ-ਪਾਣੀ ਦਾ ਪ੍ਰਦੂਸ਼ਣ ਉਸ ਦੀ ਸਿਹਤ ਨਾਲ ਨਿੱਤ ਖਿਲਵਾੜ ਕਰਦਾ ਜਾ ਰਿਹਾ ਹੈ। ਆਪਣਾ ਡਾਕਟਰ, ਵੈਦ ਆਪੇ ਬਣ ਕੇ ਕਰਿਆਨੇ ਦੀ ਦੁਕਾਨ ਤੋਂ ਢਿੱਡ, ਸਿਰ, ਪਿੱਠ, ਕੰਨ ਦਰਦ ਦੀ ਗੋਲੀ ਲੈ ਕੇ ਡੰਗ ਟਪਾਉਂਦਾ ਆਮ ਆਦਮੀ ਸਰਕਾਰੀ ਸਹੂਲਤਾਂ ਤੋਂ ਵਿਰਵਾ ਹੈ। ਸਰਕਾਰਾਂ ਸਿਹਤ ਸਹੂਲਤਾਂ ਦੇਣ ਤੋਂ ਪਿੱਠ ਮੋੜੀ ਬੈਠੀਆਂ ਹਨ।

ਜ਼ਰਾ ਧਿਆਨ ਕਰੋ : ਠੀਕ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਹਰ ਸਾਲ 55000 ਗਰਭਵਤੀ ਔਰਤਾਂ ਬੱਚਾ ਪੈਦਾ ਕਰਨ ਸਮੇਂ ਹੀ ਮਰ ਜਾਂਦੀਆਂ ਹਨ। ਦੇਸ਼ ਵਿੱਚ 8 ਲੱਖ ਡਾਕਟਰਾਂ ਦੀ ਕਮੀ ਹੈ।

ਸਾਲ 2021 ਤੱਕ ਸਰਕਾਰੀ ਟੀਚਾ, ਕਿ 1000 ਦੀ ਆਬਾਦੀ ਪਿੱਛੇ ਇੱਕ ਡਾਕਟਰ ਹੋਵੇ, ਹਾਲੇ ਸੁਫ਼ਨਾ ਹੀ ਬਣਿਆ ਹੋਇਆ ਹੈ।


# ਸਾਫ ਸੁਥਰੀ ਗਾਇਕੀ ਦਾ ਅਲੰਬਰਦਾਰ ਬਣ ਉਭਰਿਆ ਗਾਇਕ ਬਰਜਿੰਦਰ ਹਮਦਰਦ

ਗੁਰਮੀਤ ਸਿੰਘ ਪਲਾਹੀ

"ਖੁਸ਼ਬੂ" ਖਿਲੇਰਦਾ, 'ਸਿਜਦਾ' ਕਰਦਾ, 'ਜਜ਼ਬਾਤ' ਨਾਲ ਸਾਂਝ ਪਾਉਂਦਾ, ਪਿਤਾ ਨੂੰ 'ਸ਼ਰਧਾਜਲੀ' ਭੇਂਟ ਕਰਦਾ, 'ਲੋਕ ਗੀਤ' ਦੇ ਸਨਮੁੱਖ ਹੋਕੇ, 'ਆਹਟ' ਦਿੰਦਾ, 'ਮੇਰੀ ਪਸੰਦ' ਦਾ ਹੋਕਾ ਲੈਕੇ ਡਾ: ਬਰਜਿੰਦਰ ਸੰਘ ਹਮਦਰਦ ਨਹੀਂ, ਬਰਜਿੰਦਰ ਹਮਦਰਦ, ਆਪਣੇ ਬਚਪਨ 'ਚ ਚਿਤਵੇ ਉਸ ਸੁਫਨੇ ਨੂੰ ਸਕਾਰ ਕਰਦਿਆਂ, "ਮੇਰੀ ਤਾਂ ਬਚਪਨ ਤੋਂ ਹੀ ਸੰਗੀਤ ਨਾਲ ਸਾਂਝ ਸੀ। ਜੁਆਨੀ ਵੇਲੇ ਤੋਂ ਹੀ ਗਾਉਣਾ ਮੇਰਾ ਸ਼ੌਕ ਸੀ, ਪਰ ਜ਼ਿੰਦਗੀ ਦੇ ਰੁਝੇਵਿਆਂ ਤੇ ਜ਼ੁੰਮੇਵਾਰੀਆਂ ਨੇ ਮੈਨੂੰ ਗਾਉਣ ਵੱਲ ਅੱਗੇ ਵਧਣ ਹੀ ਨਾ ਦਿਤਾ। ਤਦ ਵੀ ਇਹ ਰੁਝੇਵੇਂ, ਜ਼ੁੰਮੇਵਾਰੀਆਂ, ਨਿੱਤ ਦੇ ਥਕਾਣ ਵਾਲੇ ਕੰਮ ਮੇਰਾ ਗੁਣਗੁਣਾਉਣਾ ਕਦੇ ਵੀ ਬੰਦ ਨਾ ਕਰ ਸਕੇ, ਨਾ ਫਿੱਕਾ ਪਾ ਸਕੇ, ਸਗੋਂ ਇਹ ਗਾਉਣਾ ਤਾਂ ਮੇਰੇ-ਸੰਗ ਹੀ ਤੁਰਦਾ ਰਿਹਾ"। ਪੰਜਾਬੀ ਪਿਆਰਿਆਂ ਦੀਆਂ ਬਰੂਹਾਂ ਤੇ ਆਪਣੀ ਅੱਠਵੀਂ ਸੁਰੀਲੀ ਐਲਬਮ 'ਆਸਥਾ' ਲੈਕੇ ਹਾਜ਼ਰ ਹੋ ਚੁੱਕਾ ਹੈ। ਪਦਮ ਭੂਸ਼ਨ, ਸ਼੍ਰੋਮਣੀ ਪੱਤਰਕਾਰ ਇੱਕ ਵੱਡੀ ਪੰਜਾਬੀ ਹਿੰਦੀ ਅਖਬਾਰ ਦਾ ਸੰਪਾਦਕ, ਸਾਬਕਾ ਪਾਰਲੀਮੈਂਟ ਮੈਂਬਰ, ਡੀ. ਲਿੱਟ; ਡਾ: ਬਰਜਿੰਦਰ ਸਿੰਘ ਹਮਦਰਦ ਜਦੋਂ ਗਾਉਂਦਾ ਹੈ, ਦਿਲ ਨੂੰ ਠੰਡਕ ਪਾਉਂਦਾ ਹੈ, ਗਾਉਂਦਾ ਮੁਸਕਰਾਉਂਦਾ ਹੈ ਤਾਂ ਸਰੋਤਿਆਂ ਨੂੰ ਸਕੂਨ ਦੇਂਦਾ ਹੈ, ਉਦੋਂ ਉਹ ਕੋਈ ਉੱਚੇ ਆਹੁਦੇ ਪ੍ਰਾਪਤ, ਵੱਡਾ ਅਫਸਰ, ਵੱਡਾ ਆਦਮੀ, ਭਾਰੀ ਭਰਕਮ ਸਖਸ਼ੀਅਤ ਨਹੀਂ, ਸਗੋਂ ਇੱਕ ਨਿਰਛਲ ਗਾਇਕ ਜਾਪਦਾ ਹੈ, ਜਿਸਦੇ ਸੁਰੀਲੇ ਬੋਲ, ਲੋਕਾਂ ਦੇ ਮਨਾਂ ਦੀ ਧੜਕਣ ਤੇਜ ਕਰਦੇ ਹਨ। ਪੰਜਾਬੀ ਗਾਇਕ "ਬਰਜਿੰਦਰ" ਇਸ ਉਮਰੇ ਜੁਆਨੀ ਵੇਲੇ ਦੀਆਂ ਸਧਰਾਂ ਪੂਰੀਆਂ ਕਰਦਾ ਚੜਦੇ ,ਲਹਿੰਦੇ ਪੰਜਾਬ ਦੇ ਉਨਾਂ ਵੱਡੇ ਗਾਇਕਾਂ 'ਚ ਆਪਣੀ ਥਾਂ ਬਣਾ ਬੈਠਾ ਹੈ, ਜਿਹੜੇ ਸੰਜੀਦਾ ਗਾਉਂਦੇ ਹਨ, ਲੋਕਾਂ ਦੇ ਦਿਲ ਦੀ ਧੜਕਣ ਬਣਦੇ ਹਨ, ਐਂਵੇ ਧੂੰਮ-ਧੜਕਿਆਂ ਨਾਲ ਮਹਿਫਲਾਂ ਨਹੀਂ ਲੁੱਟਦੇ, ਸਗੋਂ ਵਿਲੱਖਣ, ਸੋਜਮਈ ਅਵਾਜ਼ ਨਾਲ ਲੋਕਾਂ ਦੇ ਧੁਰ ਅੰਦਰ ਪੁੱਜਣ ਦੀ ਕਾਬਲੀਅਤ ਰੱਖਦੇ ਹਨ।

ਐਲਬਮ "ਸਿਜਦ" 'ਚ ਬਰਜਿੰਦਰ ਨੇ "ਮਿਲ ਗਿਆ ਇੱਕ ਤੂੰ" ਸਾਧੂ ਸਿੰਘ ਹਮਦਰਦ, "ਆ ਕੇ ਮੁਕਤੀ ਇਸ਼ਕ ਦੀ", "ਅੱਜ ਕੋਈ ਆਇਆ ਪ੍ਰੋ: ਮੋਹਨ ਸਿੰਘ, "ਝੂਠ ਇਥੇ ਜਿੱਤਦਾ ਤੁਫੈਲ ਹੁਸ਼ਿਆਰਪੁਰੀ ਅਤੇ 'ਮਾਏਂ ਨੀ ਮਾ ਮਾਏਂ' ਸ਼ਿਵਕੁਮਾਰ ਬਟਾਲਵੀ ਗੀਤ ਗਾਕੇ ਉਨਾਂ ਪੰਜਾਬੀ ਪਿਆਰੇ ਲੇਖਕਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ, ਸਿਜਦਾ ਕੀਤਾ, ਜਿਹਨਾਂ ਨੇ ਪੰਜਾਬੀ ਅਤੇ ਪੰਜਾਬੀਅਤ ਲਈ ਆਪਣਾ ਜੀਵਨ ਅਰਪਿਤ ਕੀਤਾ। ਗੀਤਾਂ ਦੀ ਪਹਿਲੀ ਐਲਬਮ 'ਖੁਸ਼ਬੂ' ਲੈਕੇ ਬਰਜਿੰਦਰ ਹਮਦਰਦ ਜਦੋਂ ਪੰਜਾਬੀਆਂ ਦੇ ਵਿਹੜੇ ਸਤੰਬਰ 2005 ਨੂੰ ਚਮਕਿਆ ਸੀ, ਤਾਂ ਸ਼ਾਇਦ ਕਿਸੇ ਨੇ ਵੀ ਇਹ ਨਾ ਚਿਤਵਿਆ ਹੋਵੇ ਕਿ ਇਹ ਬਹੁ-ਪੱਖੀ ਸਖਸ਼ੀਅਤ, ਸੰਜੀਦਾ ਗਾਇਕਾਂ ਦੀ ਕਤਾਰ ਵਿੱਚ ਥੋੜ ਜਿਹੇ ਵਰਿਆਂ 'ਚ ਆਪਣੀ ਥਾਂ ਬਣਾ ਲਵੇਗੀ। "ਖੁਸ਼ਬੂ" ਵਿੱਚ ਫਿਰਾਕ ਗੋਰਖਪੁਰੀ, ਫੈਜ਼ ਅਹਿਮਦ ਫੈਜ਼, ਮੋਇਨ ਅਹਸਾਨ ਜਾਜ਼ਬੀ, ਸ਼ਾਹਿਰ ਲੁਧਿਆਣਵੀ ਅਬਦੁਲ ਹਮੀਦ ਆਦਮ, ਅਮੀਰ ਕਾਜ਼ਲਬਕਸ਼ ਦੀਆਂ ਪ੍ਰੋੜ ਗਾਇਕ ਵਜੋਂ ਉਰਦੂ ਗ਼ਜ਼ਲਾਂ ਗਾਕੇ ਹਮਦਰਦ ਨੇ ਨਾਮਣਾ ਖੱਟਿਆ। "ਮਰਨੇ ਕੀ ਦੁਆਏਂ ਕਿਉਂ ਮਾਗੂੰ, ਜੀਨੇ ਕੀ ਤਮੰਨਾ ਕੌਣ ਕਰੇ ਮੋਇਨ ਅਹਿਸਾਨ, "ਕਬ ਤੱਕ ਦਿਲ ਕੀ ਖੈਰ ਮਨਾਏ" ਫੈਜ਼ ਜਿਹੀਆਂ ਗ਼ਜ਼ਲਾਂ ਗਾਉਣਾ ਹਰ ਕਿਸੇ ਦੇ ਬੱਸ ਦੀ ਗੱਲ ਨਹੀਂ, ਜਿਨਾਂ ਨੂੰ ਗਾਕੇ ਬਰਜਿੰਦਰ ਹੁਰਾਂ ਆਪਣੀ ਗਾਇਕੀ ਦੇ ਪਹਿਲੇ ਦੌਰ 'ਚ ਹੀ ਆਪਣਾ ਲੋਹਾ ਮਨਵਾਇਆ।




20 ਅਗਸਤ 1944 'ਚ ਜਨਮੇ ਬਰਜਿੰਦਰ ਹਮਦਰਦ ਨੇ ਪੰਜਾਬੀ ਗੀਤ ਗਾਏ, ਗ਼ਜ਼ਲਾਂ ਗਾਈਆਂ, ਹਿੰਦੀ ਅਤੇ ਉਰਦੂ ਦੇ ਗੀਤ ਗ਼ਜ਼ਲਾਂ ਗਾਏ, ਅਤੇ ਆਪਣੀ ਗਾਇਕੀ ਨੂੰ ਉਸ ਮੁਕਾਮ ਤੱਕ ਪਹੁੰਚਾਇਆ ਹੈ, ਜਿਥੇ ਪਹੁੰਚਣਾ ਵਧੇਰੀ ਮਿਹਨਤ, ਵੱਡੇ ਰਿਆਜ਼, ਦੇ ਨਾਲ-ਨਾਲ ਖੁਡੁਲੇ ਵਕਤ ਦੀ ਵੀ ਮੰਗ ਕਰਦਾ ਹੈ। 73ਵੇਂ ਸਾਲ 'ਚ ਪੈਰ ਧਰ ਚੁੱਕੇ "ਭਾਜੀ ਹਮਦਰਦ" ਨੂੰ ਇਸ ਨਿਵੇਕਲੇ, ਪਰ ਖੂਬਸੂਰਤ ਰਾਹ ਉਤੇ ਤੁਰਨ ਲਈ ਕਿੰਨੀਆਂ ਰਾਤਾਂ ਝਾਂਗਣੀਆਂ ਪਈਆਂ ਹੋਣਗੀਆਂ, ਇਸਦਾ ਕਿਆਸ ਤਾਂ ਉਹ ਵਿਅਕਤੀ ਹੀ ਲਾ ਸਕਦੇ ਹਨ, ਜਿਹੜੇ ਆਪ ਵੀ ਕਈ ਮਹਰਲਿਆਂ 'ਚ ਵੱਡੀਆਂ ਪ੍ਰਾਪਤੀਆਂ ਕਰਕੇ, ਪ੍ਰਸਿੱਧੀ ਪ੍ਰਾਪਤ ਕਰਨ ਦੇ ਯੋਗ ਹੋਏ ਹੋਣਗੇ।

'ਲੋਕ ਗੀਤ' ਲੈਕੇ ਅਪ੍ਰੈਲ 2016 'ਚ ਜਦੋਂ ਉਹ ਪੰਜਾਬੀਆਂ ਦੇ ਵਿਹੜੇ ਢੁੱਕਿਆ ਸੀ, ਇੱਕ ਭਰਵੇਂ ਸਮਾਗਮ 'ਚ ਬਰਜਿੰਦਰ ਹੁਰਾਂ ਦੀ ਗਾਇਕੀ ਦੀਆਂ ਸੁਰਾਂ ਨੂੰ ਸੂਬੇ ਦੇ ਵੱਡੇ ਸਿਆਸਤਦਾਨਾਂ, ਜਿਨਾਂ ਕੋਲ ਕਦੇ ਆਪਣੇ ਲਈ ਰਤਾ ਭਰ ਵੀ ਵਿਹਲ ਨਹੀਂ ਹੁੰਦਾ, ਸੁਣਿਆ ਸੀ, ਮਾਣਿਆ ਸੀ, ਸਰਾਹਿਆ ਸੀ। ਹਮਦਰਦ ਵਲੋਂ ਗਾਏ ਇਨਾਂ ਲੋਕ ਗੀਤਾਂ ਦੀ ਕੋਰਿੰਗ੍ਰਾਫੀ ਇੱਕ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਕਰਕੇ ਜਿਵੇਂ ਪੰਜਾਬੀ ਸਭਿਆਚਾਰ, ਫੋਕ ਲੋਰ ਦੀ ਪਹਿਚਾਣ ਕਰਵਾਈ, ਉਹ ਵੀ ਆਪਣੇ ਆਪ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ, ਕਿਉਂਕਿ ਇਸ ਰਾਹੀਂ ਬਰਜਿੰਦਰ ਇੱਕ ਲੋਕ-ਗਾਇਕ ਵਜੋਂ ਆਪਣੀ ਪਛਾਣ ਬਣਾਉਂਦਾ ਨਜ਼ਰ ਆਇਆ। 'ਵੀਰ ਮੇਰੇ ਨੇ ਬਾਗ ਲਵਾਇਆ', 'ਪੀਆ ਨਾ ਜਾ', 'ਲੜੀ ਵੇ ਪ੍ਰੀਤ ਵਾਲੀ' ਤੇਰੇ ਬਾਜਰੇ ਦੀ ਰਾਖੀ, 'ਚੰਨਾ ਵੀ ਦੂਰ ਵਸੇਂਦਿਆ' , 'ਉਡਦਾ ਵੇ ਜਾਵੀਂ ਕਾਵਾਂ', 'ਯਾਰ ਸੁਨੇਹੜਾ ਘੱਲ ਵੇ', 'ਬੂਹੇ ਤੇਰੇ 'ਤੇ ਬੈਠਾ ਜੋਗੀ' ਲੋਕ ਗੀਤਾਂ ਦੀ ਚੋਣ ਤੇ ਗਾਇਕੀ ਨੇ ਹਮਦਰਦ ਹੁਰਾਂ ਦੀ ਅਵਾਜ਼ ਲਹਿੰਦੇ ਪੰਜਾਬ ਦੇ ਉਨਾਂ ਗਾਇਕਾਂ ਤੇ ਗਾਇਕੀ ਨੂੰ ਮਾਨਣ ਵਾਲੇ ਲੋਕਾਂ 'ਚ ਪਹੁੰਚਦੀ ਕੀਤੀ, ਕਿਹੜੇ ਸੂਫ਼ ਗਾਇਕੀ ਦੇ ਨਾਲ-ਨਾਲ ਗੀਤ ਗਾਉਣ 'ਤੇ ਸੁਨਣ ਦੇ ਸ਼ੈਦਾਈ ਸਮਝੇ ਜਾਂਦੇ ਹਨ।

ਸਾਲ 2015 'ਚ 'ਮੇਰੀ ਪਸੰਦ' ਨਾਮ ਦੀ ਐਲਬਮ 'ਚ ਹਿੰਦੀ ਗਾਣੇ, ਜਾਮ ਤੇਰੇ ਨਾਮ, ਆਪਨੀ ਸੋਈ ਹੂਈ, ਮੇਰੀ ਯਾਦ ਮੇ, ਤਸਵੀਰ ਬਨਾਤਾ ਹੂੰ, ਅਵਾਰਾ ਆ ਜਾਈਏ, ਜਿਹੇ ਗੀਤ ਗਾਕੇ ਬਰਜਿੰਦਰ ਨੇ ਇੱਕ ਸੰਜੀਦਾ ਗਾਇਕ ਵਜੋਂ ਆਪਣੀ ਥਾਂ ਹਿੰਦੀ ਗਾਇਕਾਂ ਵਿੱਚ ਵੀ ਨਿਸਚਿਤ ਕੀਤੀ ਸੀ।

"ਸ਼ਰਧਾਜਲੀ" ਐਲਬਮ ਵਿੱਚ ਬਰਜਿੰਦਰ ਨੇ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਅਲੰਬਰਦਾਰ, ਪ੍ਰਸਿੱਧ ਗਜ਼ਲਗੋ ਆਪਣੇ ਪਿਤਾ ਸਾਧੂ ਸਿੰਘ ਹਮਦਰਦ ਦੀਆਂ ਗ਼ਜ਼ਲਾਂ ਗਾਕੇ ਉਸ ਮਹਾਨ ਸਖਸ਼ੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਹਮਦਰਦ ਪ੍ਰੋਡਕਸ਼ਨ ਦੀ 2003 ਵਿੱਚ ਬਣਾਈ ਬਰਜਿੰਦਰ ਹੁਰਾਂ ਦੀ 'ਜਜ਼ਬਾਤ' ਐਲਬਮ ਚਾਂਦਨੀ ਥੀ, ਮੈਂ ਨਾ ਥਾ' ਅਬਦੁਲ ਹਮਾਦ, ਦੋਨੋਂ ਜਹਾਨ ਤੇਰੀ ਫੈਜ, ਮਰਨਾ ਤੇਰੀ ਗਲੀ ਮੇ ਫਿਲਮ ਸ਼ਬਾਬ 1954 ਦਾ ਗੀਤ, ਦੁਨੀਆਂ ਕਰੇ ਸਵਾਲ,ਫਿਲਮ ਬਹੂ ਬੇਗਮ 1967 ਹਮਨੇ ਆਇਆ ਨਾ ਗਿਆ ਫਿਲਮ ਦੇਖ ਕਬੀਰਾ ਰੋਇਆ ਤਲਿਤ ਮਹਿਮੂਦ, ਮਾਨਸਰੋਵਰ ਅਮ੍ਰਿਤਾ ਪ੍ਰੀਤਮ, ਡੋਲੀ ਤੁਫੈਲ ਹੁਸ਼ਿਆਰਪੁਰੀ, ਜਿਹੇ ਲੇਖਕਾਂ, ਗਾਇਕਾਂ ਦੇ ਗੀਤ ਬਰਜਿੰਦਰ ਨੇ ਆਪਣੀ ਅਵਾਜ਼ ਵਿੱਚ ਪੇਸ਼ ਕੀਤੇ ਹਨ। ਅਸਲ ਵਿੱਚ ਬਰਜਿੰਦਰ ਦੀ ਇਹ ਐਲਬਮ ਸੰਗੀਤ ਜਗਤ ਵਿੱਚ ਅਨੋਖਾ ਮੀਲ ਪੱਥਰ ਹੈ। ਆਹਟ ਉਨਾਂ ਦੀ 2005'ਚ ਉਰਦੂ ਸ਼ਾਇਰਾਂ ਦੀਆਂ ਗਜ਼ਲਾਂ ਦੀ ਐਲਬਮ ਹੈ।

ਸਤਰੰਗੀ ਪੀਂਘ ਦੇ ਸੱਤ ਰੰਗਾਂ ਦਾ ਪ੍ਰਤੀਬਿੰਬ ਹਨ; ਡਾ: ਬਰਜਿੰਦਰ ਸਿੰਘ ਹਮਦਰਦ ਦੀਆਂ ਇਹ ਸੱਤ ਸੰਗੀਤ ਐਲਬਮਾਂ! ਅੱਠਵੀਂ ਸੰਗੀਤ ਐਲਬਮ 'ਆਸਥਾ' ਦਾ ਲਿਸ਼ਕਾਰਾ ਉਨਾਂ ਦੀ ਗਾਇਕੀ ਨੂੰ ਹੋਰ ਚਾਰ ਚੰਨ ਲਾ ਰਿਹਾ ਹੈ। ਜਿਸ ਵਿੱਚ ਉਨਾਂ 8 ਦੇਸ਼ ਭਗਤੀ ਅਤੇ ਰੂਹਾਨੀਅਤ ਨਾਲ ਸਬੰਧਤ ਗੀਤ ਗਾਏ ਹਨ।ਹਮ ਕੋ ਮਨ ਕੀ ਸ਼ਕਤੀ ਦੇਨਾ , ਗਰਜ ਬਰਸ ਪਿਆਸੀ ਧਰਤੀ ਕੋ, ਐ ਮਾਲਿਕ ਤੇਰੇ ਬੰਦੇ ਹਮ, ਖ਼ੁਦ ਜੀਏ ਸਭ ਕੋ ਜੀਨਾ ਸਿਖਾਏ, ਮੈਂ ਤੁਮ ਕੋ ਵਿਸ਼ਵਾਸ਼ ਦੂੰ, ਸਰਫਰੋਸ਼ੀ ਕੀ ਤਮੰਨਾ , ਮੇਰਾ ਰੰਗ ਦੇ ਬਸੰਤੀ ਚੋਲਾ , ਇਨਸਾਨ ਕਾ ਇਨਸਾਨ ਸੇ ਹੋ ਭਾਈਚਾਰਾ, ਗੀਤ ਜੋ ਪਹਿਲਾਂ ਹੀ ਵੱਖੋ ਵੱਖਰੇ ਗਾਇਕਾਂ ਵਲੋਂ ਸਮੇਂ ਸਮੇਂ ਗਾਏ ਗਏ ਹੋਏ ਹਨ ਬਰਜਿੰਦਰ ਹਮਦਰਦ ਨੇ ਪਹਿਲਾਂ ਬਣੀਆਂ ਤਰਜ਼ਾਂ ਤੋਂ ਫ਼ਰਕ ਨਾਲ ਗਾਕੇ, ਨਵਾਂ ਬਿੰਬ ਉਜਾਗਰ ਕਰਨ ਦਾ ਯਤਨ ਕੀਤਾ ਹੈ।

ਵੇਦਨਾ ਸੰਵੇਦਨਾ ਭਰਪੂਰ ਇਸ ਐਲਬਮ ਵਿਚਲੇ ਹਿੰਦੀ ਗੀਤ ਬਿਹਤਰ ਰਿਆਜ ਨਾਲ ਗ੍ਰਾਮ ਦੇ ਵਿੱਚ ਗਾਕੇ ਗਾਇਕ ਬਰਜਿੰਦਰ ਹਮਦਰਦ ਨੇ ਇੱਕ ਆਤਮ ਵਿਸ਼ਵਾਸ਼ੀ ਗਾਇਕ ਵਜੋਂ ਆਪਣੀ ਦਿੱਖ ਹੋਰ ਵੀ ਪਕੇਰੀ ਕੀਤੀ ਹੈ। ਹਮਦਰਦ ਦੇ ਸੰਗੀਤ ਦਾ ਦਰਿਆ ਵਹਿੰਦਾ ਰਹੇ ਤੇ ਉਹ ਸਰੋਤਿਆਂ ਦੀ ਝੋਲੀ ਆਪਣੀ ਸੁਰੀਲੀ , ਟੁਣਕਵੀਂ ਆਵਾਜ਼ ਨਾਲ ਭਰਦਾ ਰਹੇ, ਇਹੋ ਪੰਜਾਬੀ ਪਿਆਰਿਆਂ ਦੀ ਕਾਮਨਾ ਹੈ।16 ਵਰੇ ਦਾ ਬਰਜਿੰਦਰ ਹਮਦਰਦ ਦਾ ਗਾਇਕੀ ਦਾ ਸਫਲ ਸਫ਼ਰ ਪੰਜਾਬੀ ਪਿਆਰਿਆਂ ਲਈ ਸੰਤੁਸ਼ਟੀ ਦਾ ਪੈਗਾਮ ਹੈ।

# ਸੈਕਰਾਮੈਂਟੋ 'ਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਦੀਆਂ ਕੁਝ ਝਲਕੀਆਂ























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)













# ਸੈਕਰਾਮੈਂਟੋ 'ਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਦੀਆਂ ਕੁਝ ਝਲਕੀਆਂ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





# ਸੈਕਰਾਮੈਂਟੋ 'ਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਦੀਆਂ ਕੁਝ ਝਲਕੀਆਂ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)










# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# SHRI GURU RAVIDASS TEMPLE (CA)

2150 CRESTVIES DRIVE, PITTSBURG CA 94565

Tel : (925) 4392355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਕਤੂਬਰ ਮਹੀਨੇ ਦੇ ਪ੍ਰੋਗਰਾਮ

## ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮ ਦਾਸ ਜੀ
## ਅਕਤੂਬਰ 23, 2016



ਗੁਰੂ ਘਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 23 ਅਕਤੂਬਰ 2016 ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਅਤੇ ਸੰਗਤ ਦੁਆਰਾ ਕੀਤੀ ਜਾਵੇਗੀ। ਇਸ ਮੌਕੇ ਰਾਗੀ ਜਥਾ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਗੁਰਨਾਮ ਸਿੰਘ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਗਿਆਨੀ ਪ੍ਰਕਾਸ਼ ਸਿੰਘ ਜੀ ਵੀ ਸੰਗਤ ਨੂੰ ਰਸ ਭਿੰਨਾ ਕੀਰਤਨ ਸੁਣਾਉਣਗੇ। ਗੁਰੂ ਘਰ ਦੀ ਪ੍ਰਬ-ਧਕ ਕਮੇਟੀ ਦੁਆਰਾ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ
## ਅਕਤੂਬਰ 16, 2016

ਕੋਈ ਵੀ ਗੁਰੂ ਘਰ ਦਾ ਪ੍ਰੇਮੀ ਇਹ ਸੇਵਾ ਲੈ ਸਕਦਾ ਹੈ

## ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ
## ਅਕਤੂਬਰ 30, 2016

ਕੋਈ ਵੀ ਗੁਰੂ ਘਰ ਦਾ ਸ਼ਰਧਾਲੂ ਇਹ ਸੇਵਾ ਲੈ ਸਕਦਾ ਹੈ



# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532



# L.A. MERCHANDISE
## Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250


## ਸ਼ੇਖ਼ ਫ਼ਰੀਦ ਜੀ- ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪਥ-ਪ੍ਰਦਰਸ਼ਕ

# "ਇਹ ਦੋਏ ਨੈਨਾ ਮਤ ਛੂਹੈ, ਪਿਰ ਦੇਖਨ ਕੀ ਆਸ"



ਪ੍ਰੋ: ਐਚ.ਐਲ.ਕਪੂਰ
001- 916- 587-4002

ਹਰ ਸੱਭਿਆਚਾਰ ਦੀ ਆਪਣੀ ਨਿਵੇਕਲੀ ਹੀ ਪਛਾਣ ਹੁੰਦੀ ਹੈ। ਜਿਸ ਤਰ੍ਹਾਂ ਸੰਗੀਤ, ਨਾਚ, ਖ਼ੁਰਾਕ, ਪਹਿਰਾਵਾ, ਭਾਸ਼ਾ ਆਦਿ। ਇਨ੍ਹਾਂ ਸਭ ਰੂਪਾਂ 'ਚੋਂ ਇਹ ਸੰਭਵ ਹੈ ਕਿ ਭਾਸ਼ਾ ਦਾ ਦ੍ਰਿਸ਼ਟੀਕੋਣ ਸਭ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ। ਭਾਸ਼ਾ ਸਾਨੂੰ ਸੱਚਿਆਚਾਰ ਸਿਖਾਉਂਦੀ ਹੈ, ਇਕ ਵਿਲੱਖਣ ਪਛਾਣ ਦਿੰਦੀ ਹੈ। ਇਸ ਲਈ ਭਾਸ਼ਾ ਹੀ ਇਕ ਅਜਿਹੀ ਚੀਜ਼ ਹੈ, ਜਿਹੜੀ ਸਾਨੂੰ ਅਲੱਗ ਜਾਂ ਵੱਖਰੀ ਪਛਾਣ ਦਿਵਾਉਂਦੀ ਹੈ। ਇਸ ਸੰਸਾਰ 'ਚ ਹਜ਼ਾਰਾਂ ਹੀ ਭਾਸ਼ਾਵਾਂ, ਬੋਲੀਆਂ ਤੇ ਲਿਖੀਆਂ ਜਾਂਦੀਆਂ ਹਨ। ਯੂਰਪ ਦਾ ਆਧੁਨਿਕ ਸੱਭਿਆਚਾਰ ਹੋਵੇ, ਭਾਵੇਂ ਅਫ਼ਰੀਕਾ ਜਾਂ ਦੱਖਣੀ ਅਮਰੀਕਾ ਦੇ ਜੰਗਲਾਂ ਦੇ ਆਦੀਵਾਸੀ ਕਬੀਲੇ ਹੋਣ, ਹਰ ਇਕ ਦੀ ਆਪਣੀ ਵੱਖਰੀ ਪਛਾਣ ਭਾਸ਼ਾ ਕਰਕੇ ਹੀ ਹੈ। ਅਸੀਂ ਭਾਸ਼ਾਵਾਂ ਤੋਂ ਹੀ ਕਿਸੇ ਕੌਮ ਦੇ ਸੱਭਿਆਚਾਰ ਦੀ ਸ਼ੁਰੂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ ਤੇ ਭਾਸ਼ਾ 'ਚ ਲਿਖਿਆ ਇਤਿਹਾਸ ਹੀ ਸਾਨੂੰ ਇਹ ਦੱਸਦਾ ਹੈ ਕਿ ਕਿਹੜਾ ਸੱਭਿਆਚਾਰ, ਕਿਹੜੇ ਤੋਂ ਪਹਿਲਾਂ ਹੋਂਦ 'ਚ ਆਇਆ ਤੇ ਉਹ ਕਿੰਨਾ ਪੁਰਾਣਾ ਹੈ। ਸੰਸਾਰ ਦੀਆਂ ਪੁਰਾਣੀਆਂ ਭਾਸ਼ਾਵਾਂ ਚੀਨੀ, ਅਰਬੀ, ਸੰਸਕ੍ਰਿਤ ਆਦਿ 'ਚ ਲਿਖਿਆ ਗਿਆ ਇਤਿਹਾਸ ਹੀ ਸਭ ਤੋਂ ਪੁਰਾਣਾ ਇਤਿਹਾਸ ਹੈ। ਪਰ ਕਿਸੇ ਨੁਕਤੇ ਤੋਂ ਜਾਂ ਦੂਜੀਆਂ ਭਾਸ਼ਾਵਾਂ ਦੇ ਸਮੂਹ ਤੋਂ ਦੇਖਿਆ ਜਾਵੇ ਤਾਂ ਫਰਾਂਸ ਤੇ ਜਰਮਨੀ ਆਦਿ ਦਾ ਸੱਭਿਆਚਾਰ ਤੇ ਭਾਸ਼ਾਵਾਂ ਦਾ ਵਿਕਾਸ ਲਾਤੀਨੀ ਭਾਸ਼ਾ 'ਚੋਂ ਹੀ ਹੋਇਆ ਹੈ ਤੇ ਇਸ ਤਰ੍ਹਾਂ ਹੀ ਸਾਡੀਆਂ ਭਾਸ਼ਾਵਾਂ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾਵਾਂ ਦਾ ਵਿਕਾਸ ਵੀ ਸੰਸਕ੍ਰਿਤ, ਫਾਰਸੀ ਵਗੈਰਾ 'ਚੋਂ ਹੀ ਹੋਇਆ ਹੈ।



ਪੰਜਾਬੀ ਭਾਸ਼ਾ ਦੀ ਪਛਾਣ ਪਹਿਲਾਂ ਸਪਤਸਿੰਧੂ ਭਾਵ ਸੱਤਾਂ ਦਰਿਆਵਾਂ ਦਾ ਦੇਸ਼ ਤੇ ਹੁਣ ਪੰਜਾਬ ਦੇ ਪੰਜ ਦਰਿਆਵਾਂ ਦੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਤੋਂ ਕੀਤੀ ਜਾਂਦੀ ਹੈ। ਜੰਮੂ ਦੇ ਪੂਰਬ ਤੇ ਪੱਛਮ 'ਚ ਵਗਦੇ ਦਰਿਆਵਾਂ ਦੇ ਗਿਰਦ ਰਹਿੰਦੇ ਲੋਕ ਵੀ, ਪੰਜਾਬੀ ਅਖਵਾਉਂਦੇ ਹਨ। ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਇਤਿਹਾਸ ਸਹੀ ਮਾਅਨਿਆਂ 'ਚ 1173 ਈਸਵੀ ਨੂੰ ਰਮਜ਼ਾਨ ਦੇ ਦਿਨਾਂ ਤੋਂ ਸ਼ੁਰੂ ਹੁੰਦਾ ਹੈ। ਮੇਰੇ ਕਹਿਣ ਤੋਂ ਭਾਵ ਫ਼ਰੀਦ-ਉੱਲ-ਦੀਨ ਮਸਾਊਦ ਸ਼ਕਰਗੰਜ, ਬਾਬਾ ਫ਼ਰੀਦ ਦੇ ਪਾਕਪਟਨ ਵਿਖੇ ਜਨਮ ਤੋਂ ਹੁੰਦਾ ਹੈ। ਸ਼ੇਖ ਸੁਲੇਮਾਨ ਦੇ ਘਰ ਇਕ ਅਜਿਹੇ ਚਰਾਗ ਤੇ ਮਹਾਨ ਆਤਮਾ ਨੇ ਜਨਮ ਲਿਆ, ਜਿਸ ਨੇ ਆਪਣੇ ਮਾਤਾ-ਪਿਤਾ ਦੇ ਘਰ ਨੂੰ ਹੀ ਰੌਸ਼ਨ ਨਹੀਂ ਕੀਤਾ ਸਗੋਂ ਉਹ ਸਮੁੱਚੀ ਮਾਨਵਤਾ ਲਈ ਸੂਰਜ ਬਣ ਕੇ ਚਮਕਿਆ।

ਹਾਂ, ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬੜੀ ਜ਼ਰੂਰੀ ਹੈ ਕਿ ਸ਼ੇਖ਼ ਫ਼ਰੀਦ ਜੀ ਦੀ ਬਾਣੀ ਅੱਜ ਦੀ ਆਧੁਨਿਕ ਪੰਜਾਬੀ ਦੇ ਸਰਲ ਰੂਪ ਦੇ ਬਹੁਤ ਨਜ਼ਦੀਕ ਜਾਪਦੀ ਹੈ, ਕਿਉਂਕਿ ਉਸ ਸਮੇਂ ਪੰਜਾਬੀ ਭਾਸ਼ਾ ਆਪਣੇ ਅੱਪਭ੍ਰੰਸ਼ਕ ਰੂਪ ਤੋਂ ਪਰਿਵਰਤਿਤ ਹੋ ਕੇ ਆਧੁਨਿਕ ਪੰਜਾਬੀ ਦਾ ਰੂਪ ਗ੍ਰਹਿਣ ਕਰ ਰਹੀ ਸੀ। ਇਸ ਲਈ ਕਈ ਇਤਿਹਾਸਕਾਰ ਕਾਫ਼ੀ ਸਮਾਂ ਪਹਿਲਾਂ ਕਹਿੰਦੇ ਹੁੰਦੇ ਸਨ ਕਿ ਪੰਜਾਬੀ ਸਾਹਿਤ ਦਾ ਇਤਿਹਾਸ ਹੀ ਬਾਬਾ ਸ਼ੇਖ਼ ਫ਼ਰੀਦ ਤੋਂ ਸ਼ੁਰੂ ਹੁੰਦਾ ਹੈ। ਪਰ ਨਹੀਂ, ਇਹ ਇਸ ਤਰ੍ਹਾਂ ਨਹੀਂ ਹੈ। ਪੰਜਾਬੀ ਭਾਸ਼ਾ ਦੇ ਆਰੰਭ ਨੂੰ ਡਾਕਟਰ ਮੋਹਨ ਸਿੰਘ 'ਦੀਵਾਨਾ' ਆਪਣੇ ਲਿਖੇ ਗਏ ਅੰਗਰੇਜ਼ੀ ਭਾਸ਼ਾ 'ਚ, ਪੰਜਾਬੀ ਸਾਹਿਤ ਦੇ ਇਤਿਹਾਸ 'ਐਨ ਇੰਟਰੋਡਕਸ਼ਨ ਟੂ ਦੀ ਸਟੱਡੀ ਆਫ਼ ਪੰਜਾਬੀ ਲਿਟਰੇਚਰ' 'ਚ ਅੱਠਵੀਂ ਸਦੀ ਤੋਂ ਮੰਨਦੇ ਹਨ। ਇਸ ਨੂੰ ਸਾਬਤ ਕਰਨ ਲਈ, ਨਾਥਾਂ ਯੋਗੀਆਂ ਦੇ ਕਾਲ 'ਚ ਨਾਥਾਂ ਯੋਗੀਆਂ ਦੁਆਰਾ ਪੰਜਾਬੀ ਭਾਸ਼ਾ 'ਚ ਲਿਖੇ ਗਏ ਭਜਨ ਤੇ ਕਵਿਤਾ ਦੇ ਹੋਰ ਰੂਪਾਂ ਨਾਲ, ਸਾਬਤ ਕਰਦੇ ਹਨ। ਇਸ ਲਈ ਉਹ ਬਾਬਾ ਫ਼ਰੀਦ ਜੀ ਤੋਂ ਨਹੀਂ, ਸਗੋਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਹੋਰ ਤਿੰਨ-ਚਾਰ ਸੌ ਸਾਲ ਬਾਬਾ ਫ਼ਰੀਦ ਤੋਂ ਪਹਿਲਾਂ ਆਰੰਭ ਹੋਇਆ ਸਾਬਤ ਕਰਦੇ ਹਨ। ਇਸ ਲਈ ਪੰਜਾਬੀ ਸਾਹਿਤ ਦਾ ਇਤਿਹਾਸ ਹਿੰਦੀ ਤੇ ਉਰਦੂ ਭਾਸ਼ਾ ਦੇ ਵਿਕਸਤ ਹੋਣ ਤੋਂ ਕਿਤੇ ਪਹਿਲਾਂ ਦਾ ਹੈ।

ਇਹ ਧਾਰਨਾ ਪੰਜਾਬ, ਭਾਰਤ ਤੇ ਪਾਕਿਸਤਾਨ 'ਚ ਬੜੇ ਪ੍ਰਬੱਲ ਰੂਪ 'ਚ ਮੰਨੀ ਜਾਂਦੀ ਹੈ ਕਿ ਬਾਬਾ ਫ਼ਰੀਦ ਜੀ ਦਾ ਜਨਮ ਉਸ ਸਮੇਂ ਹੋਇਆ ਜਦੋਂ ਅਫਗਾਨੀ ਲੋਕ ਭਾਰਤ 'ਤੇ ਕਬਜ਼ਾ ਕਰਨ ਲਈ ਪੁਰਜ਼ੋਰ ਹਮਲੇ ਕਰ ਰਹੇ ਸਨ। ਅਖੀਰ ਤੈਮੂਰ (ਤਿਮਰ ਲੰਗ), ਹਲਾਕੂ (ਚੰਗੇਜ਼ ਖਾਨ ਦਾ ਪੁੱਤਰ) ਆਦਿ ਫ਼ਰੀਦ ਜੀ ਦੇ ਜਨਮ ਲੈਣ ਤੋਂ 200 ਸਾਲਾਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਤੋਂ ਭਾਰਤ 'ਤੇ ਹਮਲੇ ਕਰ ਰਹੇ ਸਨ। ਉਸ ਸਮੇਂ ਭਾਰਤ ਦੀ ਸਰਕਾਰੀ ਭਾਸ਼ਾ ਤੁਰਕੀ ਤੇ ਫਾਰਸੀ ਸੀ। ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਤੋਂ ਆਰੰਭ ਹੋਇਆ ਇਹ ਵੰਸ਼ ਸੁਲਤਾਨ ਬਲਬਨ ਤੱਕ ਭਾਰਤ 'ਤੇ ਕਾਬਜ਼ ਰਿਹਾ। ਭਾਰਤ 'ਤੇ ਕਾਬਜ਼ ਹੋਣ ਤੋਂ 200 ਤੋਂ 300 ਸਾਲ ਪਹਿਲਾਂ ਅਫ਼ਗਾਨਾਂ ਨੇ ਤਲਵਾਰ ਦੇ ਜ਼ੋਰ 'ਤੇ ਇਰਾਨ, ਅਫ਼ਗਾਨਿਸਤਾਨ ਤੇ ਪੂਰਬੀ ਯੂਰਪ ਦੇ ਇਲਾਕਿਆਂ 'ਤੇ ਆਪਣਾ ਰਾਜ ਜਮਾਈ ਰੱਖਿਆ। ਠੀਕ ਇਸੇ ਤਰ੍ਹਾਂ ਹੀ ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਨੇ ਤਲਵਾਰ ਦੇ ਜ਼ੋਰ ਨਾਲ ਭਾਰਤ 'ਤੇ ਰਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਦੀ ਆਪਣੇ ਵੱਖ-ਵੱਖ ਕਬੀਲਿਆਂ ਦੀ ਅੰਦਰੂਨੀ ਫੁੱਟ ਕਾਰਨ ਉਹ ਜ਼ਿਆਦਾ ਦੇਰ ਤੱਕ ਕਾਬਜ਼ ਨਾ ਰਹਿ ਸਕੇ। ਇਸ ਸਮੇਂ ਦੌਰਾਨ ਅਰਬ ਦੇਸ਼ਾਂ ਤੇ ਹੋਰ ਥਾਂਵਾਂ ਤੋਂ ਸੂਫ਼ੀ ਆਪਣਾ ਅੱਲਾਹ ਨਾਲ ਪ੍ਰੇਮ ਕਰਨ ਦਾ ਸੰਦੇਸ਼ ਫੈਲਾਉਣ ਲਈ ਭਾਰਤ ਆਏ। ਉਸ ਸਮੇਂ ਸੂਫ਼ੀ ਸੰਤ ਖਵਾਜਾ-ਕੁਤਬ-ਉੱਲ-ਦੀਨ ਬਖਤਿਆਰ ਕਾਕੀ ਜਿਹੜਾ ਕਿ ਸੱਯਦ ਜਾਫਰੀ ਹੁਸੈਨੀ ਕਬੀਲੇ ਨਾਲ ਸਬੰਧਿਤ ਸੀ, ਇਕ ਬਹੁਤ ਮਸ਼ਹੂਰ ਸੂਫ਼ੀ ਸੰਤ ਸੀ।

ਖ਼ਵਾਜਾ ਬਖਤਿਆਰ ਕਾਕੀ ਦਾ ਜਨਮ 1150 ਈਸਵੀ ਦੇ ਕਰੀਬ ਹੋਇਆ, ਜਿਸ ਨੇ ਆਪਣੀ ਤਾਲੀਮ ਤੇ ਸੂਫ਼ੀ ਮੱਤ ਦੀ ਸਿੱਖਿਆ ਅੱਬੂ ਹਿਫ਼ਜ਼ ਤੋਂ ਪ੍ਰਾਪਤ ਕੀਤੀ। ਉਹ ਅਜਮੇਰ ਗਏ ਤੇ ਮੁਆਇਨ-ਉਲ-ਦੀਨ ਹਸਨ ਚਿਸ਼ਤੀ ਦੇ ਪੈਰੋਕਾਰ ਬਣ ਗਏ। ਉਥੇ ਰਹਿੰਦਿਆਂ ਦਿੱਲੀ ਆ ਗਏ ਤੇ ਸ਼ੇਖ ਫ਼ਰੀਦ ਜੀ ਉਹਨਾਂ ਨੂੰ ਦਿੱਲੀ ਮਿਲੇ ਤੇ ਉਹਨਾਂ ਦੇ ਪੈਰੋਕਾਰ ਬਣ ਗਏ। ਬਾਬਾ ਸੁਲਤਾਨ ਸ਼ਾਮਸ-ਉੱਲ-ਦੀਨ ਅਲਤਮੱਸ਼ ਵੀ ਉਹਨਾਂ ਦੇ ਪੈਰੋਕਾਰ ਬਣ ਗਏ ਸਨ। ਖ਼ਵਾਜਾ ਬਖਤਿਆਰ ਕਾਕੀ ਦਿੱਲੀ ਵਿਖੇ ਹੀ 1235 ਈਸਵੀ ਨੂੰ ਸਵਰਗਵਾਸ ਹੋ ਗਏ ਤੇ ਉਹਨਾਂ ਦੇ ਸੰਸਕਾਰ ਵੀ ਦਿੱਲੀ 'ਚ ਹੀ ਕੀਤਾ ਗਿਆ। ਉਹਨਾਂ ਦੀ ਯਾਦ 'ਚ ਦਿੱਲੀ ਵਿਖੇ ਬਣਿਆ ਸੁੰਦਰ ਮਕਬਰਾ ਅੱਜ ਵੀ ਮੌਜੂਦ ਹੈ, ਜਿੱਥੇ ਕੱਟੜ ਹਿੰਦੂ, ਸਿੱਖ ਤੇ ਮੁਸਲਮਾਨ ਅੱਜ ਵੀ ਬੜੇ ਸਤਿਕਾਰ ਨਾਲ ਸੱਜਦਾ ਕਰਨ ਜਾਂਦੇ ਹਨ। ਉਹਨਾਂ ਦੇ ਵੰਸ਼ਜ ਦੇ ਮੁੱਲਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਪਾਕਪਟਨ ਵਿਖੇ ਬਾਬਾ ਸ਼ੇਖ ਫ਼ਰੀਦ ਜੀ ਦੀ ਵੰਸ਼ਾਵਲੀ 'ਚੋਂ ਅੱਜ ਵੀ ਉਹਨਾਂ ਦੀ ਗੱਦੀ ਦੇ ਜਿਸਨੂੰ ਵਾਰਿਸ ਬਣਾਇਆ ਜਾਂਦਾ ਹੈ, ਉਸ ਨੂੰ ਜਵਾਹੀ-ਰ-ਫ਼ਰੀਦੀ ਦੇ ਖਿਤਾਬ ਨਾਲ ਸਨਮਾਨਿਤ ਕਰਕੇ, ਜਾਨਸ਼ੀਨ ਸਥਾਪਤ ਕਰਕੇ ਸੁਰੱਖਿਅਤ ਰੱਖਿਆ ਜਾਂਦਾ ਹੈ ਤੇ ਗੱਦੀ ਦੇ ਹਰ ਵਾਰਿਸ ਦੇ ਨਾਮ ਨਾਲ ਪਹਿਲਾ ਫ਼ਰੀਦ ਸ਼ਬਦ ਲਿਖਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਫਾਰੁਖਸ਼ਾਹ ਦੇ ਖਾਨਦਾਨ 'ਚੋਂ ਸਨ, ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਗ਼ਜ਼ਨੀ ਤੇ ਅਫ਼ਗਾਨਿਸਤਾਨ ਦੇ ਹੋਰ ਕਈ ਸੂਬੇ ਉਸਦੇ ਅਧੀਨ ਸਨ। ਬਾਬਾ ਸ਼ੇਖ ਫ਼ਰੀਦ ਦੇ ਪੜਦਾਦਾ, ਬਾਦਸ਼ਾਹ ਫਾਰੁਖਸ਼ਾਹ ਦਾ ਪੁੱਤਰ ਸੀ, ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਉਹਨਾਂ ਦਿਨਾਂ 'ਓ ਬਾਬਾ ਫ਼ਰੀਦ ਜੀ ਦੇ ਪੜਦਾਦਾ, ਉਸ ਸਮੇਂ ਮਾਰੇ ਗਏ ਸਨ ਜਦੋਂ ਹਲਾਕੂ ਜਿਹੜਾ ਕਿ ਚੰਗੇਜ਼ ਖਾਨ ਦਾ ਪੋਤਾ ਸੀ, ਨੇ ਕਾਬਲ 'ਤੇ ਹਮਲਾ ਕੀਤਾ ਸੀ। ਉਸਨੇ ਹੋਰ ਵੀ ਕਈ ਸ਼ਹਿਜ਼ਾਦੇ, ਵਿਦਵਾਨ ਵਿਅਕਤੀ ਤੇ ਬਾਬਾ ਫ਼ਰੀਦ ਜੀ ਦੇ ਰਿਸ਼ਤੇਦਾਰ ਜੋ ਇਹਨਾਂ ਦੇ ਵੱਡੇ-ਵਡੇਰੇ ਸਨ, ਮਾਰ ਦਿੱਤੇ ਸਨ। ਬਾਬਾ ਸ਼ੇਖ ਫ਼ਰੀਦ ਜੀ ਦੇ ਦਾਦਾ ਸ਼ੇਖ ਸਾਹਿਬ ਨੇ ਆਪ ਦੇਸ਼ ਛੱਡ ਦਿੱਤਾ ਸੀ ਤੇ ਉਹਨਾਂ ਨੇ ਪੰਜਾਬ 'ਚ ਇਕ ਰਫੂਜੀ ਦੇ ਤੌਰ 'ਤੇ 1125 ਈਸਵੀ 'ਚ ਪਨਾਹ ਲੈ ਲਈ ਸੀ। ਕਸੂਰ ਦਾ ਕਾਜ਼ੀ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਬਹੁਤ ਸ਼ਾਹੀ ਘਰਾਣੇ ਦੇ ਸ਼ੇਖ ਸਾਹਿਬ ਹਨ ਤੇ ਉਸ ਨੇ ਇਹਨਾਂ ਦੀ ਬਹੁਤ ਆਓ-ਭਗਤ ਤੇ ਮਹਿਮਾਨ ਨਿਵਾਜੀ ਕੀਤੀ। ਕੁਝ ਸਮੇਂ ਬਾਅਦ ਸ਼ੇਖ ਸਾਹਿਬ ਮੁਲਤਾਨ ਨੂੰ ਰਵਾਨਾ ਹੋ ਗਏ ਤੇ ਉਥੇ ਉਹਨਾਂ ਨੇ ਵਿਚਾਰ ਕੀਤੀ ਕਿ ਉਹਨਾਂ ਨੂੰ ਆਪਣੇ ਸ਼ਾਹੀ ਘਰਾਣੇ ਨਾਲ ਸੰਬੰਧਾਂ ਦੀ ਲੋਕਾਂ ਨੂੰ ਜਾਣਕਾਰੀ ਨਹੀਂ ਦੇਣੀ ਚਾਹੀਦੀ ਹੈ ਤਾਂ ਕਿ ਉਹਨਾਂ ਨੂੰ ਪਤਾ ਨਾ ਲੱਗ ਸਕੇ ਕਿ ਇਹ ਕੌਣ ਹਨ ਤੇ ਆਪਣੇ ਇਰਾਦਿਆਂ ਨੂੰ ਆਪਣੇ ਅੰਦਰ ਹੀ ਰੱਖਣਾ ਚਾਹੀਦਾ ਹੈ। ਆਪਣੇ ਵਿਚਾਰ ਇਸ ਤਰ੍ਹਾਂ ਦੇ ਬਣਾ ਕੇ ਉਹਨਾਂ ਨੇ ਆਪਣੀ ਰਿਹਾਇਸ਼ ਖੋਤਵਾਲ ਵਿਖੇ ਕਰ ਲਈ ਤੇ ਆਪਣੀ ਲੋਕਾਂ 'ਚ ਚਾਵਲੀ ਮੁਸ਼ੇਖ ਦੇ ਨਾਮ ਨਾਲ ਪਹਿਚਾਣ ਬਣਾ ਲਈ। ਇਹ ਜਗ੍ਹਾ ਦਿਖਾਲਪੁਰ ਦੇ ਨਜ਼ਦੀਕ ਹੈ। ਉਹਨਾਂ ਨੇ ਖੋਤਵਾਲ 'ਚ ਲੋਕਾਂ ਨੂੰ ਧਾਰਮਿਕ ਸਿੱਖਿਆ ਦੇਣ ਲਈ ਆਪਣਾ ਇਕ ਨਿੱਜੀ ਵਿਦਿਆਲਾ ਬਣਾ ਲਿਆ ਤੇ ਇਸ ਨੂੰ ਕਾਮਯਾਬ ਕਰਨ ਵੱਲ ਬੜਾ ਧਿਆਨ ਦਿੱਤਾ। ਉਹਨਾਂ ਦੇ ਵੱਡੇ ਪੁੱਤਰ ਜਮਾਲ-ਉਦ-ਦੀਨ ਦਾ ਵਿਆਹ ਬੀਬੀ ਮਰੀਅਮ ਜਿਹੜੀ ਕਿ ਸਈਅਦ ਮੁਹੰਮਦ ਅਬਦੁਲਾ ਸ਼ਾਹ ਦੀ ਬੇਟੀ ਸੀ, ਨਾਲ ਕਰ ਦਿੱਤਾ, ਜਿਹੜਾ ਕਿ ਅਲੀ ਦੇ ਖਾਨਦਾਨ 'ਚੋਂ ਸੀ। ਬੀਬੀ ਮਰੀਅਮ ਦੇ ਤਿੰਨ ਪੁੱਤਰ ਸਨ, ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ: ਖ਼ਵਾਜਾ-ਉੱਲ-ਦੀਨ, ਫ਼ਰੀਦ-ਉੱਲ-ਦੀਨ ਮਸਾਊਦ (ਬਾਬਾ ਫ਼ਰੀਦ) ਤੇ ਖ਼ਵਾਜਾ ਨਾਜ਼ੀਬ-ਉੱਲ-ਦੀਨ ਤੇ ਇਕ ਬੇਟੀ ਖ਼ਾਤੂਨ ਜ਼ਮੀਲਾ ਸੀ।

ਸ਼ੇਖ ਫ਼ਰੀਦ ਜੀ ਦੀ ਮਾਤਾ ਮਰੀਅਮ ਬੜੀ ਧਰਮਾਤਮਾ ਤੇ ਇਸਲਾਮੀ ਤਾਲੀਮ ਦੀ ਚੰਗੀ ਗਿਆਤਾ ਸੀ। ਉਹ ਬੜੀ ਨੇਕ, ਸ਼ੁੱਧ ਹਿਰਦੇਵਾਲੀ, ਬੜੀ ਦਿਆਲੂ ਤੇ ਇਕ ਇਮਾਨਦਾਰ ਮਾਂ ਸੀ। ਮਾਤਾ ਜੀ ਦੇ ਇਸ ਤਰ੍ਹਾਂ ਦੇ ਨੇਕ ਸੁਭਾਅ ਦਾ ਪ੍ਰਭਾਵ ਸ਼ੇਖ ਫ਼ਰੀਦ ਜੀ 'ਤੇ ਬਚਪਨ ਤੋਂ ਹੀ ਪੈਣਾ ਸ਼ੁਰੂ ਹੋ ਗਿਆ ਸੀ। ਸ਼ੇਖ ਫ਼ਰੀਦ ਜੀ ਇਸੇ ਕਰਕੇ ਹੀ 12 ਸਾਲ ਦੀ ਉਮਰ ਤੱਕ 'ਕੁਰਾਨ ਮਜ਼ੀਦ' ਦਾ ਅਧਿਐਨ ਕਰ ਗਏ ਸਨ। ਉਹਨਾਂ ਨੇ ਇਸ ਨੂੰ ਜਵਾਨੀ ਯਾਦ ਕਰ ਲਿਆ ਸੀ ਤੇ ਉਹਨਾਂ 'ਚੋਂ ਛੋਟੀ ਉਮਰੇ ਹੀ ਕਾਫ਼ੀ ਧਾਰਮਿਕ ਪ੍ਰਪੱਕਤਾ ਆ ਗਈ ਸੀ। ਉਹਨਾਂ ਦੇ ਪਿਤਾ ਉਸ ਜ਼ਮਾਨੇ ਦੇ ਇਕ ਮਸ਼ਹੂਰ ਸੂਫ਼ੀ ਫਕੀਰ ਸਨ।

ਜਦੋਂ ਅਜੇ ਬਾਬਾ ਫ਼ਰੀਦ ਜੀ ਛੋਟੀ ਉਮਰ ਦੇ ਹੀ ਸਨ ਤਾਂ ਉਹਨਾਂ ਦੀ ਮਾਤਾ ਜੀ ਨੇ ਉਨ੍ਹਾਂ ਨੂੰ ਦੁਆ (ਪ੍ਰਾਰਥਨਾ) ਕਰਨੀ ਸਿਖਾਈ। ਬਾਲਕ ਫ਼ਰੀਦ ਨੇ ਆਪਣੀ ਮਾਤਾ ਜੀ ਨੂੰ ਪੁੱਛਿਆ ਕਿ ਇਸ ਦੁਆ ਦਾ ਕੀ ਮਹੱਤਵ ਹੈ? ਉਹਨਾਂ ਦੀ ਮਾਤਾ ਨੇ ਕਿਹਾ ਕਿ, "ਮਿਠਾਸ"। ਇਸ ਤਰ੍ਹਾਂ ਜਦੋਂ ਫ਼ਰੀਦ ਜੀ ਦੀ ਦੁਆ ਦਾ ਸਮਾਂ ਹੁੰਦਾ ਤਾਂ ਉਹਨਾਂ ਦੀ ਮਾਤਾ ਦੁਆ ਕਰਨ ਤੋਂ ਪਹਿਲਾਂ, ਚਟਾਈ ਦੇ ਹੇਠਾਂ ਜਿਸ 'ਤੇ ਬੈਠ ਕੇ ਉਹ ਦੁਆ ਕਰਦੇ ਸਨ, ਖੰਡ ਛੁਪਾਅ ਕੇ ਰੱਖ ਦਿੰਦੀ ਤੇ ਜਦ ਉਹਨਾਂ ਦੀ ਦੁਆ ਖਤਮ ਹੁੰਦੀ ਤਾਂ ਉਹਨਾਂ ਦੀ ਮਾਤਾ ਚਟਾਈ ਹੇਠੋਂ ਖੰਡ ਕੱਢਦੀ ਤੇ ਫ਼ਰੀਦ ਜੀ ਨੂੰ ਇਸ ਤਰ੍ਹਾਂ ਅੱਲਾਹ 'ਚ ਸ਼ਰਧਾ ਰੱਖਣ ਕਰਕੇ ਇਨਾਮ ਵਜੋਂ ਦੇ ਦਿੰਦੀ ਸੀ। ਇਕ ਦਿਨ ਉਹਨਾਂ ਦੇ ਮਾਤਾ ਜੀ ਚਟਾਈ ਹੇਠਾਂ ਖੰਡ ਰੱਖਣੀ ਭੁੱਲ ਗਏ ਤੇ ਜਦੋਂ ਦੁਆ ਖਤਮ ਹੋਈ ਤਾਂ ਚਟਾਈ ਦੇ ਹੇਠਾਂ ਖੰਡ ਮੌਜੂਦ ਸੀ। ਉਸ ਦਿਨ ਤੋਂ ਬੀਬੀ ਮਰੀਅਮ ਨੇ ਆਪਣੇ ਪੁੱਤਰ ਫ਼ਰੀਦ ਜੀ ਨੂੰ 'ਸ਼ਕਰਗੰਜ' ਕਹਿਣਾ ਸ਼ੁਰੂ ਕਰ ਦਿੱਤਾ।

ਜਦੋਂ ਬਾਬਾ ਫ਼ਰੀਦ ਜੀ 16 ਸਾਲ ਦੇ ਹੋਏ ਤਾਂ ਉਹ ਮੱਕੇ ਨੂੰ ਹੱਜ ਲਈ ਗਏ ਤੇ ਉਥੇ ਅਬਦੁਲ ਰਹੀਮ ਅਨਸਾਰੀ ਦੇ ਘਰ ਰੁਕੇ। ਇੱਥੇ ਉਨ੍ਹਾਂ ਨੇ ਆਪਣੀ ਸਾਰੀ ਗੱਲਬਾਤ ਪੰਜਾਬੀ 'ਚ ਕੀਤੀ ਤੇ ਇਕ ਜਟਾਧਾਰੀ ਫਕੀਰ ਨੇ ਇਨ੍ਹਾਂ ਦੀ ਪੰਜਾਬੀ ਭਾਸ਼ਾ 'ਚ ਗੱਲਬਾਤ ਸੁਣ ਕੇ ਕਿਹਾ ਕਿ, "ਭਵਿੱਖ 'ਚ ਇਹ ਬਾਲਕ ਬਹੁਤ ਮਹਾਨ ਵਿਅਕਤੀ ਹੋਵੇਗਾ।" ਉਸ ਤੋਂ ਬਾਅਦ ਬਾਬਾ ਫ਼ਰੀਦ ਜੀ ਪੰਜਾਬ ਆ ਗਏ। ਫਿਰ ਉਨ੍ਹਾਂ ਨੂੰ ਦਿੱਲੀ ਖ਼ਵਾਜਾ ਕੁਤਬ-ਉੱਲ-ਦੀਨ ਬਖਤਿਆਰ ਕਾਕੀ ਪਾਸ ਧਰਮ-ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਨ ਲਈ ਭੇਜਿਆ ਗਿਆ। ਉਨ੍ਹਾਂ ਨੇ ਉਸ ਨੂੰ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਦੀ ਹੋਰ ਜ਼ਰੂਰਤ ਹੈ ਤਾਂ ਉਨ੍ਹਾਂ ਨੇ ਬਾਬਾ ਫ਼ਰੀਦ ਜੀ ਨੂੰ ਸਿਰਸਾ, ਜੋ ਕਿ ਦਿੱਲੀ ਦੇ ਨਜ਼ਦੀਕ ਹੈ, ਵਿਖੇ ਅਬਦੂਲ ਸ਼ਕੂਰ ਦੇ ਧਾਰਮਿਕ ਸਥਾਨ 'ਤੇ ਭੇਜਿਆ ਕਿ ਉਹ ਆਪਣੀ ਧਾਰਮਿਕ ਵਿੱਦਿਆ ਪੂਰੀ ਕਰ ਲੈਣ। ਇੱਥੇ ਰਹਿੰਦਿਆਂ ਉਨ੍ਹਾਂ ਨੇ ਧਾਰਮਿਕ ਤੇ ਸੰਸਾਰਕ ਗਿਆਨ ਇੰਨਾ ਵਿਸਥਾਰ 'ਚ ਗ੍ਰਹਿਣ ਕੀਤਾ ਕਿ ਸਭ ਉਨ੍ਹਾਂ ਦੀ ਵਿਦਵਤਾ 'ਤੇ ਹੈਰਾਨ ਰਹਿ ਗਏ।

ਦਿੱਲੀ ਵਿਖੇ ਰਹਿੰਦਿਆਂ ਬਾਬਾ ਫ਼ਰੀਦ ਜੀ ਨੇ ਬੜੀ ਪ੍ਰਸਿੱਧਤਾ ਹਾਸਲ ਕੀਤੀ ਤੇ ਹੁਣ ਇਨ੍ਹਾਂ ਲਈ ਇਹ ਜਗ੍ਹਾ ਅਕਾਊ ਬਣ ਗਈ ਸੀ। ਫਿਰ ਉਥੋਂ ਉਹਨਾਂ ਨੇ ਹਾਂਸੀ ਨੂੰ ਚਾਲੇ ਪਾ ਲਏ, ਉਥੇ ਵੀ ਉਹ ਬਹੁਤ ਦੇਰ ਤੱਕ ਨਹੀਂ ਰਹੇ। ਇਸ ਸਮੇਂ ਦੌਰਾਨ ਦਿੱਲੀ ਵਿਖੇ ਖ਼ਵਾਜਾ ਕੁਤਬ-ਉੱਲ-ਦੀਨ ਬਖਤਿਆਰ ਕਾਕੀ ਦੀ ਮੌਤ ਹੋ ਗਈ ਤੇ ਬਾਬਾ ਫ਼ਰੀਦ ਜੀ ਫਿਰ ਦੁਬਾਰਾ ਦਿੱਲੀ ਚਲੇ ਗਏ ਤੇ ਧਾਰਮਿਕ ਚੋਗਾ ਪਹਿਨ ਕੇ ਰੂਹਾਨੀਅਤ ਦੇ ਰਹਿਬਰ ਬਣ ਗਏ। ਇੱਥੇ ਉਨ੍ਹਾਂ ਨੇ ਰੂਹਾਨੀਅਤ ਦੀ ਸਿੱਖਿਆ ਦੇਣੀ ਉਨਾ ਚਿਰ ਜਾਰੀ ਰੱਖੀ ਜਿੰਨੀ ਦੇਰ ਤੱਕ ਹਾਂਸੀ ਤੋਂ ਜਮਾਲ-ਉੱਲ-ਦੀਨ ਨਹੀਂ ਆ ਗਏ। ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਅਜੋਧਾਨ (ਮੌਜੂਦਾ ਨਾਮ ਪਾਕਪਟਨ) ਵਿਖੇ ਆ ਗਏ। ਅਜੋਧਾਨ ਦਾ ਨਾਮ ਬਦਲ ਕੇ ਪਾਕਪਟਨ ਕਿਵੇਂ ਪਿਆ, ਇਸ ਦੀ ਇਕ ਖਾਸ ਵਜ੍ਹਾ ਸੀ ਕਿ ਇਕ ਨਹਿਰ ਜਿਹੜੀ ਕਿ ਸਤਲੁਜ 'ਚੋਂ ਨਿਕਲਦੀ ਸੀ ਤੇ ਇਸ ਕਸਬੇ ਦੇ ਕੋਲ ਦੀ ਜਾਂਦੀ ਸੀ ਤੇ ਬਾਬਾ ਫ਼ਰੀਦ ਜੀ ਰੋਜ਼ ਉਸ 'ਚ ਆਪਣਾ ਇਸ਼ਨਾਨ ਕਰਨ ਤੇ ਮੂੰਹ-ਹੱਥ ਧੋਣ ਜਾਂਦੇ ਸਨ ਤੇ ਇਸ ਸਥਾਨ ਨੂੰ ਲੋਕਾਂ ਨੇ ਬਾਬਾ ਫ਼ਰੀਦ ਜੀ ਦਾ 'ਪਾਕਪਟਨ', ਭਾਵ ਫ਼ਰੀਦ ਜੀ ਦਾ ਪਵਿੱਤਰ ਘਾਟ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਕੁਝ ਸਮੇਂ ਬਾਅਦ ਫ਼ਰੀਦ ਜੀ ਆਪਣੇ ਮਾਤਾ ਜੀ ਦੇ ਕਹਿਣ 'ਤੇ ਜੰਗਲ 'ਚ ਚਲੇ ਗਏ ਤੇ ਉਥੇ ਉਹ ਇਕ ਸਨਿਆਸੀ ਦੇ ਤੌਰ ਤੇ 12 ਸਾਲ ਰਹੇ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਦੇ ਰਹੇ ਪਰ ਮਨ ਨੂੰ ਤਸੱਲੀ ਨਾ ਹੋਈ ਤੇ ਉਨ੍ਹਾਂ ਨੇ ਆਪਣੇ ਦਿਲ ਨੂੰ ਤਸੱਲੀ ਦੇਣ ਲਈ ਨਿਮਨ-ਲਿਖਤ ਸ਼ਬਦ ਦੀ ਰਚਨਾ ਕੀਤੀ:

ਫ਼ਰੀਦਾ ਜੰਗਲ ਜੰਗਲ ਕਿਆ ਭਵੈਹਿ,
ਬਣ ਕਢਾਹਿ ਮੋੜ।।
ਵਸੀ ਰੱਬ ਹਿਆਲਿਐ, ਜੰਗਲ ਕਿਆ
ਢੂਡਹਿ।।

ਜਦੋਂ ਫ਼ਰੀਦ ਜੀ ਇੰਨੇ ਸਾਲ ਜੰਗਲ 'ਚ ਲਾ ਕੇ ਆਏ ਤਾਂ ਉਨ੍ਹਾਂ ਦੇ ਮਾਤਾ ਜੀ ਉਹਨਾਂ ਦੇ ਕੰਘੀ ਨਾਲ ਵਾਲ਼ ਵਾਹੁਣ ਲੱਗੇ ਤਾਂ ਬਾਬਾ ਫ਼ਰੀਦ ਜੀ ਨੂੰ ਵਾਲ਼ ਪੁੱਟ ਹੋਣ ਨਾਲ ਬੜੀ ਤਕਲੀਫ਼ ਹੁੰਦੀ ਸੀ ਕਿਉਂਕਿ ਉਹਨਾਂ ਦੇ ਵਾਲ਼ ਨਾ ਧੋਣ ਕਰਕੇ ਜਟਾਵਾਂ ਬਣ ਚੁੱਕੇ ਸਨ। ਬਾਬਾ ਫ਼ਰੀਦ ਜੀ ਨੇ ਆਪਣੇ ਮਾਤਾ ਜੀ ਨੂੰ ਕਿਹਾ ਕਿ ਮੈਨੂੰ ਵਾਲ਼ ਪੁੱਟ ਹੋਣ ਨਾਲ ਬੜੀ ਦਰਦ ਹੁੰਦੀ ਹੈ, ਮਾਤਾ ਜੀ ਨੇ ਉੱਤਰ ਦਿੱਤਾ ਕਿ ਹੇ ਪੁੱਤਰ! "ਇਸ ਤਰ੍ਹਾਂ ਹੀ, ਜਦੋਂ ਤੂੰ ਆਪਣੀ ਖੁਰਾਕ ਵਜੋਂ ਦਰਖਤਾਂ ਦੇ ਪੱਤੇ ਤੇ ਫਲ ਤੋੜ ਕੇ ਜੰਗਲ 'ਚ ਖਾਂਦਾ ਸੀ, ਉਨ੍ਹਾਂ ਦੇ ਵੀ ਦਰਦ ਹੁੰਦੀ ਹੋਵੇਗੀ?

ਫਿਰ ਬਾਬਾ ਫ਼ਰੀਦ ਜੀ ਨੇ ਇਕ ਹੋਰ ਤੀਰਥ ਯਾਤਰਾ, ਆਪਣੇ ਸ਼ੰਕੇ ਨਵਿਰਤ ਕਰਨ ਲਈ ਕੀਤੀ। ਫਿਰ ਉਹਨਾਂ ਨੇ ਕਿਸੇ ਵੀ ਜਾਨਦਾਰ ਚੀਜ਼ ਨੂੰ ਦੁੱਖ ਨਾ ਦੇਣ ਦਾ ਆਪਣਾ ਨਿਸ਼ਚਾ ਕਰ ਲਿਆ ਤੇ ਹਰ ਚੀਜ਼ ਫਲ ਵਗੈਰਾ ਜ਼ਮੀਨ 'ਤੇ ਡਿੱਗੀ ਹੋਈ ਹੀ ਖਾਂਦੇ ਤੇ ਦਰਖ਼ਤ ਤੋਂ ਨਾ ਤੋੜਦੇ। ਉਹਨਾਂ ਨੇ ਆਪਣੇ ਪੇਟ ਨਾਲ ਗੋਲ ਇਕ ਲੱਕੜ ਦੀ ਫੱਟੀ ਬੰਨ੍ਹ ਕੇ, ਉਸ ਨੂੰ ਰੋਟੀ ਦੇ ਪ੍ਰਤੀਕ ਵਜੋਂ ਮੰਨ ਲਿਆ ਤਾਂ ਕਿ ਉਹ ਜਿੰਦਾ ਰਹਿ ਸਕਣ ਤੇ ਆਪਣੀ ਭੁੱਖ ਮਿਟਾਂ ਸਕਣ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਮਾਤਾ ਜੀ ਨਾਲ ਕੀਤਾ, ਵਾਅਦਾ ਕਿ ਜਾਨਦਾਰ ਚੀਜ਼ਾਂ ਨੂੰ ਦੁੱਖ ਨਹੀਂ ਪਹੁੰਚਾਉਣਗੇ ਪੂਰਾ ਕੀਤਾ। ਆਪਣੇ ਇਸ ਤਰ੍ਹਾਂ ਦੇ ਹਾਲਾਤ 'ਚ ਉਹਨਾਂ ਨੇ ਨਿਮਨ ਲਿਖਤ ਸ਼ਲੋਕ ਰਚਿਆ:

ਫ਼ਰੀਦਾ ਰੋਟੀ ਮੇਰੀ ਕਾਠ ਕੀ, ਲਾਵਣ ਮੇਰੀ ਭੁੱਖ।।
ਜਿੰਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ।।

ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਫਿਰ ਆਪਣੀ ਮਾਤਾ ਜੀ ਪਾਸ ਆ ਗਏ। ਮਾਤਾ ਜੀ ਨੇ ਕਿਹਾ ਕਿ ਪੁੱਤਰ ਤੇਰੇ 'ਚ ਅਜੇ ਘੁਮੰਡ ਤੇ ਕੁਝ ਜੀਵਨ ਜਾਂਚ ਦੀਆਂ ਊਣਤਾਈਆਂ ਅਜੇ ਬਾਕੀ ਹਨ, ਜਿਨ੍ਹਾਂ ਨੂੰ ਕੁਝ ਸਾਲ ਹੋਰ ਤਪੱਸਿਆ ਕਰਨ ਨਾਲ ਅਜੇ ਦੂਰ ਕਰਨ ਦੀ ਜ਼ਰੂਰਤ ਹੈ। ਬਾਬਾ ਫ਼ਰੀਦ ਜੀ ਫਿਰ ਤਪੱਸਿਆ ਲਈ ਘਰੋਂ ਚੱਲ ਪਏ ਤੇ ਉਹ ਆਪਣੇ ਪੈਰ ਪਾਣੀ 'ਚ ਰੱਖ ਕੇ ਕਿੰਨੀ-ਕਿੰਨੀ ਦੇਰ ਤੱਕ ਬੈਠੇ ਰਹਿੰਦੇ ਤੇ ਤਪੱਸਿਆ ਕਰਦੇ ਰਹਿੰਦੇ। ਉਹਨਾਂ ਨੇ ਆਪਣੇ

(ਬਾਕੀ ਅਗਲੇ ਸਫੇ ਤੇ

# ਅਜੇ ਵੀ ਚਿੰਤਾਜਨਕ ਹੈ ਦਲਿਤਾਂ ਦੀ ਸਥਿਤੀ



ਗੁਰਤੇਜ ਸਿੰਘ

ਦਲਿਤ ਦਾ ਅਰਥ ਹੈ ਦੱਬੇ-ਕੁਚਲੇ ਲੋਕ। ਸਾਡੇ ਦੇਸ਼ ਵਿਚ ਨੀਵੀਆਂ ਸਮਝੀਆਂ ਜਾਂਦੀਆਂ ਜਾਤਾਂ ਨੂੰ ਹਜ਼ਾਰਾਂ ਸਾਲ ਤੋਂ ਦਬਾਇਆ ਜਾਂਦਾ ਰਿਹਾ ਹੈ, ਜਿਸ ਕਰਕੇ ਉਹਨਾਂ ਲਈ ਦਲਿਤ ਸ਼ਬਦ ਵਰਤਿਆ ਜਾਣ ਲੱਗਾ। ਬਾਅਦ 'ਚ ਸੰਵਿਧਾਨ 'ਚ ਅਨੁਸੂਚਿਤ ਜਾਤੀਆਂ ਆਦਿ ਸ਼ਬਦ ਵਰਤੇ ਜਾਣ ਲੱਗੇ।

ਬਾਲਦ ਕਲਾਂ ਪਿੰਡ 'ਚ ਸ਼ਾਮਲਾਟ ਜ਼ਮੀਨ ਦੀ ਬੋਲੀ ਨੂੰ ਲੈ ਕੇ ਮੁਜ਼ਾਹਰਾ ਕਰ ਰਹੇ ਮਜ਼ਦੂਰਾਂ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਔਰਤਾਂ ਦੀ ਵੀ ਖਿੱਚ-ਧੂਹ ਕੀਤੀ। ਇਸ ਤੋਂ ਪਹਿਲਾਂ ਵੀ ਦਲਿਤਾਂ ਅਤੇ ਜ਼ਿਮੀਂਦਾਰਾਂ ਵਿਚਕਾਰ ਇਸ ਜ਼ਮੀਨ 'ਤੇ ਕਾਸ਼ਤ ਕਰਨ ਨੂੰ ਲੈ ਕੇ ਖ਼ੂਨੀ ਟਕਰਾਅ ਹੋਇਆ ਸੀ। ਸੰਗਰੂਰ ਜ਼ਿਲ੍ਹੇ ਦੇ ਪਿੰਡ ਬੌਪਰ ਵਿਚ ਇਕ ਦਲਿਤ ਔਰਤ ਨੂੰ ਜ਼ਿਮੀਂਦਾਰਾਂ ਨੇ ਖੇਤ ਵਿਚੋਂ ਘਾਹ ਖੋਤਣ 'ਤੇ ਮਾਰ-ਕੁਟਾਈ ਕੀਤੀ ਸੀ, ਜਿਸ ਕਰਕੇ ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਉਣਾ ਪਿਆ ਸੀ। ਦਰਅਸਲ ਪਿੰਡ ਦੀ ਸ਼ਾਮਲਾਟ ਜ਼ਮੀਨ 'ਤੇ ਦਲਿਤਾਂ ਵੱਲੋਂ ਕਾਸ਼ਤ ਕਰਨ ਨੂੰ ਲੈ ਕੇ ਪਿਛਲੇ ਸਮੇਂ ਦੌਰਾਨ ਇੱਥੇ ਵੀ ਹੰਗਾਮਾ ਹੋਇਆ ਸੀ, ਜਿਸ ਕਾਰਨ ਜ਼ਿਮੀਂਦਾਰ ਇਨ੍ਹਾਂ ਨਾਲ ਰੰਜਿਸ਼ ਰੱਖਣ ਲੱਗ ਪਏ ਸਨ।

ਇਸ ਤੋਂ ਪਹਿਲਾਂ ਤਰਨ ਤਾਰਨ ਜ਼ਿਲ੍ਹੇ ਵਿਚ ਵੀ ਇਕ ਜ਼ਿਮੀਂਦਾਰ ਪਰਿਵਾਰ ਨੇ ਆਪਣੇ ਸੀਰੀ ਅਤੇ ਉਸ ਦੀ ਧੀ ਨੂੰ ਸ਼ਰੇਆਮ ਉਸ ਦੇ ਘਰ ਜਾ ਕੇ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ ਸੀ। ਉਸ ਮਜ਼ਦੂਰ ਦਾ ਕਸੂਰ ਸਿਰਫ ਏਨਾ ਸੀ ਕਿ ਉਹ ਉਸ ਦੀ ਗੁਲਾਮੀ ਕਰਨ ਤੋਂ ਇਨਕਾਰੀ ਸੀ। ਸਦੀਆਂ ਤੋਂ ਗੁਲਾਮੀ ਇਨ੍ਹਾਂ ਨੇ ਆਪਣੇ ਪਿੰਡੇ 'ਤੇ ਹੰਢਾਈ ਹੈ, ਜੋ ਅਜੋਕੇ ਦੌਰ 'ਚ ਵੀ ਬਦਸਤੂਰ ਜਾਰੀ ਹੈ।

ਰੋਜ਼ਾਨਾ ਹੁੰਦੀਆਂ ਅਜਿਹੀਆਂ ਘਟਨਾਵਾਂ ਬੁੱਧੀਜੀਵੀਆਂ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਲਈ ਵੱਡੀ ਵੰਗਾਰ ਹਨ ਅਤੇ ਲੋਕਤੰਤਰ ਦਾ ਮੂੰਹ ਚਿੜਾਉਂਦੀਆਂ ਹਨ। ਸਮਾਜ ਦੀ ਮੁੱਖ ਧਾਰਾ 'ਚ ਇਨ੍ਹਾਂ ਨੂੰ ਵਾਪਸ ਲਿਆਉਣ ਲਈ ਅਜੇ ਹੋਰ ਵੀ ਅਣਥੱਕ ਯਤਨਾਂ ਦੀ ਲੋੜ ਹੈ। ਜੋ ਯਤਨ ਹੁਣ ਤੱਕ ਕੀਤੇ ਗਏ ਹਨ, ਬੇਸ਼ੱਕ ਉਹ ਸ਼ਲਾਘਾਯੋਗ ਹਨ। ਕੁਝ ਲੋਕ ਆਪਣੇ ਸੌੜੇ ਹਿੱਤਾਂ ਲਈ ਇਨ੍ਹਾਂ ਨੂੰ ਬਰਾਬਰ ਹੋਣ ਦਾ ਰਾਗ ਅਲਾਪਦੇ ਹਨ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੈ।

ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਸੰਨ 2002 ਵਿਚ 10 ਦਲਿਤ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਮੁਅੱਤਲ ਕਰਨ ਕਰਕੇ ਚਰਚਾ 'ਚ ਆਈ ਸੀ। ਪਿਛਲੇ ਦਸ ਸਾਲਾਂ ਦੌਰਾਨ ਇੱਥੇ 9 ਦਲਿਤ ਵਿਦਿਆਰਥੀ ਆਤਮਦਾਹ ਕਰ ਚੁੱਕੇ ਹਨ। ਬੀਤੀ 18 ਜਨਵਰੀ ਨੂੰ ਇਕ ਹੋਰ ਪ੍ਰਤਿਭਾਸ਼ਾਲੀ ਪੀ. ਐਚ. ਡੀ. ਵਿਦਿਆਰਥੀ ਰੋਹਿਤ ਵੇਮੁਲਾ ਦੀ ਖ਼ੁਦਕੁਸ਼ੀ ਕਾਰਨ ਇਕ ਵਾਰ ਫਿਰ ਇਹ ਯੂਨੀਵਰਸਿਟੀ ਚਰਚਾ 'ਚ ਹੈ। ਉਸ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਨੇ ਵਧੀਕੀਆਂ ਕਰਨ ਵਾਲਿਆਂ ਖ਼ਿਲਾਫ ਆਵਾਜ਼ ਬੁਲੰਦ ਕੀਤੀ ਸੀ। ਇਸ ਦੁਖਾਂਤ ਨੇ ਸਰਕਾਰ, ਯੂਨੀਵਰਸਿਟੀ ਪ੍ਰਸ਼ਾਸਨ ਦੇ ਨਾਲ ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਦੇ ਇਕ ਹਿੱਸੇ ਨੂੰ ਕਟਹਿਰੇ 'ਚ ਖੜ੍ਹਾ ਕਰਨ ਦੇ ਨਾਲ ਸਮਾਜ ਨੂੰ ਵੀ ਗੰਭੀਰ ਸਵਾਲਾਂ ਦੇ ਸਨਮੁੱਖ ਲਿਆ ਖੜ੍ਹਾ ਕੀਤਾ ਸੀ।

ਦਲਿਤ ਸਦਾ ਵਿਤਕਰੇ ਦਾ ਸ਼ਿਕਾਰ ਰਹੇ ਹਨ, ਜੋ ਹਰ ਜਗ੍ਹਾ ਕੀਤਾ ਜਾਂਦਾ ਹੈ। ਸਾਰੀਆਂ ਨਾਮੀ ਵਿੱਦਿਅਕ ਸੰਸਥਾਵਾਂ ਵਿਚ ਅੱਜ ਵੀ ਉਹਨਾਂ ਨਾਲ ਵਿਤਕਰਾ ਮੌਜੂਦ ਹੈ। ਸੰਨ 2010 ਵਿਚ ਦਿੱਲੀ ਦੇ ਵਰਧਮਾਨ ਮੈਡੀਕਲ ਕਾਲਜ 'ਚ 35 ਦਲਿਤ ਵਿਦਿਆਰਥੀਆਂ ਨੂੰ ਜਾਣ-ਬੁੱਝ ਕੇ ਫੇਲ੍ਹ ਕੀਤਾ ਗਿਆ ਸੀ। ਸਿੱਖਿਆ ਦੇ ਖੇਤਰ, ਖ਼ਾਸ ਕਰਕੇ ਉਚੇਰੀ ਸਿੱਖਿਆ ਤੱਕ ਦਲਿਤਾਂ ਦੀ ਪਹੁੰਚ ਬਹੁਤ ਘੱਟ ਹੈ। ਪਿਛਲੇ ਪੰਜਾਹ ਸਾਲਾਂ ਦੌਰਾਨ ਕਿੱਤਾ-ਮੁਖੀ ਸਿੱਖਿਆ ਵਿਚ ਦਲਿਤਾਂ ਦੀ ਸ਼ਮੂਲੀਅਤ ਨਾ-ਮਾਤਰ ਰਹੀ ਹੈ।

ਸਦੀਆਂ ਦੀ ਗੁਲਾਮੀ ਅਤੇ ਹੁਣ ਲੋਕਤੰਤਰ 'ਚ ਸਮਾਨਤਾ ਦੇ ਅਧਿਕਾਰ ਦੀ ਗੱਲ ਕਰਕੇ ਇਹਨਾਂ ਨੂੰ ਇਸ ਹੱਕ ਤੋਂ ਵਾਂਝੇ ਕਰਨਾ ਕਿੰਨਾ ਕੁ ਜਾਇਜ਼ ਹੈ? ਘੱਟ-ਗਿਣਤੀ ਮੰਤਰਾਲੇ ਦੀ ਸੰਨ 2014 ਦੀ ਇਕ ਰਿਪੋਰਟ ਅਨੁਸਾਰ 44.8 ਫੀਸਦੀ ਅਨੁਸੂਚਿਤ ਜਨਜਾਤੀ (ਐਸ. ਟੀ.) ਅਤੇ 33 ਫੀਸਦੀ ਅਨੁਸੂਚਿਤ ਜਾਤੀ (ਐਸ. ਸੀ.) ਦੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਦੇ ਹਨ। ਮੰਗਲੌਰ ਯੂਨੀਵਰਸਿਟੀ ਦੇ ਸੰਨ 2012 ਦੇ ਸਰਵੇਖਣ ਅਨੁਸਾਰ 93 ਫੀਸਦੀ ਦਲਿਤ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਹਨ।

ਦਲਿਤਾਂ 'ਤੇ ਹੁੰਦੇ ਅੱਤਿਆਚਾਰ ਵੀ ਕਿਸੇ ਤੋਂ ਲੁਕੇ ਨਹੀਂ ਹਨ, ਜਿਸ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਰਾਜਸਥਾਨ 'ਚ ਇਕ ਦਲਿਤ ਅਫਸਰ ਨੂੰ ਬਰਾਤ ਸਮੇਂ ਅਖੌਤੀ ਉੱਚ ਜਾਤੀ ਦੇ ਲੋਕਾਂ ਨੇ ਘੋੜੀ 'ਤੇ ਨਹੀਂ ਸੀ ਬੈਠਣ ਦਿੱਤਾ। ਅਬੋਹਰ ਕਾਂਡ ਦੀ ਹਕੀਕਤ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸੰਨ 2014 ਦੇ ਅੰਕੜਿਆਂ ਅਨੁਸਾਰ ਦੇਸ਼ ਅੰਦਰ ਦਲਿਤਾਂ ਦੇ ਖ਼ਿਲਾਫ 47064 ਅਪਰਾਧਿਕ ਘਟਨਾਵਾਂ ਹੋਈਆਂ। ਔਸਤਨ ਪ੍ਰਤੀ ਘੰਟੇ 'ਚ ਪੰਜ ਦਲਿਤਾਂ ਦੇ ਖ਼ਿਲਾਫ ਅਪਰਾਧ ਹੋਏ, ਪ੍ਰਤੀ ਦਿਨ ਦੋ ਦਲਿਤਾਂ ਦੀ ਹੱਤਿਆ ਹੋਈ. ਅਤੇ ਹਰ ਰੋਜ਼ ਛੇ ਦਲਿਤ ਔਰਤਾਂ ਸ਼ੋਸ਼ਣ ਦੀਆਂ ਸ਼ਿਕਾਰ ਹੋਈਆਂ। ਸੰਨ 2004-13 ਤੱਕ ਦੇਸ਼ 'ਚ 6490 ਦਲਿਤਾਂ ਦੀਆਂ ਹੱਤਿਆਵਾਂ ਹੋਈਆਂ ਅਤੇ 14253 ਦਲਿਤ ਔਰਤਾਂ ਦੀ ਇੱਜ਼ਤ ਨਾਲ ਖਿਲਵਾੜ ਹੋਇਆ। ਸਾਲ 2014 ਵਿਚ ਦਲਿਤਾਂ ਦੇ ਖ਼ਿਲਾਫ ਹੋਣ ਵਾਲੇ ਜੁਰਮਾਂ 'ਚ ਪਿਛਲੇ ਸਾਲ ਦੇ ਮੁਕਾਬਲੇ 19 ਫੀਸਦੀ ਵਾਧਾ ਹੋਇਆ।

ਇਸ ਤੋਂ ਇਲਾਵਾ ਦੇਸ਼ 'ਚ ਅਜੇ ਵੀ ਛੂਤ-ਛਾਤ ਦਾ ਕੋਹੜ ਫੈਲਿਆ ਹੋਇਆ ਹੈ, ਚਾਹੇ ਸੰਵਿਧਾਨ 'ਚ ਇਸ ਨੂੰ ਖ਼ਤਮ ਕਰਨ ਲਈ ਵਿਵਸਥਾ ਮੌਜੂਦ ਹੈ। ਸੰਨ 2014 ਦੇ ਇਕ ਸਰਵੇਖਣ ਅਨੁਸਾਰ ਦੇਸ਼ ਦੀ 27 ਫੀਸਦੀ ਆਬਾਦੀ ਅਜੇ ਵੀ ਛੂਤ-ਛਾਤ ਤੋਂ ਪੀੜਤ ਹੈ। ਮੱਧ ਪ੍ਰਦੇਸ਼ ਵਿਚ ਸਭ ਤੋਂ ਜ਼ਿਆਦਾ ਛੂਤ-ਛਾਤ ਪਾਈ ਗਈ ਹੈ।ਇਸ ਤੋਂ ਬਾਅਦ ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਉਤਰ ਪ੍ਰਦੇਸ਼ ਆਦਿ ਰਾਜ ਆਉਂਦੇ ਹਨ। ਮੱਧ ਪ੍ਰਦੇਸ਼ 'ਚ ਅਜੇ ਵੀ ਦਲਿਤਾਂ ਨੂੰ ਸਰਵਜਨਕ ਥਾਵਾਂ 'ਤੇ ਭੋਜਨ-ਪਾਣੀ ਨੂੰ ਛੂਹਣ ਦਾ ਹੱਕ ਨਹੀਂ ਹੈ ਅਤੇ 80 ਫੀਸਦੀ ਪਿੰਡਾਂ 'ਚ ਅਜੇ ਵੀ ਅਛੂਤਾਂ ਨੂੰ ਮੰਦਰਾਂ 'ਚ ਜਾਣ ਦੀ ਆਗਿਆ ਨਹੀਂ ਹੈ।

ਇਹਨਾਂ ਤੱਥਾਂ ਦੀ ਮੌਜੂਦਗੀ ਦਲਿਤਾਂ ਦੀ ਸਮਾਜ 'ਚ ਚਿੰਤਾਜਨਕ ਹਾਲਤ ਨੂੰ ਬਿਆਨ ਕਰਦੀ ਹੈ। ਸਰਕਾਰਾਂ ਦੇ ਨਾਲ ਸਮਾਜ ਨੂੰ ਵੀ ਦਲਿਤਾਂ ਨੂੰ ਉਹਨਾਂ ਦਾ ਬਣਦਾ ਸਥਾਨ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

E-mail :
gurtejsingh72783@gmail.com

# "ਇਹ ਦੋਏ ਨੈਨਾ ਮਤ ਛੂਹੈ, ਪਿਰ ਦੇਖਨ ਕੀ ਆਸ"

ਸਰੀਰ ਦਾ ਮਾਸ ਕਾਂਵਾਂ ਕੋਲੋਂ ਵੀ ਤੁੜਵਾ ਕੇ ਤਪੱਸਿਆ ਕੀਤੀ ਤੇ ਕਿਹਾ ਹੈ, ਕਾਂਵਾਂ ਤੂੰ ਮੇਰੇ ਸਰੀਰ ਦਾ ਸਾਰਾ ਮਾਸ ਖਾ ਲੈ ਪਰ ਮੇਰੀਆਂ ਇਨ੍ਹਾਂ ਦੋ ਅੱਖਾਂ ਨੂੰ ਨਾ ਖਾਵੀਂ ਕਿਉਂਕਿ ਮੈਨੂੰ ਮਰਨ ਤੋਂ ਪਹਿਲਾਂ ਇਹਨਾਂ ਅੱਖਾਂ ਨਾਲ ਆਪਣੇ ਉਸ ਅੱਲਾਹ ਦੇ ਦਰਸ਼ਨ ਕਰਨ ਦੀ ਤਾਂਘ ਹੈ। ਇਸ ਤਰ੍ਹਾਂ ਦੀ ਆਪਣੀ ਅਵਸਥਾ 'ਤੇ ਨਿਮਨ-ਲਿਖਤ ਸ਼ਲੋਕ ਦੀ ਰਚਨਾ ਕੀਤੀ:

ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ॥
ਇਹ ਦੋਏ ਨੈਨਾ ਮਤ ਛੁਹੈ, ਪਿਰ ਦੇਖਨ ਕੀ ਆਸ॥

ਸ਼ੇਖ ਫ਼ਰੀਦ ਜੀ ਦੇ ਜੀਵਨ ਨਾਲ ਕਈ ਤਰ੍ਹਾਂ ਦੀਆਂ ਮਿਥਿਹਾਸਕ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ ਪਰ ਇਹ ਵਿਗਿਆਨਕ ਨਾ ਹੋਣ ਕਾਰਨ ਇਹਨਾਂ ਨੂੰ ਜ਼ਿੰਦਗੀ ਦਾ ਯਥਾਰਥ ਨਹੀਂ ਮੰਨਿਆ ਜਾ ਸਕਦਾ।

ਬਾਬਾ ਫ਼ਰੀਦ ਜੀ ਨੇ ਪ੍ਰਭੂ ਭਗਤੀ ਇੰਨੀ ਕੀਤੀ, ਆਪਣੇ ਸਰੀਰ ਨੂੰ ਅਨੇਕ ਪ੍ਰਕਾਰ ਦੇ ਤਪੱਸਿਆ ਦੇ ਮਾਧਿਅਮ ਦੁਆਰਾ ਕਸ਼ਟ ਵੀ ਦਿੱਤੇ, ਸਰੀਰ ਬੜਾ ਕਮਜ਼ੋਰ ਹੋ ਗਿਆ। ਇਕ ਦੋ ਵਾਰ ਉਨ੍ਹਾਂ ਨੇ ਪਰਮਾਤਮਾ ਦਾ ਅਹਿਸਾਸ ਵੀ ਕੀਤਾ ਪਰ ਮਨ ਨੂੰ ਸੰਤੁਸ਼ਟੀ ਨਾ ਹੋਈ। ਉਨ੍ਹਾਂ ਨੂੰ ਇਹ ਤਾਂ ਗਿਆਨ ਹੋ ਗਿਆ ਕਿ ਬਿਨਾਂ ਮੁਰਸ਼ਦ ਧਾਰਿਆਂ, ਮਨ ਨੂੰ ਸੰਤੁਸ਼ਟੀ ਨਹੀਂ ਹੋ ਸਕਦੀ, ਇਸ ਲਈ ਗੁਰੂ ਧਾਰਨਾ ਬਹੁਤ ਜ਼ਰੂਰੀ ਹੈ।

ਗੁਰੂ ਦੀ ਖੋਜ 'ਚ ਬਾਬਾ ਫ਼ਰੀਦ ਜੀ ਅਜਮੇਰ ਵਿਖੇ ਚਿਸ਼ਤੀ ਸਾਹਿਬ ਪਾਸ ਪਹੁੰਚ ਗਏ। ਉਨ੍ਹਾਂ ਨੂੰ ਆਪਣਾ ਗੁਰੂ ਸਮਝ ਕੇ ਉਹਨਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਭਗਤੀ ਕਰਨ ਲਈ ਸੇਵਾ ਭਾਵਨਾ 'ਤੇ ਸ਼ਰਧਾ ਵਰਗੇ ਦੋ ਗੁਣ ਹੋਣੇ ਬੜੇ ਜ਼ਰੂਰੀ ਹਨ। ਫ਼ਰੀਦ ਜੀ ਚਿਸ਼ਤੀ ਸਾਹਿਬ ਦੀ ਡਟ ਕੇ ਸੇਵਾ ਕਰਦੇ ਰਹੇ। ਉਹਨਾਂ ਦੀ ਸੇਵਾ ਆਪਣੇ ਗੁਰੂ ਜੀ ਨੂੰ ਇਸ਼ਨਾਨ ਕਰਾਉਣ ਦੀ ਸੀ। ਆਪ ਹੀ ਅੱਗ ਬਾਲਣੀ ਤੇ ਪਾਣੀ ਗਰਮ ਕਰਨਾ, ਉਨ੍ਹਾਂ ਦਾ ਰੋਜ਼ ਦਾ ਆਹਰ ਸੀ। ਇਕ ਦਿਨ ਬੜੀ ਜ਼ੋਰ ਦੀ ਮੀਂਹ ਪਿਆ। ਉਨ੍ਹਾਂ ਦਿਨਾਂ 'ਚ ਮਾਚਿਸ ਨਾ ਹੋਣ ਕਾਰਨ ਅੱਗ ਨੂੰ ਬੜਾ ਸੰਭਾਲ ਕੇ ਰੱਖਿਆ ਜਾਂਦਾ ਸੀ। ਫ਼ਰੀਦ ਜੀ ਨੂੰ ਫਿਕਰ ਹੋ ਗਿਆ। ਉਸ ਦਿਨ ਉਹ ਬੜੇ ਭਿਅੰਕਰ ਤੂਫਾਨ 'ਚ ਬਾਹਰ ਚਲੇ ਗਏ ਤੇ ਉਨ੍ਹਾਂ ਨੇ ਦੇਖਿਆ ਕਿ ਇਕ ਵੇਸ਼ਿਆ ਔਰਤ ਦੀ ਬੈਠਕ 'ਚ ਅੱਗ ਬਲ ਰਹੀ ਸੀ ਤੇ ਫ਼ਰੀਦ ਜੀ ਬੜੇ ਹੌਸਲੇ ਨਾਲ ਅੰਦਰ ਚਲੇ ਗਏ। ਉਹ ਫ਼ਰੀਦ ਜੀ ਨੂੰ ਦੇਖ ਕੇ ਮਨ 'ਚ ਕੁਝ ਹੋਰ ਹੀ ਸੋਚਦੀ ਰਹੀ ਪਰ ਉਸ ਦਾ ਸਾਰਾ ਕਿਆਫ਼ਾ ਗਲਤ ਸੀ। ਫ਼ਰੀਦ ਜੀ ਨੇ ਕਿਹਾ ਮਾਤਾ ਜੀ! ਅੱਗ ਚਾਹੀਦੀ ਹੈ। ਅਗਰ ਅੱਗ ਨਾ ਮਿਲੀ ਤਾਂ ਇਸ਼ਨਾਨ ਕਿਸ ਤਰ੍ਹਾਂ ਹੋਵੇਗਾ ਤੇ ਚਿਸ਼ਤੀ ਜੀ ਖ਼ੁਦਾ ਦੀ ਬੰਦਗੀ ਕਿਸ ਤਰ੍ਹਾਂ ਕਰਨਗੇ। ਇਹ ਸੁਣ ਕੇ ਕੁਕਰਮੀ ਵੇਸ਼ਿਆ ਹੱਸ ਪਈ ਤੇ ਕਹਿਣ ਲੱਗੀ ਕਿ, ''ਮੈਨੂੰ ਵੀ ਕਿਸੇ ਚੀਜ਼ ਦੀ ਲੋੜ ਹੈ?''

ਫ਼ਰੀਦ ਜੀ ਨੇ ਪੁੱਛਿਆ, "ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ?''

ਵੇਸ਼ਿਆ ਬੋਲੀ, "ਆਪ ਦੀਆਂ ਮੈਨੂੰ ਅੱਖਾਂ ਬਹੁਤ ਪਿਆਰੀਆਂ ਲੱਗਦੀਆਂ ਹਨ। ਅਗਰ ਤੁਸੀਂ ਮੈਨੂੰ, ਆਪਣੀ ਅੱਖ ਦੀ ਪੁਤਲੀ ਦਿਉਗੇ ਤਾਂ ਤੁਹਾਨੂੰ ਅੱਗ ਜ਼ਰੂਰ ਮਿਲ ਜਾਏਗੀ।''

ਇਤਿਹਾਸ 'ਚ ਲਿਖਿਆ ਮਿਲਦਾ ਹੈ ਕਿ ਜਿਉਂ ਹੀ ਵੇਸ਼ਿਆ ਨੇ ਤੇਜ਼ ਚਾਕੂ ਚੁੱਕਿਆ ਤੇ ਫ਼ਰੀਦ ਜੀ ਦੀ ਅੱਖ 'ਤੇ ਲਾਇਆ ਹੀ ਸੀ ਤਾਂ ਵੇਸ਼ਿਆ ਨੂੰ ਅਚਾਨਕ ਬੜੀ ਜ਼ੋਰ ਦੀ ਧੱਕਾ ਲੱਗਾ ਤੇ ਉਹ ਪਿੱਛੇ ਡਿੱਗ ਪਈ, ਪਰ ਫ਼ਰੀਦ ਜੀ ਦੀ ਅੱਖ 'ਤੇ ਜ਼ਖ਼ਮ ਹੋ ਗਿਆ। ਵੇਸਵਾ ਨੇ ਫ਼ਰੀਦ ਜੀ ਦੀ ਅੱਖ 'ਤੇ ਪੱਟੀ ਬੰਨ੍ਹ ਦਿੱਤੀ ਤੇ ਫ਼ਰੀਦ ਜੀ ਨੂੰ ਅੱਗੇ ਦੇ ਦਿੱਤੀ ਤੇ ਉਨ੍ਹਾਂ ਤੋਂ ਮੁਆਫ਼ੀ ਮੰਗਣ ਲੱਗ ਪਈ।

ਆਪਣੇ ਰੋਜ਼ ਦੇ ਨਿਯਮ ਅਨੁਸਾਰ ਫ਼ਰੀਦ ਜੀ ਨੇ ਅੱਗ ਜਲਾਈ, ਪਾਣੀ ਗਰਮ ਕੀਤਾ ਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ। ਗੁਰੂ ਜੀ ਨੇ ਪੁੱਛਿਆ ਕਿ, ''ਅੱਖ ਤੇ ਪੱਟੀ ਕਿਉਂ ਬੰਨ੍ਹ ਰੱਖੀ ਹੈ?'' ਫ਼ਰੀਦ ਜੀ ਹੱਥ ਜੋੜ ਕੇ ਗੁਰੂ ਜੀ ਅੱਗੇ ਖੜ੍ਹੇ ਰਹੇ। ਗੁਰੂ ਜੀ ਨੇ ਕਿਹਾ, "ਪੱਟੀ ਖੋਲ ਦਿਓ।'' ਜਿਉਂ ਹੀ ਫ਼ਰੀਦ ਜੀ ਨੇ ਪੱਟੀ ਖੋਲ੍ਹੀ, ਅੱਖ 'ਤੇ ਕੋਈ ਜ਼ਖ਼ਮ ਨਹੀਂ ਸੀ। ਅੱਖ ਪਹਿਲਾਂ ਦੀ ਤਰ੍ਹਾਂ ਸਾਫ ਸੀ, ਜਿਵੇਂ ਪਹਿਲਾਂ ਹੁੰਦੀ ਸੀ। ਗੁਰੂ ਜੀ ਨੇ ਕਿਹਾ, "ਤੇਰੀ ਸੇਵਾ ਪਰਵਾਨ ਹੋਈ ਤੇ ਤਪੱਸਿਆ ਵੀ ਪੂਰਨ ਹੋਈ। ਹੰਕਾਰ ਨਹੀਂ ਕਰਨਾ, ਨਿਮਰਤਾ ਅਪਣਾਉਣਾ ਤੇ ਖ਼ੁਦਾ ਨੂੰ ਹਮੇਸ਼ਾ ਯਾਦ ਰੱਖਣਾ। ਰਿਧੀਆਂ-ਸਿਧੀਆਂ ਸਦਾ ਆਪ ਦੇ ਅੰਗ-ਸੰਗ ਰਹਿਣਗੀਆਂ। ਆਪਣੇ ਘਰ ਜਾ ਕੇ ਖ਼ੁਦਾ ਦੀ ਮਹਿਮਾ ਗਾਓ।''

ਇਸ ਤਰ੍ਹਾਂ ਹਜ਼ਰਤ ਚਿਸ਼ਤੀ ਸਾਹਿਬ ਪ੍ਰਸੰਨ ਚਿੱਤ, ਫ਼ਰੀਦ ਜੀ ਨੂੰ ਵਰ ਦਿੰਦੇ ਹੋਏ ਤੇ ਫ਼ਰੀਦ ਜੀ ਨੇ ਆਪਣੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਗੁਰੂ ਜੀ ਦੀ ਮਹਿਮਾ ਸੁਣ ਕੇ ਨਿਹਾਲ ਹੋ ਗਏ।

ਇਸ ਉਪਰੰਤ ਫ਼ਰੀਦ ਜੀ ਪਾਕਪਟਨ ਆਪਣੇ ਘਰ ਪਰਤ ਆਏ ਤੇ ਇਸਲਾਮ ਧਰਮ ਦਾ ਪ੍ਰਚਾਰ ਕਰਨ ਲੱਗ ਪਏ। ਨੇਕੀ, ਸੱਚ ਤੇ ਪ੍ਰਾਰਥਨਾ ਦਾ ਪ੍ਰਕਾਸ਼ ਚਾਰ-ਚੁਫੇਰੇ ਫੈਲ ਗਿਆ ਤੇ ਉਹਨਾਂ ਦੀ ਗੱਦੀ ਦਾ ਜਸ ਦੂਰ-ਦੂਰ ਤੱਕ ਫੈਲਣ ਲੱਗ ਪਿਆ।

ਸ਼ੇਖ ਫ਼ਰੀਦ ਜੀ ਨੇ ਪਾਕਪਟਨ ਨੂੰ ਸੂਫ਼ੀ ਮੱਤ ਦੇ ਵਿਚਾਰਾਂ ਦਾ ਇਕ ਮਹਾਨ ਤੀਰਥ ਸਥਾਨ ਬਣਾ ਦਿੱਤਾ। ਭਾਰਤ, ਮਿਡਲ ਈਸਟ ਤੇ ਸੰਸਾਰ ਦੇ ਕੋਨੇ-ਕੋਨੇ ਤੋਂ ਅੱਜ ਵੀ ਲੋਕ ਇਸ ਮੱਤ ਦੀ ਸਿੱਖਿਆ ਲੈਣ ਲਈ ਪਾਕਪਟਨ ਵਿਖੇ ਜਾਂਦੇ ਹਨ। ਇੱਥੋਂ ਦੇ ਰਹਿਬਰ, ਹਮੇਸ਼ਾ ਆਪਣੇ ਸੂਫ਼ੀ ਮੱਤ ਦੀ ਸਿੱਖਿਆ, ਪੰਜਾਬੀ ਭਾਸ਼ਾ 'ਚ ਦਿੰਦੇ ਹਨ ਜਿਹੜੀ ਕਿ ਪੰਜਾਬ ਦੇ ਆਮ ਜਨ ਜੀਵਨ ਦੀ ਬੋਲੀ ਹੈ, ਭਾਵੇਂ ਕਿ ਇੱਥੋਂ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਅਰਬੀ ਤੇ ਫਾਸੀ ਭਾਸ਼ਾ ਦੇ ਗਿਆਤਾ ਵੀ ਕਿਉਂ ਨਾ ਹੋਣ। ਸੂਫ਼ੀ ਮੱਤ ਦੀਆਂ ਸਾਰੀਆਂ ਸਿੱਖਿਆਵਾਂ ਤੇ ਸ਼ਲੋਕ ਪੰਜਾਬੀ ਭਾਸ਼ਾ 'ਚ ਹੀ, ਫਾਰਸੀ ਲਿਪੀ 'ਚ ਲਿਖੇ ਹੁੰਦੇ ਹਨ। ਉਥੇ ਪੈਸੇ ਦੇ ਰੂਪ 'ਚ ਦਾਨ ਨਹੀਂ ਲਿਆ ਜਾਂਦਾ ਸਗੋਂ ਇਹ ਦਾਨ ਰਾਸ਼ਨ ਪਾਣੀ ਦੇ ਰੂਪ 'ਚ ਹੀ ਲਿਆ ਜਾਂਦਾ ਹੈ। ਇਸ ਰਾਸ਼ਨ-ਪਾਣੀ ਨਾਲ ਲੰਗਰ ਤਿਆਰ ਕਰਕੇ ਆਈਆਂ-ਗਈਆਂ ਸੰਗਤਾਂ ਨੂੰ ਖੁਆਇਆ ਜਾਂਦਾ ਹੈ।

ਬਾਬਾ ਫ਼ਰੀਦ ਜੀ ਫਿਰ ਦਿੱਲੀ ਗਏ ਤੇ ਉਨ੍ਹਾਂ ਦਾ ਬਹੁਤ ਸਵਾਗਤ ਕੀਤਾ ਗਿਆ। ਬਾਦਸ਼ਾਹ ਨਾਸੀਰ-ਉੱਲ-ਦੀਨ ਬਲਬਨ ਨੇ ਬਾਬਾ ਫ਼ਰੀਦ ਜੀ ਦੀ ਆਪਣੇ ਪਰਿਵਾਰ ਨਾਲ ਜਾਣ-ਪਛਾਣ ਕਰਵਾਈ। ਬਾਬਾ ਫ਼ਰੀਦ ਜੀ ਦੀ, ਬਲਬਨ ਬਾਦਸ਼ਾਹ ਦੀ ਪੁੱਤਰੀ ਹਜ਼ਾਬਾਗ ਤੇ ਨਜ਼ਰ ਪਈ ਤਾਂ ਉਹਨਾਂ ਨੇ ਬਾਦਸ਼ਾਹ ਤੋਂ ਆਪਣੇ ਲਈ, ਉਨ੍ਹਾਂ ਦੀ ਲੜਕੀ ਦਾ ਰਿਸ਼ਤਾ ਮੰਗ ਲਿਆ। ਬਾਦਸ਼ਾਹ ਨੇ ਆਪਣੀ ਲੜਕੀ ਦੀ ਸ਼ਾਦੀ, ਬਾਬਾ ਫ਼ਰੀਦ ਜੀ ਨਾਲ ਕਰ ਦਿੱਤੀ। ਬਾਬਾ ਫ਼ਰੀਦ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਤੋਹਫ਼ਿਆਂ ਦੇ ਰੂਪ 'ਚ ਕੋਈ ਵੀ ਹੀਰੇ ਜਵਾਹਰਾਤ ਨਹੀਂ ਲੈਣਗੇ ਤੇ ਬਾਦਸ਼ਾਹ ਨੇ ਜੋ ਹੀਰੇ ਜਵਾਹਰਾਤ ਬਾਬਾ ਫ਼ਰੀਦ ਜੀ ਨੂੰ ਦਿੱਤੇ, ਉਹ ਸਾਰੇ ਉਹਨਾਂ ਨੇ ਗਰੀਬ ਲੋਕਾਂ ਤੇ ਫਕੀਰਾਂ 'ਚ ਵੰਡ ਦਿੱਤੇ।

ਇਕ ਵਾਰ ਸੱਤ ਸੌ ਦੇ ਕਰੀਬ ਪਵਿੱਤਰ ਧਾਰਮਿਕ ਸ਼ਖ਼ਸੀਅਤਾਂ ਇਕੱਠੀਆਂ ਬੈਠੀਆਂ ਸਨ ਤੇ ਇਕ ਪੜਚੋਲੀਏ ਨੇ ਬਾਬਾ ਫ਼ਰੀਦ ਜੀ ਨੂੰ ਚਾਰ ਪ੍ਰਸ਼ਨ ਕੀਤੇ ਤੇ ਉਨ੍ਹਾਂ ਦਾ ਉੱਤਰ ਵੀ ਮੰਗਿਆ। ਬਾਬਾ ਫ਼ਰੀਦ ਜੀ ਨੇ ਪ੍ਰਸ਼ਨਾਂ ਦਾ ਉੱਤਰ ਵਾਰੀ-ਵਾਰੀ ਕਰਕੇ ਇੰਝ ਦਿੱਤਾ:-

ਪ੍ਰਸ਼ਨ- ਮਨੁੱਖ ਦੀ ਸਿਆਣਪਤ ਕਿਸ ਗੱਲ 'ਚ ਹੈ?
ਉੱਤਰ- ਮਨੁੱਖ ਪਾਪਾਂ ਤੇ ਗੁਨਾਹਾਂ ਤੋਂ ਦੂਰ ਰਹੇ।
ਪ੍ਰਸ਼ਨ- ਸਭ ਤੋਂ ਲਿਆਕਤਵਾਨ ਕੌਣ ਹੁੰਦਾ ਹੈ?
ਉੱਤਰ- ਜਿਹੜਾ ਆਦਮੀ ਹਰ ਚੰਗਿਆਈ ਨੂੰ ਨਕਾਰਦਾ ਨਹੀਂ ਹੈ।
ਪ੍ਰਸ਼ਨ- ਸਭ ਤੋਂ ਵੱਧ ਸੁਤੰਤਰ ਵਿਅਕਤੀ ਕਿਹੜਾ ਹੁੰਦਾ ਹੈ?
ਉੱਤਰ- ਜਿਹੜਾ ਮਨੁੱਖ ਆਪਣੇ ਕੰਮ 'ਚ ਨਿਪੁੰਨ ਹੋਵੇ।
ਪ੍ਰਸ਼ਨ- ਸਭ ਤੋਂ ਵੱਧ ਜ਼ਰੂਰਤਮੰਦ ਕੌਣ ਹੁੰਦਾ ਹੈ?
ਉੱਤਰ- ਜਿਹੜਾ ਵਿਅਕਤੀ ਆਪਣੇ ਕੰਮ 'ਚ ਨਿਪੁੰਨ ਨਹੀਂ ਹੁੰਦਾ।

ਬਾਬਾ ਫ਼ਰੀਦ ਜੀ ਦੇ ਇਕ ਪੈਰੋਕਾਰ ਨੇ ਇਕ ਵਾਰ ਪੁੱਛਿਆ, ਬਾਬਾ ਜੀ ਕੀ ਗਾਉਣਾ ਤੇ ਸੰਗੀਤ ਵਜਾਉਣਾ ਕਾਨੂੰਨੀ ਤੌਰ ਤੇ ਠੀਕ ਹੈ? ਬਾਬਾ ਫ਼ਰੀਦ ਜੀ ਨੇ ਉੱਤਰ ਦਿੱਤਾ ਕਿ ਇਸਲਾਮ ਧਰਮ ਦੇ ਮੁਤਾਬਕ ਇਹ ਯਕੀਨਨ ਗੈਰ ਕਾਨੂੰਨੀ ਹੈ ਪਰ ਇਸ ਦੀ ਉਚਿੱਤਤਾ ਅਜੇ ਇਕ ਬਹਿਸ ਦਾ ਵਿਸ਼ਾ ਹੈ। ਨਿਜ਼ਾਮ-ਉੱਲ-ਦਾਉਲੀਆ ਨੇ ਆਪਣੇ ਇਕ ਪੈਰੋਕਾਰ, ਜਿਸ ਦਾ ਨਾਮ ਨਸੀਰ-ਉੱਲ-ਦੀਨ ਸੀ, ਨੂੰ ਕਿਹਾ ਕਿ ਜਦ ਉਹ ਇਕ ਦਿਨ ਬਾਬਾ ਫ਼ਰੀਦ ਜੀ ਨੂੰ ਮਿਲਣ ਲਈ ਗਏ ਤਾਂ ਉਹ ਆਪਣੇ ਦਰਵਾਜੇ 'ਚ ਖੜ੍ਹੇ ਇਹ ਨਿਮਨ ਲਿਖਤ ਸ਼ਲੋਕ ਗਾ ਕੇ ਨੱਚ ਵੀ ਰਹੇ ਸਨ:

ਫ਼ਰੀਦਾ ਤਨ ਤਪੇ ਤਨੂਰ ਜਿਉ, ਬਾਲਣ ਹੱਡ ਬਲੰਨ॥
ਪੈਰੀ ਥੱਕਾ ਸਿਰ ਜੁਲਾ, ਜੇਮੂੰ ਪਿਰੀ ਮਲੰਨ॥

ਭਾਵ ਮੇਰਾ ਸਰੀਰ ਪਰਮਾਤਮਾ ਨੂੰ ਪਾਉਣ ਲਈ ਇਕ ਤੰਦੂਰ ਦੀ ਤਰ੍ਹਾਂ ਤਪ ਰਿਹਾ ਹੈ ਤੇ ਮੈਂ ਉਸ ਤੰਦੂਰ 'ਚ ਆਪਣੇ ਸਰੀਰ ਦੇ ਹੱਡਾਂ ਦਾ ਬਾਲਣ ਬਾਲ ਰਿਹਾ ਹਾਂ ਜੇਕਰ ਉਹ ਪਰਮਾਤਮਾ ਮੈਨੂੰ ਇਸ ਤਰ੍ਹਾਂ ਕਰਨ ਨਾਲ ਨਹੀਂ ਮਿਲੇਗਾ ਤਾਂ ਉਸ ਦੇ ਦਰ 'ਤੇ ਪਹੁੰਚਣ ਲਈ, ਪੈਰਾਂ ਨਾਲ ਚੱਲਦਾ ਥੱਕ ਜਾਵਾਂ ਤਾਂ ਮੈਂ ਸਿਰ ਭਾਰਨੇ ਹੋ ਕੇ ਚੱਲਣ ਲਈ ਤਿਆਰ ਹਾਂ। ਮੈਨੂੰ ਪ੍ਰਮਾਤਮਾ ਨੂੰ ਪਾਉਣ ਲਈ ਹਰ ਵਿਧੀ ਮਨਜ਼ੂਰ ਹੈ।

ਬਾਬਾ ਫ਼ਰੀਦ ਜੀ ਨੇ ਮੋਹਕਲਪੁਰ ਸ਼ਹਿਰ ਦੀ ਯਾਤਰਾ ਵੀ ਕੀਤੀ। ਇਸ ਨੂੰ ਅੱਜ ਕੱਲ੍ਹ, ਫ਼ਰੀਦਕੋਟ ਕਹਿੰਦੇ ਹਨ। ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ 'ਚ ਆਉਣ ਕਰਕੇ, ਬਾਅਦ 'ਚ ਉਨ੍ਹਾਂ ਦੀ ਯਾਦਗਾਰ ਵਜੋਂ, ਇਸ ਮੋਹਕਲਪੁਰ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦਕੋਟ ਰੱਖ ਦਿੱਤਾ ਗਿਆ। ਇਹ ਸ਼ਹਿਰ ਭਾਰਤ ਦੇ ਪੰਜਾਬ ਪ੍ਰਾਂਤ 'ਚ ਸਥਿਤ ਹੈ। ਇੱਥੇ ਬਾਬਾ ਫ਼ਰੀਦ ਜੀ ਕੋਈ ਛੇ ਮਹੀਨੇ ਦੇ ਕਰੀਬ ਰੁਕੇ ਤੇ ਜਾਣ ਲੱਗੇ, ਆਪਣੀ ਕੁਟੀਆ ਨੂੰ ਤਾਲੇ ਨਾਲ ਬੰਦ ਕਰ ਗਏ ਤੇ ਕਿਹਾ ਕਿ, "ਹੁਣ ਇਸ ਨੂੰ ਮੇਰਾ ਕੋਈ ਵੰਸ਼ਜ ਹੀ ਆ ਕੇ ਖੋਲ੍ਹੇਗਾ।'' ਇਸ ਤੋਂ ਬਾਅਦ ਉਹ ਪੰਜਾਬ ਦੇ ਪਹਾੜਾਂ 'ਚ ਹੀ ਹੁੰਦੇ ਹੋਏ ਪਾਕਪਟਨ ਪਹੁੰਚ ਗਏ। ਜਿਉਂ ਹੀ ਬਾਬਾ ਫ਼ਰੀਦ ਜੀ ਦਾ ਵੰਸ਼ਜ਼ ਦਿਵਾਨ ਤਾਜ-ਉੱਲ-ਦੀਨ ਆਪਣੀ ਮੱਕੇ-ਮਦੀਨੇ ਦੀ ਹੱਜ ਯਾਤਰਾ ਪੂਰੀ ਕਰਕੇ ਵਾਪਸ ਆਇਆ ਤਾਂ ਉਸ ਤੋਂ ਬਾਅਦ ਉਹ ਪੰਜਾਬ ਦੇ ਇਸ ਫ਼ਰੀਦਕੋਟ ਸ਼ਹਿਰ 'ਚ ਆਇਆ ਤੇ ਉਸ ਨੇ ਲੋਕਾਂ ਤੋਂ ਬਾਬਾ ਫ਼ਰੀਦ ਜੀ ਦੇ ਵੰਸ਼ਜ਼ ਦਾ ਨਾਮ ਪੁੱਛਿਆ ਤੇ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਸਿਵਾਏ ਕੁਤਬ-ਉੱਲ-ਆਲਮ ਬਾਬਾ ਫ਼ਰੀਦ ਸ਼ਕਰਗੰਜ ਨੂੰ ਹੀ ਜਾਣਦੇ ਹਾਂ ਤੇ ਹੋਰ ਉਹਨਾਂ ਦੇ ਕਿਸੇ ਜਾਨਸ਼ੀਨ ਜਾਂ ਵੰਸ਼ਜ਼ ਨੂੰ ਨਹੀਂ ਜਾਣਦੇ। ਫਿਰ ਉਸ ਨੇ ਕਿਹਾ ਕਿ, "ਮੈਂ ਹੀ ਉਨ੍ਹਾਂ ਦਾ ਵੰਸ਼ਜ਼ ਹਾਂ।'' ਫਿਰ ਲੋਕਾਂ ਦੀ ਹਾਜ਼ਰੀ 'ਚ ਤਾਜ-ਉੱਲ-ਦੀਨ ਨੇ ਬਾਬਾ ਫ਼ਰੀਦ ਜੀ ਦੀ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ। ਇਹ ਹਕੀਕਤ ਬਾਬਾ ਫ਼ਰੀਦ ਜੀ ਦੇ ਜਾਣ ਤੋਂ ਕਈ ਸੌ ਸਾਲ ਬਾਅਦ ਦੀ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਦੀ ਯਾਦ 'ਚ ਇੱਥੇ ਹਰ ਸਲ ਤਿੰਨ ਦਿਨ ਲਈ 'ਬਾਬਾ ਫ਼ਰੀਦ ਜੀ ਦਾ ਮੇਲਾ' ਮਨਾਇਆ ਜਾਂਦਾ ਹੈ ਤੇ ਲੋਕ ਦੂਰੋਂ-ਦੂਰੋਂ ਇਸ 'ਚ ਸ਼ਾਮਲ ਹੋਣ ਲਈ ਆਉਂਦੇ ਹਨ।

ਬਾਬਾ ਫ਼ਰੀਦ ਜੀ ਦੀ ਮੌਤ 1266 ਈਸਵੀ ਨੂੰ ਮੁਹੱਰਮ ਤੋਂ ਪੰਜਵੇਂ ਦਿਨ ਬਾਅਦ ਨਮੂਨੀਆ ਦੀ ਬਿਮਾਰੀ ਨਾਲ ਹੋਈ। ਬਾਬਾ ਜੀ ਦੀ ਪਾਕਪਟਨ ਵਿਖੇ ਯਾਦਗਾਰ ਉਹਨਾਂ ਦੇ ਜਾਨਸ਼ੀਨਾਂ ਨੇ ਕਾਫ਼ੀ ਸਮਾਂ ਲੰਘ ਜਾਣ ਬਾਅਦ ਬਣਾਈ ਗਈ। ਬਾਬਾ ਫ਼ਰੀਦ ਜੀ ਇਕ ਵਿਲੱਖਣ ਸ਼ਖ਼ਸੀਅਤ ਤੇ ਬੜੇ ਪਹੁੰਚੇ ਹੋਏ ਸੂਫ਼ੀ ਸੰਤ ਸਨ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ। ਬਾਬਾ ਫ਼ਰੀਦ ਜੀ ਦਾ ਦਾਹ ਸੰਸਕਾਰ ਪਾਕਪਟਨ ਦੇ ਬਾਹਰ-ਬਾਹਰ ਸ਼ਹਿਰ ਤੋਂ ਥੋੜ੍ਹੀ ਦੂਰ ਕੀਤਾ ਗਿਆ। ਇਸ ਜਗ੍ਹਾ ਨੂੰ 'ਸ਼ਹੀਦਗਾਹ' ਕਹਿੰਦੇ ਹਨ।

ਉਹਨਾਂ ਦੀਆਂ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਨੂੰ ਉਨ੍ਹਾਂ ਦੇ ਜਾਨਸ਼ੀਨਾਂ ਤੇ ਪੈਰੋਕਾਰਾਂ ਨੇ ਅੱਜ ਵੀ ਜੀਵੰਤ ਰੱਖਿਆ ਹੋਇਆ ਹੈ ਤੇ ਸੰਸਾਰ ਭਰ ਤੋਂ ਲੋਕ, ਇੱਥੇ ਸਜਦਾ ਕਰਨ ਲਈ ਤੇ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਲੈਣ ਲਈ ਆਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ, ਸਤਿਗੁਰੂ ਕਬੀਰ ਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਨ ਜੀ ਤੇ ਹੋਰ ਭਗਤੀ ਲਹਿਰ ਦੇ ਅਨੇਕਾਂ ਰਹਿਬਰਾਂ ਨੇ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵ ਗ੍ਰਹਿਣ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਦੇ ਦੌਰਾਨ ਪਾਕਪਟਨ ਵਿਖੇ ਗਏ ਤੇ ਉਹ ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਦੀ ਗੱਦੀ ਦੇ ਛੇਵੇਂ ਜਾਨਸ਼ੀਨ ਸ਼ੇਖ ਫ਼ਰੀਦ ਜੀ ਸਾਨੀ ਜਾਂ ਸ਼ੇਖ ਫ਼ਰੀਦ ਜੀ ਦੂਜੇ, ਨੂੰ ਮਿਲੇ ਤੇ ਉਹਨਾਂ ਤੋਂ, ਆਪਣੇ ਨਾਲ ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਵੀ ਨਾਲ ਲਿਆਏ। ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ 'ਚ ਸ਼ੇਖ ਫ਼ਰੀਦ ਜੀ ਦੇ 112 ਸ਼ਲੋਕ ਦਰਜ ਹਨ ਤੇ ਇਸ ਦੇ ਨਾਲ 20 ਸ਼ਲੋਕ ਉਹ ਵੀ ਦਰਜ ਕੀਤੇ ਗਏ ਹਨ, ਜਿਹੜੇ ਗੁਰੂ ਸਾਹਿਬ ਨੇ ਸ਼ੇਖ ਫ਼ਰੀਦ ਜੀ ਦੇ ਸਲੋਕਾਂ ਦੀ ਟਿੱਪਣੀ ਵਜੋਂ ਲਿਖੇ ਹਨ, ਜਿੱਥੇ ਉਹਨਾਂ ਦੇ ਵਿਚਾਰ, ਬਾਬਾ ਸ਼ੇਖ ਫ਼ਰੀਦ ਜੀ ਨਾਲ ਨਹੀਂ ਮਿਲਦੇ ਸਨ। ਉਥੇ ਉਹਨਾਂ ਨੇ ਨਾਲ ਇਹ ਸ਼ਲੋਕ ਵੀ ਲਿਖ ਦਿੱਤੇ ਤਾਂ ਜੋ ਫ਼ਰੀਦ ਜੀ ਤੇ ਗੁਰੂ ਸਾਹਿਬਾਨ ਦੇ ਸ਼ਲੋਕਾਂ ਦਾ ਵਿਚਾਰਧਾਰਕ ਫਰਕ ਪਤਾ ਲੱਗ ਸਕੇ। ਸ਼ੇਖ ਫ਼ਰੀਦ ਜੀ ਦੀ ਬਾਣੀ 'ਚ ਨਿਰਾਸ਼ਾਵਾਦ ਜ਼ਿਆਦਾ ਭਾਰੂ ਹੈ ਪਰ ਵਿਚ-ਵਿਚ ਆਸ਼ਾਵਾਦ ਵੀ ਆਪਣੇ ਝਲਕਾਰੇ ਮਾਰਦਾ ਹੈ।

ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਨੂੰ ਸਹੀ ਮਾਅਨਿਆਂ 'ਚ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਆਰੰਭਕ ਦੌਰ ਦੇ ਨਿਰਮਾਤਾ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਸਾਹਿਤ ਰਚਨਾ ਨੇ ਹਿੰਦੀ ਤੇ ਉਰਦੂ ਭਾਸ਼ਾਵਾਂ 'ਤੇ ਵੀ ਆਪਣੇ ਸਮਿਆਂ 'ਚ ਗਹਿਰਾ ਪ੍ਰਭਾਵ ਛੱਡਿਆ।

ਉਨ੍ਹਾਂ ਦੀ ਰਚਨਾ, ਭਾਵ ਬਾਣੀ ਬੜੀ ਸਰਲ, ਸਪਸ਼ਟ ਤੇ ਆਮ ਲੋਕਾਂ ਦੀ ਬੋਲੀ 'ਚ ਹੈ। ਉਨ੍ਹਾਂ ਤੋਂ ਕਾਫ਼ੀ ਸਮਾਂ ਬਾਅਦ ਦੇ ਪ੍ਰਸਿੱਧ ਕਵੀਆਂ ਨੇ ਜਿਨ੍ਹਾਂ 'ਚ ਸਤਿਗੁਰੂ ਕਬੀਰ ਦਾਸ ਜੀ, ਤੁਲਸੀ ਦਾਸ ਜੀ ਤੇ ਮੀਰਾਂ ਬਾਈ ਜੀ ਨੇ ਵੀ ਆਪਣੀਆਂ ਕਵਿਤਾਵਾਂ ਆਮ ਲੋਕਾਂ ਦੀ ਬੋਲੀ 'ਚ ਬੜੇ ਸਰਲ ਤੇ ਸਪਸ਼ਟ ਸ਼ਬਦਾਂ 'ਚ ਲਿਖਣ ਦੀ ਪਿਰਤ ਪਾਈ। ਇਹ ਗੱਲ ਕਹਿਣ 'ਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਸਲੀ ਪੱਥ-ਪ੍ਰਦਰਸ਼ਕ ਹਨ।

# ਡਾ. ਅੰਬੇਡਕਰ ਵੱਲੋਂ ਪੰਜਾਬ ਵਿਚ ਦਿੱਤੇ ਭਾਸ਼ਣਾਂ ਦੀ ਅਜੋਕੀ ਮਹੱਤਤਾ



- ਫਤਿਹਜੰਗ ਸਿੰਘ
9872670278

ਪੰਜਾਬ ਵਿਚ ਇਸ ਵੇਲੇ ਚੋਣ ਦੰਗਲ ਦਿਨ ਪ੍ਰਤੀ ਦਿਨ ਭਖਦਾ ਜਾ ਰਿਹਾ ਹੈ। ਨਿੱਤ ਨਵੇਂ ਸਮੀਕਰਨ ਬਣ ਰਹੇ ਹਨ। ਟੁੱਟ-ਭੱਜ ਹੋ ਰਹੀ ਹੈ ਅਤੇ ਬੜੀ ਤੇਜ਼ੀ ਨਾਲ ਵੋਟਰਾਂ ਦਾ ਧਰੁਵੀਕਰਨ ਹੋ ਰਿਹਾ ਹੈ। ਅੱਜ ਕਿਸੇ ਪਾਰਟੀ ਦੀਆਂ ਜਿੱਤ ਦੀਆਂ ਸੰਭਾਵਨਾਵਾਂ ਲੱਗਦੀਆਂ ਹਨ ਤਾਂ ਅਗਲੇ ਦਿਨ ਕਿਸੇ ਹੋਰ ਦੀਆਂ ਜਾਪਣ ਲੱਗ ਪੈਂਦੀਆਂ ਹਨ। ਅਜਿਹੀਆਂ ਹਾਲਾਤਾਂ ਵਿਚ ਲਟਕਵੀਂ ਅਸੈਂਬਲੀ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਚੋਣਾਂ ਨੂੰ ਹਾਲੇ ਚਾਰ ਮਹੀਨੇ ਤੋਂ ਵੀ ਵੱਧ ਸਮਾਂ ਪਿਆ ਹੈ ਪਰ ਪਾਰਟੀਆਂ ਦੀਆਂ ਸਰਗਰਮੀਆਂ ਤੋਂ ਜਾਪਦਾ ਹੈ ਕਿ ਚੋਣਾਂ ਵਿਚ ਗਿਣਤੀ ਦੇ ਹੀ ਦਿਨ ਬਚੇ ਹਨ।

ਹਰ ਪਾਰਟੀ ਜਾਤੀ ਤੇ ਧਰਮ ਦੀ ਗਿਣਤੀ ਮਿਣਤੀ ਕਰਕੇ ਆਪਣੇ ਪ੍ਰਚਾਰ ਦੇ ਪੈਂਤੜੇ ਅਖਤਿਆਰ ਕਰਦੀ ਹੈ, ਭਾਵੇਂ ਉਹ ਆਪਣੇ ਆਪ ਨੂੰ ਜਿੰਨਾ ਮਰਜ਼ੀ ਧਰਮ ਨਿਰਪੇਖ ਤੇ ਜਾਤੀ ਰਹਿਤ ਅਖਵਾਈ ਜਾਵੇ। ਦਲਿਤ ਵੋਟ ਬੈਂਕ ਵੀ ਇਸਦਾ ਅਪਵਾਦ ਨਹੀਂ ਹੈ। ਹਰ ਪਾਰਟੀ ਵੱਲੋਂ ਇਹਨਾਂ ਦਾ ਵੋਟ ਬੈਂਕ ਲੁੱਟਣ ਲਈ ਤਰ੍ਹਾਂ ਤਰ੍ਹਾਂ ਦੇ ਸੱਚੇ ਝੂਠੇ ਮਨ ਲੁਭਾਵਣੇ ਵਾਅਦੇ ਕੀਤੇ ਜਾਂਦੇ ਹਨ। ਪਰ ਪਾਰਟੀ ਦੀਆਂ ਸਰਕਾਰਾਂ ਆਪਣਾ-ਆਪਣਾ ਸਮਾਂ ਕੱਢ ਜਾਂਦੀਆਂ ਹਨ ਤੇ ਪਰਨਾਲਾ ਉਥੇ ਦਾ ਉਥੇ ਵਗੀ ਜਾਂਦਾ ਹੈ। ਦਲਿਤਾਂ ਨੂੰ ਇਸ ਤਰ੍ਹਾਂ ਲੁੱਟ ਕਰਵਾਉਂਦਿਆਂ, ਕੁੱਟ ਖਾਂਦਿਆਂ ਸਦੀਆਂ ਬੀਤ ਗਈਆਂ ਹਨ। ਬਹੁਤੀ ਦੂਰ ਨਾ ਵੀ ਜਾਈਏ ਆਜ਼ਾਦੀ ਤੇ ਲੋਕਤੰਤਰ ਦੀ ਸ਼ੁਰੂਆਤ ਹੋਇਆਂ ਵੀ ਪੌਣੀ ਸਦੀ ਬੀਤਣ 'ਤੇ ਆਈ ਹੈ ਪਰ ਹਾਲੇ ਤੱਕ ਵੀ ਇਹਨਾਂ ਦੀ ਲੁੱਟ-ਕੁੱਟ ਤੇ ਭੁੱਖ ਜਾਰੀ ਹੈ। ਸਿਤਮ ਹੈ ਕਿ ਗੁਰੂਆਂ ਦੀ ਧਰਤੀ 'ਤੇ ਜਿੱਥੇ ਗੁਰੂਆਂ ਨੇ ਤਿੰਨ ਸਦੀਆਂ ਤੱਕ ਹਰ ਕੁਰਬਾਨੀ ਦੇ ਕੇ ਉਸ ਪ੍ਰਬੰਧ ਵਿਰੁੱਧ ਸੰਘਰਸ਼ ਕੀਤਾ, ਜਿਸਦੀ ਬਦੌਲਤ ਇਹ ਦਲਿਤ, ਉਪਜ ਰਹੇ ਸਨ ਅਤੇ ਜੋ ਇਸ ਧਰਤੀ 'ਤੇ ਜਬਰ ਜ਼ੁਲਮ ਪੈਦਾ ਕਰਕੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਰਿਹਾ ਸੀ, ਉਥੇ ਵੀ ਅੱਜ ਹਾਲਤ ਵੱਖਰੀ ਨਹੀਂ। ਇੱਥੇ ਵੀ ਹਾਲੇ ਮਨੁੱਖਤਾ, ਬਰਾਬਰਤਾ, ਸਮਾਜਿਕ ਭਾਈਚਾਰਾ ਦੂਰ ਦੀਆਂ ਗੱਲਾਂ ਹਨ। ਪੰਜਾਬ ਵਿਚ ਦਲਿਤਾਂ ਦੀ ਜਨਸੰਖਿਆ 40 ਫੀਸਦੀ ਹੋਣ ਨੂੰ ਫਿਰਦੀ ਹੈ ਪਰ ਆਪਣੀ ਸਰਕਾਰ ਬਣਾਉਣ ਦੀ ਗੱਲ ਤਾਂ ਦੂਰ ਇਹ ਆਪਣਾ ਕੋਈ ਇਹੋ ਜਿਹਾ ਸੰਗਠਨ ਵੀ ਨਹੀਂ ਬਣਾ ਸਕੇ ਜੋ ਇਹਨਾਂ ਵਿਰੁੱਧ ਜ਼ੁਲਮ ਸਿਤਮ ਤੇ ਜ਼ਿਆਦਤੀਆਂ ਨੂੰ ਠੱਲ੍ਹ ਪਾ ਸਕੇ। ਸਗੋਂ ਹੋਰ ਅੱਗੇ ਤੋਂ ਅੱਗੇ ਵੰਡ ਦਰ ਵੰਡ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ।

ਇੱਥੇ ਵਰਣਨਯੋਗ ਹੈ ਕਿ ਆਦਿ ਧਰਮ ਮੰਡਲ ਪੰਜਾਬ ਨੇ 1937 ਵਿਚ ਪੰਜਾਬ ਵਿਧਾਨ ਸਭਾ ਦੀਆਂ 8 ਰਿਜ਼ਰਵ ਸੀਟਾਂ ਵਿਚੋਂ 7 ਸੀਟਾਂ 'ਤੇ ਜਬਰਦਸਤ ਜਿੱਤ ਪ੍ਰਾਪਤ ਕੀਤੀ ਸੀ। ਡਾ. ਅੰਬੇਡਕਰ ਨੇ ਪੰਜਾਬ ਵਿਚ 27 ਅਕਤੂਬਰ ਨੂੰ ਜਲੰਧਰ, 28 ਨੂੰ ਲੁਧਿਆਣਾ ਅਤੇ 29 ਨੂੰ ਪਟਿਆਲੇ ਕਾਨਫਰੰਸਾਂ ਕੀਤੀਆਂ ਸਨ। ਇਹਨਾਂ ਵਿਚ ਉਠਾਏ ਗਏ ਨੁਕਤੇ ਅੱਜ ਵੀ ਮਹੱਤਵਪੂਰਨ ਹਨ ਜੋ ਦਲਿਤਾਂ ਅਤੇ ਉਹਨਾਂ ਦੇ ਆਗੂਆਂ ਲਈ ਵਿਚਾਰਨ ਦਾ ਵਿਸ਼ਾ ਹਨ। ਅੱਜ ਵੀ ਨੁਮਾਇੰਦਿਆਂ ਦੀ ਸੋਚ ਅਤੇ ਕੰਮ ਕਰਨ ਦੇ ਢੰਗਾਂ ਵਿਚ ਕੋਈ ਫਰਕ ਨਹੀਂ ਆਇਆ ਜਾਪਦਾ। ਹਾਲਾਂਕਿ ਉਸ ਵੇਲੇ ਤੋਂ ਲੈ ਕੇ ਅੱਜ ਤੱਕ ਵਿੱਦਿਆ, ਨੌਕਰੀਆਂ, ਆਰਥਿਕਤਾ ਵਿਚ ਕਾਫੀ ਉਭਾਰ ਆਇਆ ਹੈ ਜੋ ਪਹਿਲਾਂ ਇੰਨਾ ਨਹੀਂ ਸੀ। ਇਹ ਬਹੁਤ ਹੀ ਅਫਸੋਸਜਨਕ ਹੈ ਅਤੇ ਇਸ ਲਈ ਲੋਕ ਅਤੇ ਨੁਮਾਇੰਦੇ ਦੋਵੇਂ ਜ਼ਿੰਮੇਵਾਰ ਹਨ।

ਬਾਬਾ ਸਾਹਿਬ ਨੇ ਆਪਣੇ ਭਾਸ਼ਣਾਂ ਵਿਚ ਕੀ ਕਿਹਾ, ਇਸਦਾ ਵਿਸ਼ਲੇਸ਼ਣ ਕਰਨਾ ਇਸ ਲਈ ਜ਼ਰੂਰੀ ਹੈ ਕਿ ਬਾਬਾ ਸਾਹਿਬ ਤੋਂ ਬਾਅਦ ਉਹਨਾਂ ਦਾ ਕਾਰਵਾਂ ਉਹਨਾਂ ਦੀ ਇੱਛਿਆ ਅਨੁਸਾਰ ਅੱਗੇ ਨਹੀਂ ਵੱਧ ਰਿਹਾ। ਲੋਕ, ਆਗੂ, ਨੁਮਾਇੰਦੇ, ਰਾਜਨੀਤਿਕ ਪਾਰਟੀਆਂ ਕਿੱਥੇ-ਕਿੱਥੇ ਤੱਕ ਕਸੂਰਵਾਰ ਹਨ, ਇਹ ਕਾਫੀ ਕੁਝ ਇਹਨਾਂ ਭਾਸ਼ਣਾਂ ਤੋਂ ਸਪਸ਼ਟ ਹੋ ਜਾਂਦਾ ਹੈ। ਬਾਬਾ ਸਾਹਿਬ ਨੇ ਆਪਣੇ ਜਲੰਧਰ ਵਾਲੇ ਭਾਸ਼ਣ ਵਿਚ ਕਿਹਾ ਸੀ ਕਿ ਉਹਨਾਂ ਦਾ ਉਮਰ ਭਰ ਇਕੋ ਮਕਸਦ ਰਿਹਾ ਹੈ ਕਿ ਆਪਣੇ ਹਰ ਤਰ੍ਹਾਂ ਦੇ ਲਾਭ ਨੂੰ ਪਾਸੇ ਰੱਖ ਕੇ ਦੱਬੇ-ਕੁਚਲੇ ਲੋਕਾਂ ਦੀ ਬਿਹਤਰੀ ਲਈ ਕੰਮ ਕਰਾਂ ਜੋ ਕਿ ਲੰਬੇ ਸਮੇਂ ਤੋਂ ਸਮਾਜਿਕ, ਵਿਦਿਅਕ ਅਤੇ ਆਰਥਿਕ ਬਰਾਬਰੀ ਤੋਂ ਮਹਿਰੂਮ ਰੱਖੇ ਗਏ ਹਨ। ਪਰ ਸਾਡੀ ਤ੍ਰਾਸਦੀ ਹੈ ਕਿ ਸਾਡੇ ਆਗੂ ਆਪਣੇ ਨਿੱਜੀ ਲਾਭਾਂ ਨੂੰ ਪਹਿਲ ਦੇਣ ਵਾਲੇ ਹਨ। ਇਸਦੇ ਨਾਲ ਹੀ ਉਹਨਾਂ ਨੂੰ ਚੁਣਨ ਵਾਲੇ ਲੋਕਾਂ ਨੂੰ ਵੀ ਕਸੂਰਵਾਰ ਠਹਿਰਾਇਆ ਜਾਵੇਗਾ ਜੋ ਸਹੀ ਚੋਣ ਨਹੀਂ ਕਰਦੇ।

ਬਾਬਾ ਸਾਹਿਬ ਨੇ ਅੱਗੇ ਕਿਹਾ ਕਿ ਤਾਕਤ ਪ੍ਰਾਪਤ ਕਰਨ ਦੇ ਦੋ ਹੀ ਰਸਤੇ ਹਨ- ਪੈਸੇ ਦੀ ਤਾਕਤ ਜਾਂ ਜਨਬਲ। ਸਾਡੇ ਕੋਲ ਪੈਸੇ ਦੀ ਤਾਕਤ ਨਹੀਂ ਹੈ, ਇਸ ਲਈ ਅਸੀਂ ਜਨਬਲ ਰਾਹੀਂ ਰਾਜਨੀਤਿਕ ਤਾਕਤ ਹਾਸਲ ਕਰ ਸਕਦੇ ਹਾਂ। ਉਹਨਾਂ







ਕਿਹਾ ਕਿ ਜੋ ਰਾਖਵੇਂਕਰਨ ਦੇ ਅਧਿਕਾਰ ਮੈਂ ਲੜ ਕੇ ਲਏ ਉਹਨਾਂ ਦੀ 'ਮਹਾਤਮਾ' ਗਾਂਧੀ ਵੱਲੋਂ ਬਹੁਤ ਵਿਰੋਧਤਾ ਕੀਤੀ ਗਈ। ਉਹਨਾਂ ਦਾ ਵਿਚਾਰ ਸੀ ਕਿ ਜੇ ਇਹਨਾਂ 'ਦਲਿਤਾਂ' ਨੂੰ ਅਧਿਕਾਰ ਦੇ ਦਿੱਤੇ ਗਏ ਤਾਂ ਇਹਨਾਂ ਦੀਆਂ ਹਸਰਤਾਂ ਵਧਦੀਆਂ ਹੀ ਜਾਣਗੀਆਂ ਅਤੇ ਇਹ ਮੁੜ ਹਿੰਦੂ ਧਰਮ ਦੇ ਘੇਰੇ ਵਿਚ ਨਹੀਂ ਆਉਣਗੇ। ਇਸ ਲਈ ਉਹ ਮਰਨ ਵਰਤ ਰੱਖਣ ਤੱਕ ਵੀ ਗਏ। ਰਾਖਵੇਂਕਰਨ ਨਾਲ ਜਿੱਤੇ 30 ਨੁਮਾਇੰਦਿਆਂ ਨੇ ਆਪਣੇ ਆਕਾ ਦੀ ਜੀ ਹਜ਼ੂਰੀ ਕਰਨ ਤੋਂ ਇਲਾਵਾ ਪਿਛਲੇ ਚਾਰ ਸਾਲਾਂ ਵਿਚ ਆਪਣੇ ਲੋਕਾਂ ਲਈ ਕਦੇ ਵੀ ਮੂੰਹ ਨਹੀਂ ਖੋਲ੍ਹਿਆ। ਉਹਨਾਂ ਨੇ ਸਗੋਂ ਮੈਨੂੰ (ਬਾਬਾ ਸਾਹਿਬ) ਵੀ ਮਨ੍ਹਾ ਕੀਤਾ ਕਿ ਮੈਂ ਉਹਨਾਂ ਦੇ ਉੱਚ ਜਾਤੀ ਆਗੂਆਂ ਵਿਰੁੱਧ ਨਾ ਬੋਲਾਂ। ਅੱਜ ਵੀ ਸਥਿਤੀ ਇਹੋ ਹੈ। ਰਾਖਵੇਂਕਰਨ ਨਾਲ ਜਿੱਤੇ ਨੁਮਾਇੰਦੇ ਆਪਣੇ ਸਮਾਜ ਪ੍ਰਤੀ ਇਮਾਨਦਾਰ ਨਹੀਂ ਹਨ। ਆਪਣੀ ਪਾਰਟੀ ਦੇ ਵੱਧ ਵਫ਼ਾਦਾਰ ਹਨ। ਫੂਲੇ-ਅੰਬੇਡਕਰੀ ਅੰਦੋਲਨ ਦੇ ਰਹਿਨੁਮਾ ਕਾਂਸ਼ੀ ਰਾਮ ਜੀ ਨੇ ਵੀ ਉਸ ਸਮੇਂ ਨੂੰ 'ਚਮਚਾ ਯੁੱਗ' ਦਾ ਨਾਂ ਦਿੱਤਾ ਹੈ ਜਦੋਂ ਤੋਂ ਰਾਖਵੇਂਕਰਨ ਅਧੀਨ ਇਹ ਚਮਚਾ ਪ੍ਰਤੀਨਿਧ ਚੁਣ ਕੇ ਆਉਣ ਲੱਗੇ ਹਨ। ਇਹ ਦਲਿਤ ਸ਼ੋਸ਼ਿਤ ਸਮਾਜ ਦੀ ਤ੍ਰਾਸਦੀ ਰਹੀ ਕਿ ਕਿੰਨੀਆਂ ਹੀ ਪਾਰਟੀਆਂ ਬਣ ਚੁੱਕੀਆਂ ਹਨ ਤੇ ਕਿੰਨੀਆਂ ਹੀ ਚੋਣਾਂ ਹੋ ਚੁੱਕੀਆਂ ਹਨ ਪਰ ਹਾਲੇ ਤੱਕ ਸਹੀ ਨੁਮਾਇੰਦੇ ਨਹੀਂ ਮਿਲ ਸਕੇ ਜੋ ਇਸ ਸਮਾਜ ਨੂੰ ਸਹੀ ਦਿਸ਼ਾ ਵਿਚ ਲੈ ਕੇ ਜਾ ਸਕਣ।

ਬਾਬਾ ਸਾਹਿਬ ਨੇ ਉਸ ਵੇਲੇ ਆਗਾਹ ਕੀਤਾ ਸੀ ਕਿ ਜੇ ਰਾਜਨੀਤਿਕ ਪਿੜ ਵਿਚ ਕੋਈ ਆਪਣੀ ਹੈਸੀਅਤ ਬਣਾਉਣੀ ਹੈ ਤਾਂ ਇਕ ਮਜ਼ਬੂਤ ਸੰਗਠਨ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਵੈਦਿਕ ਕਾਲ ਵਾਲੀਆਂ ਯਾਤਨਾਵਾਂ ਝੱਲਣ ਲਈ ਅਤੇ ਮਨੂੰ ਸਿਮ੍ਰਿਤੀ ਦੇ ਰਾਜ ਲਈ ਤਿਆਰ ਰਹੋ। ਬਾਬਾ ਸਾਹਿਬ ਦੀ ਇਹ ਭਵਿੱਖਬਾਣੀ ਸੱਚੀ ਹੁੰਦੀ ਜਾ ਰਹੀ ਹੈ। ਸਾਡਾ ਅਜੇ ਤੱਕ ਕੋਈ ਮਜ਼ਬੂਤ ਸੰਗਠਨ ਨਹੀਂ ਬਣ ਸਕਿਆ ਅਤੇ ਮਨੂੰ ਸਿਮ੍ਰਿਤੀ ਦਾ ਰਾਜ ਹੋਂਦ ਵਿਚ ਆਉਂਦਾ ਜਾ ਰਿਹਾ ਹੈ। ਰਾਖਵੇਂਕਰਨ 'ਤੇ ਹਮਲੇ ਹੋ ਰਹੇ ਹਨ ਅਤੇ ਇਤਿਹਾਸ ਨੂੰ ਪੁੱਠਾ ਗੇੜ ਦੇ ਕੇ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਬਾਬਾ ਸਾਹਿਬ ਨੇ ਉਸ ਵੇਲੇ 'ਸ਼ਡਿਊਲਡ ਕਾਸਟ ਫੈਡਰੇਸ਼ਨ' ਦਾ ਚੋਣ ਨਿਸ਼ਾਨ ਹਾਥੀ ਰੱਖਿਆ ਸੀ, ਜਿਸਦੇ ਨਿਵੇਕਲੇਪਣ ਨੂੰ ਉਹਨਾਂ ਨੇ ਦੱਸਿਆ ਕਿ, ''ਹਾਥੀ ਆਪਣੀ ਬੁਧੀਮਤਾ, ਸ਼ਕਤੀ ਅਤੇ ਸਾਹਸ ਲਈ ਜਾਣਿਆ ਜਾਂਦਾ ਹੈ। ਸਾਡੇ ਲੋਕ ਹਾਥੀ ਦੇ ਬਰਾਬਰ ਹਨ ਜੋ ਆਪਣੇ ਪੈਰਾਂ ਤੇ ਖੜ੍ਹਾ ਹੋਣ ਲਈ ਥੋੜ੍ਹਾ ਲੰਮਾ ਸਮਾਂ ਜ਼ਰੂਰ ਲੈ ਲੈਂਦਾ ਹੈ ਪਰ ਇਕ ਵਾਰ ਆਪਣੇ ਪੈਰਾਂ ਉਪਰ ਖੜ੍ਹਾ ਹੋ ਜਾਣ ਤੋਂ ਬਾਅਦ ਕੋਈ ਆਸਾਨੀ ਨਾਲ ਉਸਦੇ ਗੋਡੇ ਥੱਲੇ ਨਹੀਂ ਲਗਵਾ ਸਕਦਾ।'' ਕਾਂਸ਼ੀ ਰਾਮ ਜੀ ਨੇ ਜੋ ਰਾਜਨੀਤਿਕ ਪਾਰਟੀ ਬਸਪਾ ਬਣਾਈ ਸੀ, ਉਸਦਾ ਚੋਣ ਨਿਸ਼ਾਨ ਵੀ ਇਹੀ ਕੁਝ ਸੋਚ ਕੇ ਹਾਥੀ ਰੱਖਿਆ ਗਿਆ ਸੀ। ਪਰ ਅਫਸੋਸ ਉਸਦੀ ਸ਼ਕਤੀ ਅਤੇ ਸਿਆਣਪ ਦੇ ਪ੍ਰਤੀਕ ਨੂੰ ਬਾਅਦ ਵਿਚ ਲੋਕਾਂ ਅਤੇ ਆਗੂਆਂ ਵੱਲੋਂ ਪੂਰੀ ਤਰ੍ਹਾਂ ਪਛਾਣਿਆ ਨਾ ਗਿਆ। ਅਸੀਂ ਆਮ ਤੌਰ ਤੇ ਮੰਨ ਲੈਂਦੇ ਹਾਂ ਕਿ ਅੰਗਰੇਜ਼ਾਂ ਦੇ ਆਉਣ ਨਾਲ ਦੱਬਿਆਂ ਕੁਚਲਿਆਂ ਨੂੰ ਪੜ੍ਹਨ ਦਾ ਅਤੇ ਨੌਕਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਪਰ ਇਹ ਪੂਰਨ ਸੱਚ ਨਹੀਂ ਹੈ। ਬਾਬਾ ਸਾਹਿਬ ਨੇ ਕਿਹਾ ਕਿ ਇਹ ਵੀ ਸੱਚ ਹੈ ਕਿ ਦੱਬਿਆਂ ਕੁਚਲਿਆਂ ਨੂੰ ਫੌਜ ਵਿਚ ਭਰਤੀ ਕਰਨ ਕਰਕੇ ਉਹਨਾਂ ਦੀਆਂ ਫੌਜਾਂ ਸਦਕਾ ਅੰਗਰੇਜ਼ਾਂ ਨੂੰ ਆਪਣਾ ਰਾਜ ਸਥਾਪਤ ਕਰਨ ਵਿਚ ਪੂਰੀ ਮਦਦ ਮਿਲੀ। ਅੰਗਰੇਜ਼ਾਂ ਦੀ ਆਪਣੀ ਕੋਈ ਫੌਜ ਨਹੀਂ ਸੀ। ਪਰ ਬਾਅਦ ਵਿਚ ਅੰਗਰੇਜ਼ਾਂ ਨੇ ਇਹਨਾਂ ਦੀ ਹੀ ਪੁੱਛ ਪਰਤੀਤ ਨਾ ਕੀਤੀ। ਫਿਰ 1857 ਵਿਚ ਜਦੋਂ ਇਹਨਾਂ ਦੀਆਂ ਫੌਜਾਂ ਨੇ ਇਸ ਅਣਦੇਖੀ ਅਤੇ ਲਾਪਰਵਾਹੀ ਕਾਰਨ ਬਗਾਵਤ ਕਰ ਦਿੱਤੀ ਤਾਂ ਇਸਦਾ ਫਲ ਇਹ ਦਿੱਤਾ ਗਿਆ ਕਿ ਇਹਨਾਂ ਦੀ ਭਰਤੀ ਹੀ ਬੰਦ ਕਰ ਦਿੱਤੀ ਅਤੇ ਹਿੰਦੂਆਂ ਅਤੇ ਰਾਜਪੂਤਾਂ ਲਈ ਖੋਹਲ ਦਿੱਤੀ ਗਈ। ਇੱਥੇ ਹੀ ਬੱਸ ਨਹੀਂ ਫਿਰ ਜਦੋਂ 1947 ਵਿਚ ਤਾਕਤ ਸੌਂਪਣ ਦਾ ਸਮਾਂ ਆਇਆ ਤਾਂ ਇਹਨਾਂ ਨੂੰ ਪੂਰਨ ਤੌਰ ਤੇ ਲਾਂਭੇ ਕਰ ਦਿੱਤਾ ਗਿਆ। ਇਹ ਘਟਨਾ ਯਾਦ ਰੱਖਣਯੋਗ ਹੈ। ਬਾਬਾ ਸਾਹਿਬ ਨੇ ਉਸ ਸਮੇਂ ਆਪਣੇ ਭਾਸ਼ਣ ਵਿਚ ਚੋਣ ਗਠਬੰਧਨ ਬਾਰੇ ਵੀ ਸਪਸ਼ਟ ਕੀਤਾ ਹੈ ਕਿ ਚੁਣਾਵੀ ਉਦੇਸ਼ ਲਈ ਕਿਸੇ ਦੂਜੀ ਰਾਜਸੀ ਪਾਰਟੀ ਨਾਲ ਚੋਣ ਗਠਬੰਧਨ ਕਰ ਲੈਣਾ ਚਾਹੀਦਾ ਹੈ- ਸਗੋਂ ਉਸ ਵੇਲੇ ਤਾਂ ਉਹਨਾਂ ਨੇ ਜ਼ਰੂਰੀ ਕਰਾਰ ਦਿੱਤਾ ਸੀ। ਕਾਂਸ਼ੀ ਰਾਮ ਜੀ ਨੇ ਵੀ ਦੋ ਵਾਰੀ ਉੱਤਰ ਪ੍ਰਦੇਸ਼ ਵਿਚ ਵੱਖ-ਵੱਖ ਪਾਰਟੀਆਂ ਨਾਲ ਗਠਬੰਧਨ ਕਰਕੇ ਸੱਤਾ ਹਾਸਲ ਕਰ ਲਈ ਸੀ। ਉਹਨਾਂ ਦਾ ਕਹਿਣਾ ਸੀ ਕਿ ਕਿਸੇ ਵੱਡੇ ਸੱਪ ਨੂੰ ਮਾਰਨ ਲਈ ਛੋਟੇ ਸੱਪਾਂ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਅੱਜ ਦੀ ਸਥਿਤੀ ਅਨੁਸਾਰ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਗਿਣਤੀ ਬਾਕੀ ਸੂਬਿਆਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਇਸ ਲਈ ਇਸ ਵਿਸ਼ੇ 'ਤੇ ਗੰਭੀਰ ਹੋ ਕੇ ਵਿਚਾਰ ਕਰਨ ਦੀ ਲੋੜ ਹੈ। ਅੱਜਕਲ੍ਹ ਚੋਣਾਂ ਮੌਕੇ ਹਰ ਰਾਜਨੀਤਿਕ ਪਾਰਟੀ ਵੱਡੇ ਵੱਡੇ ਵਾਅਦਿਆਂ ਅਤੇ ਇਕਰਾਰਾਂ ਵਾਲਾ ਆਪਣਾ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦੀਆਂ ਹਨ, ਜਿਸ ਵਿਚ ਅੰਤਾਂ ਦੇ ਸਬਜਬਾਗ ਦਿਖਾ ਕੇ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ। ਬਾਬਾ ਸਾਹਿਬ ਕਹਿੰਦੇ ਹਨ ਕਿ ਚੋਣ ਮਨੋਰਥ ਪੱਤਰ ਭਰੋ-ਸਿੰਘਾਂ ਦੀ ਸੂਚੀ ਨਹੀਂ ਹੁੰਦੀ। ਇਹ ਲੋਕਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਵੱਲ ਸੇਧਿਤ ਹੋਣਾ ਚਾਹੀਦਾ ਹੈ। ਇਸ ਨਜ਼ਰੀਏ ਤੋਂ ਅੱਜ ਦੀਆਂ ਪਾਰਟੀਆਂ ਦੇ ਜਰੀ ਕੀਤੇ ਚੋਣ ਪੱਤਰਾਂ ਨੂੰ ਘੋਖਣਾ ਸਮਾਜ ਦੇ ਹਿੱਤ ਵਿਚ ਹੋਵੇਗਾ। ਬਾਬਾ ਸਾਹਿਬ ਨੇ ਉਸ ਵੇਲੇ ਅਨੁਸੂਚਿਤ ਜਾਤੀਆਂ ਨੂੰ ਇਕ ਬੜਾ ਮਹੱਤਵਪੂਰਨ ਨੁਕਤਾ ਸਮਝਾਇਆ ਸੀ ਜਿਸਦੀ ਅੱਜ ਬਹੁਤ ਮਹੱਤਤਾ ਮਹਿਸੂਸ ਕੀਤੀ ਜਾਂਦੀ ਹੈ। ਉਹਨਾਂ ਨੇ ਕਿਹਾ ਸੀ ਕਿ ਚਮਾਰ, ਭੰਗੀ ਆਦਿ ਸਮੇਤ ਛੋਟੀਆਂ-ਛੋਟੀਆਂ ਜਾਤਾਂ ਸਭ ਬਰਾਬਰ ਹਨ। ਇਹਨਾਂ ਵਿਚ ਆਪਸੀ ਟਕਰਾਅ ਨਹੀਂ ਹੋਣਾ ਚਾਹੀਦਾ। ਇਹਨਾਂ ਸਭਨਾਂ ਨੂੰ ਆਪਸ ਵਿਚ ਇਕ ਬਰਾਬਰ ਹੀ ਮੰਨਣਾ ਚਾਹੀਦਾ ਹੈ। ਇਸਦੀ ਅੱਜ ਪੰਜਾਬ ਵਿਚ ਖਾਸ ਲੋੜ ਹੈ। ਇੱਥੇ ਦੋ ਮੁੱਖ ਜਾਤੀਆਂ ਰਵਿਦਾਸੀਏ ਤੇ ਬਾਲਮੀਕੀ ਸਮੇਤ ਅਨੁਸੂਚਿਤ ਜਾਤੀਆਂ 40 ਫੀਸਦੀ ਦੇ ਕਰੀਬ ਹੋਣ ਲੱਗੀਆਂ ਹਨ। ਇੱਡੀ ਵੱਡੀ ਗਿਣਤੀ ਦਾ ਭਵਿੱਖ ਇਸ ਨਜ਼ਰੀਏ ਤੋਂ ਵਿਚਾਰਨਾ ਚਾਹੀਦਾ ਹੈ। ਵਿਰੋਧੀਆਂ ਦੀ ਚਾਲ ਦਾ ਸ਼ਿਕਾਰ ਇਹ ਦੋ ਮੁੱਖ ਖੇਮਿਆਂ ਵਿਚ ਵੰਡੇ ਹੋਏ ਹਨ।

ਬਾਬਾ ਸਾਹਿਬ ਨੇ ਉਸ ਵੇਲੇ ਦੇ ਮੀਡੀਆ ਬਾਰੇ ਆਖਿਆ ਸੀ ਕਿ ਇਹ ਨਿਰਪੱਖ ਨਹੀਂ ਹੈ। ਇਹ ਸਾਡੇ ਇਕੱਠ ਨੂੰ ਬਹੁਤ ਘਟਾ ਕੇ ਵਿਖਾਉਂਦਾ ਹੈ ਪਰ ਉੱਚ ਜਾਤੀ ਦੇ ਇਕੱਠ ਨੂੰ ਪੰਜਾਂ ਦਾ ਪੰਜਾਹ ਬਣਾ ਕੇ ਵਿਖਾਉਂਦਾ ਹੈ। ਅੱਜ ਵੀ ਜਦੋਂ ਅਣਗਿਣਤ ਅਖ਼ਬਾਰਾਂ, ਮੈਗਜ਼ੀਨ ਤੇ ਟੀ. ਵੀ. ਚੈਨਲ ਮੈਦਾਨ ਵਿਚ ਹਨ ਤਾਂ ਉਹਨਾਂ ਦਾ ਉਹੀ ਰਵੱਈਆ ਤੁਰਿਆ ਆ ਰਿਹਾ ਹੈ। ਦੱਬੇ-ਕੁਚਲੇ ਸਮਾਜ ਨੂੰ ਜਿਵੇਂ-ਕਿਵੇਂ ਆਪਣਾ ਮੀਡੀਆ ਉਸਾਰਨ ਵੱਲ ਕਦਮ ਚੁੱਕਣੇ ਚਾਹੀਦੇ ਹਨ। ਇਕ ਹੋਰ ਬਹੁਤ ਹੀ ਮਹੱਤਵਪੂਰਨ ਗੱਲ ਵੱਲ ਬਾਬਾ ਸਾਹਿਬ ਨੇ ਉਸ ਵੇਲੇ ਧਿਆਨ ਦਿਵਾਇਆ ਸੀ ਕਿ ਜਿਸਦੀ ਅੱਜ ਪਹਿਲ ਦੇ ਆਧਾਰ 'ਤੇ ਅਪਣਾਉਣ ਦੀ ਲੋੜ ਹੈ। ਉਹਨਾਂ ਕਿਹਾ ਸੀ ਕਿ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰਾਂ ਦੀਆਂ ਦੇਸ਼ ਭਰ 'ਚੋਂ ਸ਼ਿਕਾਇਤਾਂ ਆਉਂਦੀਆਂ ਹਨ। ਇਸਦੇ ਹੱਲ ਲਈ ਦਿੱਲੀ ਵਿਖੇ ਇਕ ਪਲਾਟ ਲੈ ਲਿਆ ਹੈ, ਜਿਸ 'ਤੇ ਇਕ ਦਫ਼ਤਰ ਉਸਾਰਿਆ ਜਾਵੇਗਾ ਤਾਂ ਜੋ ਸ਼ਿਕਾਇਤ ਕਰਤਾ ਆ ਕੇ ਰਹਿ ਵੀ ਸਕੇ। ਅੱਜ ਵੀ ਅੱਤਿਆਚਾਰਾਂ ਵਿਚ ਕੋਈ ਕਮੀ ਨਹੀਂ। ਇਹੋ ਜਿਹਾ ਹੀ ਕੋਈ ਪ੍ਰਬੰਧ ਕਰਨ ਦੀ ਲੋੜ ਹੈ। ਬਾਬਾ ਸਾਹਿਬ ਨੇ ਚਰਿੱਤਰ ਉਸਾਰੀ 'ਤੇ ਬਹੁਤ ਜ਼ੋਰ ਦਿੱਤਾ ਸੀ। ਉਹਨਾਂ ਕਿਹਾ ਕਿ ਮੈਂ ਜੋ ਵੀ ਕਰ ਸਕਿਆ ਇਕ ਮਜ਼ਬੂਤ ਚਰਿੱਤਰ ਕਾਰਨ ਕਰ ਸਕਿਆ ਹਾਂ। ਕੋਈ ਵੀ ਮੇਰੇ ਚਰਿੱਤਰ 'ਤੇ ਉਂਗਲ ਨਹੀਂ ਉਠਾ ਸਕਦਾ। ਕੀ ਸਾਡੇ ਆਗੂ ਧਿਆਨ ਦੇਣਗੇ? ਇਸ ਤਰ੍ਹਾਂ ਨਾਲ ਬਾਬਾ ਸਾਹਿਬ ਦੇ ਉਸ ਸਮੇਂ ਦੇ ਪੰਜਾਬ ਵਿਚ ਚੋਣਾਂ ਮੌਕੇ ਦਿੱਤੇ ਭਾਸ਼ਣਾਂ ਦੇ ਇਹ ਸਾਰੇ ਨੁਕਤੇ ਅੱਜ ਵੀ ਬਹੁਤ ਮਹੱਤਤਾ ਰੱਖਦੇ ਹਨ। ਲੋੜ ਹੈ ਲੋਕੀਂ, ਆਗੂ ਅਤੇ ਸੰਗਠਨ ਇਸ 'ਤੇ ਵਿਚਾਰ ਕਰਨ ਅਤੇ ਇਹਨਾਂ ਨੂੰ ਅਪਣਾਉਣ ਤਾਂ ਹੀ ਬਾਬਾ ਸਾਹਿਬ ਦਾ ਕਾਫ਼ਲਾ ਅਗਾਂਹ ਵੱਲ ਕਦਮ ਪੁੱਟਣ ਜੋਗਾ ਹੋ ਸਕੇਗਾ। ਇਸੇ ਵਿਚ ਪੂਰੇ ਸਮਾਜ ਦੀ ਵੀ ਭਲਾਈ ਹੈ।

## ਪੱਧਰੀ ਕੇਸ ਦੇ ਸ਼ਹੀਦ

# ਭਾਈ ਪ੍ਰੇਮ ਸਿੰਘ ਸੁਰਸਿੰਘ ਅਤੇ ਇੰਦਰ ਸਿੰਘ ਪੱਧਰੀ



ਪ੍ਰਿਥੀਪਾਲ ਸਿੰਘ ਮਾੜੀਮੇਘਾ
91-98760-78731

ਗ਼ਦਰ ਲਹਿਰ ਦੇ ਇਤਿਹਾਸ ਵਿਚ ਪੱਧਰੀ ਕੇਸ ਬੜਾ ਚਰਚਿਤ ਹੈ। ਪਿੰਡ ਪੱਧਰੀ, ਜ਼ਿਲਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਚ ਸੁਰਸਿੰਘ ਦੇ ਨਜ਼ਦੀਕ ਹੈ। ਉਂਝ ਇਹ ਇਲਾਕਾ ਗ਼ਦਰੀਆਂ ਦਾ ਗੜ੍ਹ ਸੀ। ਇਸ ਇਲਾਕੇ ਵਿਚ ਪੱਧਰੀ ਦੇ ਲਾਗੇ ਹੀ ਗੁਰਦੁਆਰਾ ਝਾੜ ਸਾਹਿਬ ਹੈ। ਝਾੜ ਸਾਹਿਬ ਗ਼ਦਰੀਆਂ ਦਾ ਪ੍ਰਮੁੱਖ ਅੱਡਾ ਸੀ। ਇਸ ਗੁਰਦੁਆਰੇ ਦੇ ਸੰਤ ਬਾਬਾ ਬੋਘ ਸਿੰਘ, ਸੰਤ ਬਾਬਾ ਜੱਸਾ ਸਿੰਘ ਅਤੇ ਮਾਤਾ ਜੱਸ ਕੌਰ ਨੂੰ ਅੰਗਰੇਜ਼ ਹਕੂਮਤ ਨੇ ਗ੍ਰਿ-ਫਤਾਰ ਕੀਤਾ ਸੀ। ਬਾਬਾ ਬੋਘ ਸਿੰਘ ਨੂੰ ਉਮਰ ਕੈਦ, ਬਾਬਾ ਜੱਸਾ ਸਿੰਘ ਨੂੰ 6 ਮਹੀਨੇ ਅਤੇ ਮਾਤਾ ਜੱਸ ਕੌਰ ਨੂੰ ਲੋਕਾਂ ਦੇ ਦਬਾਅ ਕਾਰਨ ਰਿਹਾਅ ਕਰ ਦਿੱਤਾ ਸੀ। ਬਾਬਾ ਬੋਘ ਸਿੰਘ 'ਤੇ ਅੰਗਰੇਜ਼ਾਂ ਨੇ ਏਨਾ ਘੋਰ ਤਸ਼ੱਦਦ ਕੀਤਾ ਸੀ ਕਿ ਉਹਨਾਂ ਦੀ ਰਿਹਾਈ ਤੋਂ ਬਾਅਦ ਸਿਹਤ ਦੇ ਕਮਜ਼ੋਰ ਹੋ ਜਾਣ ਕਰਕੇ ਕੁਝ ਦਿਨਾਂ ਵਿਚ ਹੀ ਮੌਤ ਹੋ ਗਈ ਸੀ।

ਪੱਧਰੀ ਕਾਂਡ ਦੀ ਮਹੱਤਤਾ ਇਸ ਕਰਕੇ ਹੈ ਕਿ ਗ਼ਦਰ ਲਹਿਰ ਦੇ ਅਸਫ਼ਲ ਹੋ ਜਾਣ ਦੇ ਬਾਵਜੂਦ ਕੁਝ ਬਚੇ ਹੋਏ ਗ਼ਦਰੀਆਂ ਭਾਈ ਈਸ਼ਰ ਸਿੰਘ ਢੁੱਡੀਕੇ, ਪਾਖਰ ਸਿੰਘ, ਮਾਸਟਰ ਫੇਰਾ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਅਰੂੜ ਸਿੰਘ ਚੂਹੜਚਕ, ਨਿਧਾਨ ਸਿੰਘ ਚੁੱਘਾ, ਭਾਈ ਜਵੰਦ ਸਿੰਘ ਨੰਗਲ ਕਲਾਂ, ਬੀਰ ਸਿੰਘ ਬਾਹੋਵਾਲ ਤੇ ਭਾਈ ਪ੍ਰੇਮ ਸਿੰਘ ਵਾਸੀ ਸੁਰਸਿੰਘ ਆਦਿ ਗ਼ਦਰੀਆਂ ਨੇ ਪ੍ਰਣ ਲਿਆ ਕਿ ਉਹ ਪਾਰਟੀ ਵਿੱਚ ਲੁਕੇ ਗਦਾਰਾਂ ਦਾ ਖਾਤਮਾ ਕਰਕੇ ਆਪਣੇ ਸਾਥੀਆਂ ਦਾ ਬਦਲਾ ਲੈ ਕੇ ਰਹਿਣਗੇ। ਉਹਨਾਂ ਨੇ ਇਕੱਠੇ ਹੋ ਕੇ ਢੁੱਡੀਕੇ ਵਿਚ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਅਗਲਾ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਗਦਾਰੀਆਂ ਕਰਨ ਵਾਲਿਆਂ ਨਾਲ ਨਜਿੱਠਿਆ ਜਾਵੇ। ਪੱਧਰੀ ਕਾਂਡ ਗ਼ਦਰੀ ਕਾਰਵਾਈਆਂ ਦੀ ਇਕ ਕੜੀ ਵਜੋਂ ਹੈ।

ਗ਼ਦਾਰ ਕਿਰਪਾਲ ਸਿੰਘ ਨੂੰ ਮਾਰਨ ਤੋਂ ਬਿਨਾਂ ਉਹਨਾਂ ਨੇ 23ਵੇਂ ਰਸਾਲੇ ਦੇ ਅਫਸਰਾਂ ਦੀ ਮੈਸ 'ਤੇ ਬੰਬ ਸੁੱਟਣ ਦਾ ਪ੍ਰੋਗਰਾਮ ਵੀ ਬਣਾਇਆ। ਇਕ ਯੋਜਨਾ ਇਹ ਵੀ ਬਣਾਈ ਕਿ ਲਾਹੌਰ, ਰਾਵਲਪਿੰਡੀ ਤੇ ਮੁਲਤਾਨ ਦੀਆਂ ਜੇਲਾਂ ਉਪਰ ਹਮਲਾ ਕਰਕੇ ਆਪਣੇ ਸਾਥੀਆਂ ਨੂੰ ਜੇਲਾਂ ਵਿਚੋਂ ਛੁਡਾਇਆ ਜਾਵੇ ਜਿਹੜੇ ਅੰਡੇਮਾਨ ਜੇਲ ਨੂੰ ਲਿਜਾਣ ਲਈ ਰੱਖੇ ਹੋਏ ਹਨ। ਉਹਨਾਂ ਨੇ ਰਾਵਲਪਿੰਡੀ ਜੇਲ ਉਪਰ ਹਮਲਾ ਵੀ ਕੀਤਾ ਜਿਥੇ ਬਾਬਾ ਜਵਾਲਾ ਸਿੰਘ ਠੱਠੀਆਂ ਆਦਿ ਬੰਦ ਕੀਤੇ ਹੋਏ ਸਨ। ਪਰ ਇਹ ਯੋਜਨਾ ਸਫ਼ਲ ਨਹੀਂ ਹੋ ਸਕੀ।

ਪੱਧਰੀ ਕਲਾਂ, ਦਾ ਇਕ ਸ਼ਾਹੂਕਾਰ ਕਪੂਰ ਸਿੰਘ ਪੁਲਿਸ ਦਾ ਮੁਖ਼ਬਰ ਸੀ। ਉਹ ਪਹਿਲਾ ਆਦਮੀ ਸੀ ਜਿਸਨੇ ਝਾੜ ਸਾਹਿਬ ਦੀ ਮੀਟਿੰਗ ਦੀ ਰਿਪੋਰਟ ਸਰਕਾਰ ਨੂੰ ਦਿੱਤੀ। ਉਸੇ ਨੇ ਹੀ ਭਾਈ ਲਾਲ ਸਿੰਘ ਪਿੰਡ ਭੂਰੇ ਨੂੰ ਗ੍ਰਿਫਤਾਰ ਕਰਵਾਇਆ ਸੀ। ਉਹ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਸਰਕਾਰੀ ਗਵਾਹ ਵੀ ਸੀ। ਕਪੂਰ ਸਿੰਘ ਨੂੰ ਭਾਈ ਪ੍ਰੇਮ ਸਿੰਘ ਤੇ ਹਰਦਿੱਤ ਸਿੰਘ ਡੱਲੇਵਾਲ ਨੇ ਗੋਲੀ ਮਾਰ ਕੇ ਮਾਰ ਦਿੱਤਾ।

'ਪੱਧਰੀ ਕਤਲ ਕੇਸ' ਦੇ ਨਾਂਅ ਹੇਠ ਚਲਾਏ ਗਏ ਮੁਕੱਦਮੇ ਵਿਚ 15 ਗ਼ਦਰੀਆਂ ਨੂੰ ਸ਼ਾਮਲ ਕੀਤਾ ਗਿਆ ਸੀ। ਮੁਕੱਦਮੇ ਦੇ ਫੈਸਲੇ ਵਿਚ ਭਾਈ ਪ੍ਰੇਮ ਸਿੰਘ ਪੁੱਤਰ ਜੀਵਨ ਸਿੰਘ ਸੁਰਸਿੰਘ, ਭਾਈ ਇੰਦਰ ਸਿੰਘ ਪੱਧਰੀ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਭਾਈ ਹਰਦਿੱਤ ਸਿੰਘ ਡੱਲੇਵਾਲ ਫ਼ਰਾਰ ਹੋ ਚੁੱਕਾ ਸੀ। ਭਾਈ ਬੀਰ ਸਿੰਘ ਪੁੱਤਰ ਖੜਕ ਸਿੰਘ ਪਿੰਡ ਸੋਹਲ ਥਾਣਾ ਘਰਿੰਡਾ, ਭਾਈ ਸੱਜਣ ਸਿੰਘ ਪੁੱਤਰ ਝੰਡਾ ਸਿੰਘ ਸੁਰਸਿੰਘ ਥਾਣਾ ਪੱਟੀ, ਭਾਈ ਬਘੇਲ ਸਿੰਘ ਪੁੱਤਰ ਬਾਲ ਸਿੰਘ ਪਿੰਡ ਬੂੜ ਚੰਦ ਨੂੰ ਉਮਰ ਕੈਦ ਜਲਾਵਤਨੀ, ਭਾਈ ਖਜ਼ਾਨ ਸਿੰਘ ਪੁੱਤਰ ਬੂੜ ਸਿੰਘ ਚਾਰ ਸਾਲ ਸਖ਼ਤ ਕੈਦ, ਭਾਈ ਲਾਲ ਸਿੰਘ ਪੁੱਤਰ ਸੁਚੇਤ ਸਿੰਘ ਪੱਧਰੀ ਕਲਾਂ ਨੂੰ ਉਮਰ ਕੈਦ ਜਲਾਵਤਨੀ, ਏਕਮ ਸਿੰਘ ਪੁੱਤਰ ਹਰਨਾਮ ਸਿੰਘ ਬਚਰੇ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸਨੂੰ ਬਰੀ ਕਰ ਦਿੱਤਾ ਗਿਆ ਸੀ। ਭਾਈ ਰੂੜ ਸਿੰਘ ਉਰਫ ਅਰਜਨ ਸਿੰਘ ਪੁੱਤਰ ਪਾਲ ਸਿੰਘ ਪਿੰਡ ਸੰਘਵਾਲ ਥਾਣਾ ਕਰਤਾਰਪੁਰ (ਜਲੰਧਰ) ਨੂੰ ਦੂਜੇ ਸਪਲੀਮੈਂਟ ਕੇਸ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ, ਜਦੋਂਕਿ ਬਾਕੀ ਦੇ ਭਾਨ ਸਿੰਘ ਪੁੱਤਰ ਰੂੜ ਸਿੰਘ ਪਿੰਡ ਬੂੜ ਚੰਦ ਥਾਣਾ ਪੱਟੀ, ਈਸ਼ਰ ਸਿੰਘ ਪੁੱਤਰ ਬੂੜ ਸਿੰਘ ਪਿੰਡ ਬੂੜ ਚੰਦ, ਬੱਗਾ ਸਿੰਘ ਪੁੱਤਰ ਭੋਲਾ ਸਿੰਘ ਪਿੰਡ ਬੂੜ ਚੰਦ, ਨਾਜ਼ਰ ਸਿੰਘ ਪੁੱਤਰ ਸ਼ਮੀਰ ਸਿੰਘ ਪਿੰਡ ਬੂੜ ਚੰਦ, ਇੰਦਰ ਸਿੰਘ ਪੁੱਤਰ ਖੀਵਾ ਸਿੰਘ ਪਿੰਡ ਬੂੜ ਚੰਦ ਥਾਣਾ ਪੱਟੀ ਰਿਹਾਅ ਕਰ ਦਿੱਤੇ ਸਨ। ਹਰਨਾਮਾ ਪੁੱਤਰ ਰੁਲਦੂ ਰਾਮ ਬ੍ਰਾਹਮਣ ਤੇ ਸ਼ਾਦੀ ਪੁੱਤਰ ਚਤਰਾ ਮਿਰਾਸੀ ਦੋਵੇਂ ਪਿੰਡ ਦਿਆਲਪੁਰ ਥਾਣਾ ਤਰਨਤਾਰਨ ਵਾਅਦਾ ਮਾਫ ਗਵਾਹ ਬਣ ਗਏ ਸਨ।

ਗ਼ਦਾਰ ਸ਼ਾਹੂਕਾਰ ਕਪੂਰ ਸਿੰਘ ਨੇ ਝਾੜ ਸਾਹਿਬ ਵਾਲੀਆਂ ਮੀਟਿੰਗਾਂ ਦੀ ਸੂਚਨਾ ਅੰਮ੍ਰਿਤਸਰ ਦੇ ਡੀ.ਸੀ. ਨੂੰ ਦਿੱਤੀ ਅਤੇ ਮੀਆਂਮੀਰ ਛਾਉਣੀ ਦੇ ਸਵਾਰਾਂ ਅਤੇ ਭਾਈ ਲਾਲ ਸਿੰਘ ਭੂਰੇ ਨੂੰ ਗ੍ਰਿਫਤਾਰ ਕਰਵਾਇਆ ਸੀ। ਉਸਨੇ ਝਾੜ ਸਾਹਿਬ ਗੁਰਦੁਆਰੇ ਦੇ ਮਹੰਤ ਬੋਘ ਸਿੰਘ ਨੂੰ ਸਰਕਾਰੀ ਗਵਾਹ ਬਣਨ

(ਬਾਕੀ ਅਗਲੇ ਸਫੇ ਤੇ)

# ਗਰੀਬੀ ਦੇ ਪੈਮਾਨੇ ਤੋਂ ਅਨਜਾਣ ਨੇ ਸਾਡੇ ਮਾਹਿਰ?



ਜਸਵੰਤ ਸਿੰਘ 'ਅਜੀਤ'
91- 95827-19890

ਕੇਂਦਰ ਵਿਚਲੀ ਸ਼੍ਰੀ ਨਰੇਂਦਰ ਮੋਦੀ ਦੀ ਸਰਕਾਰ ਨੇ ਸੰਨ-2015 ਵਿੱਚ ਨੀਤੀ ਆਯੋਗ (ਸਾਬਕਾ ਯੋਜਨਾ ਆਯੋਗ) ਦੇ ਵਾਈਸ ਚੇਅਰਮੈਨ, ਅਰਵਿੰਦ ਪਨਗੜੀਆ ਦੀ ਅਗਵਾਈ ਵਿੱਚ ਮਾਹਿਰਾਂ ਦੀ ਇੱਕ ਕਮੇਟੀ ਦਾ ਗਠਨ ਕੀਤਾ ਸੀ, ਜਿਸਨੂੰ ਇਹ ਜ਼ਿਮੇਂਦਾਰੀ ਸੌਂਪੀ ਗਈ ਸੀ ਕਿ ਉਹ ਦੇਸ਼ ਵਿਚਲੀ 'ਗਰੀਬੀ ਦੀ ਰੇਖਾ' ਦੀ ਪ੍ਰੀਭਾਸ਼ਾ ਨਿਸ਼ਚਿਤ ਕਰੇ ਤਾਂ ਜੋ ਇਹ ਅਨੁਮਾਨ ਲਾਇਆ ਜਾ ਸਕੇ ਕਿ ਦੇਸ਼ ਵਿੱਚ 'ਗਰੀਬੀ ਦੀ ਰੇਖਾ' ਤੋਂ ਹੇਠਾਂ ਵਾਲੀ ਵਸੋਂ ਕਿਤਨੀ ਹੈ ਜਾਂ ਇਉਂ ਕਹਿ ਲਉ ਕਿ ਸਰਕਾਰ ਇਹ ਜਾਣਨਾ ਚਾਹੁੰਦੀ ਹੈ ਕਿ ਦੇਸ਼ ਵਿੱਚ ਕਿਤਨੇ ਗਰੀਬ ਵਸਦੇ ਹਨ, ਤਾਂ ਜੋ ਉਨ੍ਹਾਂ ਦਾ ਪੱਧਰ ਉਚਿਆਉਣ ਲਈ ਕੋਈ ਪ੍ਰਭਾਵਸ਼ਾਲੀ ਨੀਤੀ ਬਣਾਈ ਜਾ ਸਕੇ। ਇਹ ਕਮੇਟੀ ਲਗਭਗ ਡੇਢ ਵਰ੍ਹੇ ਦੀ ਅਣਥਕ 'ਮੇਹਨਤ' ਨਾਲ ਵੀ ਗਰੀਬੀ ਰੇਖਾ ਦੀ ਪ੍ਰੀਭਾਸ਼ਾ ਨਿਸ਼ਚਿਤ ਕਰਨ ਵਿੱਚ ਸਫਲ ਨਹੀਂ ਹੋ ਸਕੀ। ਦਸਿਆ ਗਿਆ ਹੈ ਕਿ ਇਸ ਕਮੇਟੀ ਨੇ ਅਪਣੇ ਡੇਢ ਵਰ੍ਹੇ ਵਿੱਚਲੀ ਕਾਰਗੁਜ਼ਾਰੀ ਦੀ ਜੋ ਰਿਪੋਰਟ ਸਰਕਾਰ ਨੂੰ ਦਿੱਤੀ ਹੈ, ਉਸ ਵਿਚ ਉਸਨੇ ਮੰਨਿਆ ਹੈ ਕਿ ਇਸ ਮੁੱਦੇ 'ਤੇ ਉਸਦੇ ਮੈਂਬਰ ਕਿਸੇ ਠੋਸ ਨਤੀਜੇ ਪੁਰ ਪੁਜਣ ਵਿਚ ਸਫਲ ਨਹੀਂ ਹੋ ਸਕੇ। ਰਿਪੋਰਟ ਅਨੁਸਾਰ ਗਰੀਬੀ ਦੀ ਮੁਨਾਸਿਬ ਪ੍ਰੀਭਾਸ਼ਾ ਨਿਸ਼ਚਿਤ ਕਰਨ ਲਈ, ਹੋਰ ਵਧੇਰੇ ਯੋਗ ਮਾਹਿਰਾਂ ਦੀ ਅਗਵਾਈ ਵਿੱਚ 'ਟਾਸਕਫੋਰਸ' ਬਣਾਏ ਜਾਣ ਦੀ ਲੋੜ ਹੈ।

ਦਸਿਆ ਗਿਆ ਹੈ ਕਿ ਦੇਸ਼ ਵਿਚਲੀ 'ਗਰੀਬੀ ਦੀ ਰੇਖਾ' ਨਿਸ਼ਚਤ ਕਰਨ ਲਈ ਸੰਨ-2015 ਵਿੱਚ ਨੀਤੀ ਆਯੋਗ ਦੇ ਵਾਈਸ ਚੇਅਰਮੈਨ ਅਰਵਿੰਦ ਪਨਗੜੀਆ ਦੀ ਅਗਵਾਈ ਵਿੱਚ ਜਿਸ ੧੯-ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਉਸਨੇ ਅਗਸਤ ਵਿੱਚ, ਆਪਣੀ ਡੇਢ ਵਰ੍ਹਿਆਂ ਦੀ ਕਾਰਗੁਜ਼ਾਰੀ ਦੀ ਜੋ ਰਿਪੋਰਟ ਸਰਕਾਰ ਨੂੰ ਸੌਂਪੀ, ਉਸ ਵਿੱਚ ਕਮੇਟੀ ਵਲੋਂ ਸਾਫ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਇਸ ਕੰਮ ਲਈ ਨਵੇਂ ਸਿਰੇ ਤੋਂ ਪੈਨਲ ਬਣਾਇਆ ਜਾਏ। ਇਸ ਕਮੇਟੀ ਨੇ ਰਾਜਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਆਪਣਾ ਪੈਨਲ ਆਪ ਹੀ ਬਣਾਉਣ। ਦੇਸ਼ ਵਿੱਚ ਗਰੀਬਾਂ ਦੀ ਅਬਾਦੀ ਦਾ ਪਤਾ ਲਾਉਣ ਲਈ, ਸਰਕਾਰ ਨੇ ਇੱਕ 'ਗਰੀਬੀ ਰੇਖਾ' ਨਿਸ਼ਚਤ ਕਰ ਰਖੀ ਹੈ। ਜੋ ਲੋਕੀ ਇਸ ਰੇਖਾ ਦੇ ਬਰਾਬਰ ਜਾਂ ਘਟ ਕਮਾ ਰਹੇ ਹਨ, ਉਨ੍ਹਾਂ ਨੂੰ ਗਰੀਬਾਂ ਦੀ ਸ਼੍ਰੇਣੀ ਵਿੱਚ ਰਖਿਆ ਜਾਂਦਾ ਹੈ। ਸੰਨ-2005 ਵਿੱਚ ਗਠਤ 'ਤੇਂਦੁਲਕਰ ਕਮੇਟੀ ਨੇ ਸੰਨ-2009 ਵਿੱਚ ਜੋ ਰਿਪੋਰਟ ਸਰਕਾਰ ਨੂੰ ਸੌਂਪੀ ਉਸ ਅਨੁਸਾਰ ਸ਼ਹਿਰਾਂ ਵਿੱਚ ਪ੍ਰਤੀ ਵਿਅਕਤੀ 33 ਰੁਪਏ ਤੱਕ ਰੋਜ਼ ਖਰਚ ਕਰ ਪਾਣ ਵਾਲੀ ਗਰੀਬੀ ਰੇਖਾ ਤੋਂ ਹੇਠਲੀ ਅਬਾਦੀ 27 ਕਰੋੜ ਸੀ, ਜਦਕਿ ਪਿੰਡਾਂ ਵਿੱਚ ਪ੍ਰਤੀ ਵਿਅਕਤੀ 27 ਰੁਪਏ ਤਕ ਰੋਜ਼ ਖਰਚ ਕਰ ਪਾਣ ਵਾਲੀ ਗਰੀਬੀ ਰੇਖਾ ਤੋਂ ਹੇਠਲੀ ਵਸੋਂ, ਕੁਲ ਵਸੋਂ ਦਾ 21.9 ਪ੍ਰਤੀਸ਼ਤ ਸੀ। ਇਸੇਤਰ੍ਹਾਂ ਸੰਨ-2012 ਵਿੱਚ ਗਠਤ ਰੰਗਾਰਾਜਨ ਕਮੇਟੀ ਨੇ ਸੰਨ-2014 ਵਿੱਚ ਜੋ ਰਿਪੋਰਟ ਸਰਕਾਰ ਨੂੰ ਸੌਂਪੀ ਉਸ ਅਨੁਸਾਰ ਸ਼ਹਿਰਾਂ ਵਿੱਚ ਪ੍ਰਤੀ ਵਿਅਕਤੀ 47 ਰੁਪਏ ਤਕ ਰੋਜ਼ ਖਰਚ ਕਰ ਪਾਣ ਵਾਲੀ ਗਰੀਬੀ ਰੇਖਾਂ ਤੋਂ ਹੇਠਲੀ ਵਸੋਂ 36.3 ਕਰੋੜ ਸੀ, ਜਦਕਿ ਪਿੰਡਾਂ ਵਿੱਚਲੀ ਗਰੀਬੀ ਰੇਖਾ ਤੋਂ ਹੇਠਾਂ 29.5 ਪ੍ਰਤੀਸ਼ਤ ਵਸੋਂ ਰੋਜ਼ ਪ੍ਰਤੀ ਵਿਅਕਤੀ 32 ਰੁਪਏ ਤਕ ਖਰਚ ਕਰ ਪਾਣ ਦੇ ਸਮਰਥ ਸੀ। ਇਸਦੇ ਬਾਵਜੂਦ ਇਹ ਮੰਨਿਆ ਜਾਂਦਾ ਹੈ ਕਿ ਪਿਛਲੀਆਂ ਸਰਕਾਰਾਂ ਲਈ 'ਗਰੀਬੀ ਰੇਖਾ' ਦੀ ਯੋਗ ਪ੍ਰੀਭਾਸ਼ਾ ਨਿਸਚਤ ਕਰ ਪਾਣਾ, ਬਹੁਤ ਹੀ ਵਿਵਾਦਤ ਕੰਮ ਬਣਿਆ ਰਿਹਾ। ਮਾਹਿਰਾਂ ਅਨੁਸਾਰ ਅਜਿਹਾ ਇਸਲਈ ਹੈ ਕਿ ਜੇ ਗਰੀਬੀ ਰੇਖਾ ਨੂੰ ਹੋਰ ਹੇਠਾਂ ਕੀਤਾ ਜਾਂਦਾ ਹੈ, ਤਾਂ ਬਹੁਤ ਸਾਰੇ ਲੋੜਵੰਦਾਂ ਦੇ ਪਿਛੇ ਰਹਿ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਦਕਿ ਵੱਧੀ ਹੋਈ ਵਸੋਂ ਕੇਂਦਰ ਸਰਕਾਰ ਨੂੰ ਰਾਸ ਨਹੀਂ ਆਉਂਦੀ, ਕਿਉਂਕਿ ਇਸ ਹਾਲਤ ਵਿੱਚ ਉਸਨੂੰ ਸਬਸਿਡੀ ਪੁਰ ਵਧੇਰੇ ਖਰਚ ਕਰਨਾ ਪੈਂਦਾ ਹੈ। ਦਸਿਆ ਜਾਂਦਾ ਹੈ ਕਿ ਹਾਲਾਂਕਿ ਪ੍ਰਦੇਸ਼ (ਰਾਜ), ਕਮੇਟੀ ਦੀ ਇਸ ਸਿਫਾਰਿਸ਼ ਨਾਲ ਸਹਿਮਤ ਹਨ ਕਿ ਗਰੀਬੀ ਰੇਖਾ ਦੀ ਗਿਣਤੀ ਪਰਿਵਾਰਿਕ ਖਰਚ ਦੇ ਡਾਟਾ ਦੇ ਅਧਾਰ ਤੇ ਨਿਸ਼ਚਤ ਹੋਣੀ ਚਾਹੀਦੀ ਹੈ ਅਤੇ ਇਸਦੀ ਵਰਤੋਂ ਗਰੀਬੀ ਪੁਰ ਨਜ਼ਰ ਰਖਣ ਲਈ ਕੀਤੀ ਜਾਣੀ ਚਾਹੀਦੀ ਹੈ, ਨਾ ਕਿ ਇਸਦੀ ਵਰਤੋਂ ਦੇਸ਼ ਵਿਚੋਂ ਗਰੀਬਾਂ ਦੀ ਤਲਾਸ਼ ਕਰਨ ਲਈ ਹੋਣੀ ਚਾਹੀਦੀ ਹੈ। ਇੱਕ ਪ੍ਰਸਿੱਧ ਅਰਥ-ਸ਼ਾਸਤ੍ਰੀ ਅਤੇ ਯੋਜਨਾ ਆਯੋਗ ਦੇ ਸਾਬਕਾ ਮੈਂਬਰ ਅਭਿਜੀਤ ਸੇਨ ਨੇ ਪਨਗੜੀਆ ਪੈਨਲ ਪੁਰ ਸਵਾਲ ਖੜਿਆਂ ਕਰਦਿਆਂ ਕਿਹਾ ਕਿ ਸਮੱਸਿਆ ਇਹ ਹੈ ਕਿ 'ਬਿੱਲੀ ਦੇ ਗਲੇ ਵਿੱਚ ਘੰਟੀ ਕੌਣ ਬੰਨ੍ਹੇ'। ਕੋਈ ਵੀ ਇਹ ਨਹੀਂ ਦਸਣਾ ਚਾਹੁੰਦਾ ਕਿ ਦੇਸ਼ ਵਿੱਚ ਕਿਤਨੇ ਲੋਕੀ ਗਰੀਬ ਹਨ। ਦਸਿਆ ਜਾਂਦਾ ਹੈ ਕਿ ਵਿਸ਼ਵ ਬੈਂਕ ਦੀਆਂ ਨਜ਼ਰਾਂ ਵਿੱਚ ਭਾਰਤ ਦੀ 21.25 ਪ੍ਰਤੀਸ਼ਤ ਵਸੋਂ ਦੀ ਰੋਜ਼ਨਾ ਕਮਾਈ 1.90 ਡਾਲਰ ਤੋਂ ਵੀ ਘੱਟ ਹੈ।

**ਦਿੱਲੀ ਸਭ ਤੋਂ ਮਾੜੀ :** ਅਮਰੀਕਾ ਦੀ ਇੱਕ ਪ੍ਰਮੁਖ ਰਿਸਰਚ ਸੰਸਥਾ 'ਸੇਂਟਰ ਫਾਰ ਸਟ੍ਰੇਟਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼' ਅਤੇ 'ਨਾਥਨ ਐਸੋਸੀਏਟਸ' ਨੇ ਇੱਕ ਸਰਵੇ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿੱਚ ਸਿੱਕਮ ਨੂੰ ਕੰਮਕਾਜੀ ਔਰਤਾਂ ਲਈ ਸੁਰਖਿਆ ਦੇ ਦ੍ਰਿਸ਼ਟੀ ਤੋਂ 40 ਅੰਕ ਦਿੱਤੇ ਗਏ ਹਨ, ਜਦਕਿ ਉਸਦੇ ਮੁਕਾਬਿਲੇ ਦਿੱਲੀ ਨੂੰ ਕੇਵਲ 8.5 ਅੰਕ ਹੀ ਮਿਲੇ ਹਨ, ਜੋ ਭਾਰਤ ਦੀ ਰਾਜਧਾਨੀ ਦੀ ਬਦਤਰ ਹਾਲਤ ਨੂੰ ਬਿਆਨ ਕਰਦੇ ਹਨ। ਦਿੱਲੀ ਦੇ ਇਸ ਰਿਪੋਰਟ ਵਿੱਚ ਸਭ ਤੋਂ ਹੇਠਲੀ ਥਾਂ ਤੇ ਹੋਣ ਦਾ ਮੁੱਖ ਕਾਰਣ ਇਹ ਦਸਿਆ ਗਿਆ ਹੈ ਕਿ ਔਰਤਾਂ ਨੂੰ ਇਨਸਾਫ ਮਿਲਣ ਦੀ ਦਰ ਅਤੇ ਕੰਮ-ਕਾਜ ਵਿੱਚ ਔਰਤਾਂ ਦੀ ਹਿਸੇਦਾਰੀ ਦਾ ਦਿੱਲੀ ਵਿੱਚ ਦੂਸਰੇ ਸ਼ਹਿਰਾਂ ਦੇ ਮੁਕਾਬਲੇ ਘਟ ਹੋਣਾ, ਭਿੰਨ-ਭਿੰਨ ਖੇਤਰਾਂ ਵਿੱਚ ਰਾਤ ਨੂੰ ਕੰਮ ਕਰਨ ਨੂੰ ਲੈ ਕੇ ਪਾਬੰਦੀਆਂ ਅਤੇ ਔਰਤ ਕਾਰੋਬਾਰੀਆਂ ਲਈ ਉਤਸਾਹ ਦੀ ਘਾਟ ਹੈ।

ਦਸਿਆ ਗਿਆ ਹੈ ਕਿ ਇਸ ਰੈਂਕਿੰਗ ਦਾ ਆਧਾਰ, ਕਾਰਖਾਨਿਆਂ, ਪ੍ਰਚੂਨ (ਫੁਟਕਲ) ਵਪਾਰ ਖੇਤਰ ਅਤੇ ਆਈਆਈਟੀ ਉਦਯੋਗ ਵਿੱਚ ਔਰਤਾਂ ਦੇ ਕੰਮਕਾਜੀ ਘੰਟਿਆਂ ਪੁਰ ਕਾਨੂੰਨੀ ਪਕੜ, ਔਰਤ ਕਰਮਚਾਰੀਆਂ ਨੂੰ ਪ੍ਰਭਾਵਤ ਕਰਨ ਵਾਲੇ ਅਪਰਾਧਾਂ ਨੂੰ ਲੈ ਕੇ, ਰਾਜਾਂ ਦੀ ਅਪ੍ਰਾਧਕ ਨਿਆਇਕ ਵਿਵਸਥਾ ਦੀ ਪ੍ਰਤੀਕ੍ਰਿਆ, ਕੁਲ ਕਰਮਚਾਰੀਆਂ ਵਿੱਚ ਕੰਮਕਾਜੀ ਔਰਤਾਂ ਦਾ ਪ੍ਰਤੀਸ਼ਤ ਤੇ ਸਟਾਰਟਅੱਪ ਅਤੇ ਉਦਯੋਗਿਕ ਨੀਤੀਆਂ ਵਿੱਚ ਔਰਤ ਕਾਰੋਬਾਰੀਆਂ ਨੂੰ ਉਤਸਾਹਿਤ ਕਰਨ ਨੂੰ ਮਿਥਿਆ ਗਿਆ ਹੈ।

ਇਸ ਰਿਪੋਰਟ ਅਨੁਸਾਰ ਸਿਕਿੱਮ, ਕਰਨਾਟਕ, ਆਂਧਰ ਪ੍ਰਦੇਸ਼ ਅਤੇ ਤਮਿਲਨਾਡੂ ਨੇ ਦੁਕਾਨਾਂ ਕਾਰਖਾਨਿਆਂ ਅਤੇ ਆਈ ਆਈ ਟੀ ਖੇਤ੍ਰ ਵਿੱਚ ਰਾਤ ਨੂੰ ਔਰਤਾਂ ਦੇ ਕੰਮ ਕਰਨ ਪੁਰ ਲਗੀਆਂ ਹੋਈਆਂ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ। ਇਸ ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਕੰਮਕਾਜ ਵਿੱਚ ਔਰਤਾਂ ਦੀ ਹਿਸੇਦਾਰੀ ਦਨੀਆਂ ਵਿੱਚ ਸਭ ਤੋਂ ਘਟ ਹੈ।

**ਅਤੇ ਅੰਤ ਵਿੱਚ :** ਆਏ ਦਿਨ ਅਜਿਹੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਪੰਜਾਬ ਦੀਆਂ ਕਈ ਅਲ੍ਹੜ ਮੁਟਿਆਰਾਂ, ਵਿਦੇਸ਼ੀ ਲਾੜਿਆਂ ਨਾਲ ਪ੍ਰਣਾਏ ਜਾਣ ਦੀ ਲਾਲਸਾ ਅਧੀਨ, ਬਾਹਰੀ ਤੜਕ-ਭੜਕ ਵੇਖ, ਕਈ ਵਾਰ ਵਿਦੇਸ਼ੀ ਲਾੜਿਆਂ ਦੀ ਇੱਕ ਸੋਚੀ-ਸਮਝੀ ਸਾਜ਼ਸ਼ ਅਤੇ ਧੋਖੇ ਦਾ ਸ਼ਿਕਾਰ ਹੋ ਨਾ ਕੇਵਲ ਆਪਣਾ-ਆਪ ਲੁਟਾ, ਜ਼ਿੰਦਗੀ ਬਰਬਾਦ ਕਰ ਬੈਠਦੀਆਂ ਹਨ, ਸਗੋਂ ਉਨ੍ਹਾਂ ਦੇ ਮਾਪੇ ਵੀ ਆਪਣੀ ਬੇਟੀ ਨੂੰ ਪ੍ਰਵਾਸੀ ਨਾਲ ਵਿਆਹ ਕੇ ਪ੍ਰਦੇਸ ਭੇਜਣ ਦੀ ਖੁਸ਼ੀ ਸਹੇਜਣ ਲਈ, ਆਪਣਾ ਸਭ ਕੁਝ ਗੁਆ ਬੈਠਦੇ ਹਨ। ਅਜਿਹੇ ਮਾਮਲਿਆਂ ਵਿਚ ਮਦਦ ਕਰਨ ਲਈ ਭਾਵੇਂ ਕੁਝ ਜਥੇਬੰਦੀਆਂ ਅਤੇ ਲੋਕਾਂ ਵਲੋਂ ਉਦਮ ਕੀਤੇ ਜਾਂਦੇ ਰਹਿੰਦੇ ਹਨ। ਪਰ ਉਹ ਇਤਨੇ ਨਹੀਂ ਹੁੰਦੇ ਕਿ ਧੋਖੇ ਖਾ ਰਹੇ ਅਤੇ ਬਰਬਾਦੀ ਸਹੇੜ ਰਹੇ ਲੋਕਾਂ ਵਿਚ ਸੰਤੁਸ਼ਟਤਾ ਪੈਦਾ ਕਰ ਸਕਣ।

ਇਸ ਸੰਕਟ ਦੇ ਲਗਾਤਾਰ ਮੰਡਰਾਉਂਦਿਆਂ ਰਹਿਣ ਦੇ ਸਬੰਧ ਵਿਚ ਜਦੋਂ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ ਨਾਲ ਗਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਵਿਚੋਂ ਉਭਰਨ ਵਿਚ ਵਿਦੇਸ਼ਾਂ ਵਿਚ ਸਥਿਤ ਗੁਰਦੁਆਰਿਆਂ ਦੇ ਪ੍ਰਬੰਧਕ, ਜੋ ਸਿੱਖ ਹੋਣ ਕਾਰਣ ਸਿੱਖੀ ਮਾਨਤਾਵਾਂ, ਗਰੀਬ-ਮਜ਼ਲੂਮ ਦੇ ਮਦਦਗਾਰ ਅਤੇ ਜ਼ਬਰ-ਜ਼ੁਲਮ ਤੋਂ ਨਿਜਾਤ ਦੁਆਉਣ ਆਦਿ ਪ੍ਰਤੀ ਵਚਨ-ਬੱਧ ਹੋਣੇ ਜ਼ਰੂਰੀ ਹਨ, ਬਹੁਤ ਮਦਦਗਾਰ ਸਾਬਤ ਹੋ ਸਕਦੇ ਹਨ। ਉਨ੍ਹਾਂ ਦਾ ਕਹਿਣਾ ਸੀ, ਕਿ ਵਿਦੇਸ਼ਾਂ ਵਿਚਲੇ ਗੁਰਦੁਆਰੇ ਕੇਵਲ ਸਿੱਖਾਂ ਦੇ ਧਰਮ-ਅਸਥਾਨ ਹੀ ਨਹੀਂ ਹਨ, ਸਗੋਂ ਉਥੇ ਵਸਦੇ ਸਮੂਹ ਪੰਜਾਬੀਆਂ ਦੇ ਸਭਿਆਚਾਰਕ ਅਤੇ ਸੰਸਕ੍ਰਿਤਕ ਕੇਂਦਰ ਵੀ ਹਨ। ਜਿਥੇ ਸਮੇਂ-ਸਮੇਂ ਇਕਤਰ ਹੋ, ਉਹ ਸਥਾਨਕ ਰੂਪ ਵਿੱਚ ਆਪਣੇ ਅਤੇ ਸਿੱਖਾਂ ਸਹਿਤ ਸਮੁਚੇ ਪੰਜਾਬੀ ਭਾਈਚਾਰੇ ਦੇ ਸਾਹਮਣੇ ਆਉਣ ਵਾਲੀਆਂ ਸੱਮਸਿਆਵਾਂ ਅਤੇ ਮੁਸ਼ਕਿਲਾਂ ਦੇ ਸੰਬੰਧ ਵਿੱਚ ਵਿਚਾਰਾਂ ਕਰਦੇ ਅਤੇ ਉਨ੍ਹਾਂ ਨਾਲ ਨਜਿਠਣ ਦੇ ਉਪਾਅ ਖੋਜਦੇ ਹਨ।

ਉਨ੍ਹਾਂ ਅਨੁਸਾਰ ਜੇ ਕੋਈ ਪੰਜਾਬੀ ਕਿਸੇ ਪ੍ਰਵਾਸੀ ਨਾਲ ਆਪਣੀ ਧੀ ਵਿਆਹੁਣੀ ਚਾਹੁੰਦਾ ਹੈ ਤਾਂ, ਉਸਨੂੰ, ਜਿਸ ਦੇਸ਼ ਦੇ ਜਿਸ ਇਲਾਕੇ ਵਿਚ ਉਹ ਪ੍ਰਵਾਸੀ ਵਸਦਾ ਹੈ, ਉਸ ਇਲਾਕੇ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਪਾਸੋਂ ਸਬੰਧਤ ਵਿਅਕਤੀ ਦੇ ਸਬੰਧ ਵਿਚ ਜਾਣਕਾਰੀ ਪ੍ਰਾਪਤ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਪ੍ਰਬੰਧਕਾਂ ਦੀ ਨੈਤਿਕ ਜ਼ਿਮੇਂਦਾਰੀ ਬਣਦੀ ਹੈ ਕਿ ਉਹ ਇਸ ਸੰਬੰਧ ਵਿੱਚ ਉਨ੍ਹਾਂ ਨਾਲ ਹਰ ਲੋੜੀਂਦਾ ਸਹਿਯੋਗ ਕਰਨ, ਤਾਂ ਜੋ ਉਹ ਮਾੜੀ ਸੋਚ ਦੇ ਪ੍ਰਵਾਸੀਆਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਣੋ ਬਚ ਸਕਣ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਫਿਰ ਵੀ ਜੇ ਕੋਈ ਪ੍ਰਵਾਸੀ ਧੋਖੇ ਨਾਲ ਪੰਜਾਬੋਂ ਕਿਸੇ ਮੁਟਿਆਰ ਨੂੰ ਵਿਆਹ ਕੇ ਲਿਜਾਣ ਵਿੱਚ ਸਫਲ ਹੋ ਜਾਂਦਾ ਹੈ ਅਤੇ ਉਥੇ ਜਾ ਉਸ ਨਾਲ ਮਾੜਾ ਵਿਹਾਰ ਕਰਦਾ ਹੈ ਤਾਂ, ਉਥੋਂ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਪੀੜਤ ਮੁਟਿਆਰ ਦੀ ਮਦਦ ਲਈ ਅਗੇ ਆਉਣਾ ਚਾਹੀਦਾ ਹੈ।

ਜਸਟਿਸ ਸੋਢੀ ਅਨੁਸਾਰ ਜੇ ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧਕ ਅਜਿਹੀਆਂ ਧੋਖੇ ਦਾ ਸ਼ਿਕਾਰ ਹੋਈਆਂ ਮੁਟਿਆਰਾਂ ਦੀ ਬਾਂਹ ਫੜ ਮਦਦ ਕਰਨ ਅਤੇ ਗੁਨਾਹਗਾਰਾਂ ਨੂੰ ਨੱਥ ਪਾਣ ਦੇ ਉਪਰਾਲੇ ਕਰਨ ਦੀ ਜ਼ਿਮੇਂਦਾਰੀ ਸੰਭਾਲਣ ਲਈ ਅਗੇ ਆ ਜਾਣ, ਤਾਂ ਪੰਜਾਬੀ ਮੁਟਿਆਰਾਂ ਨਾਲ ਪ੍ਰਵਾਸੀਆਂ ਵਲੋਂ ਕੀਤੀਆਂ ਜਾਣ ਵਲੀਆਂ ਧੋਖੇਬਾਜ਼ੀ ਦੀਆਂ ਘਟਨਾਵਾਂ ਨੂੰ ਕਾਫੀ ਹਦ ਤਕ ਨੱਥ ਪਾਈ ਜਾ ਸਕਦੀ ਹੈ।

## ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਵਸ ਸੇਲਮਾ ਵਿਖੇ ਮਨਾਇਆ

**ਸੇਲਮਾ (ਹੁਸਨ ਲੜੋਆ ਬੰਗਾ)–** ਅੰਮ੍ਰਿਤਸਰ ਦੇ ਪਰਿਵਾਰਾਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਵਸ ਸੇਲਮਾ, ਕੈਲੇਫੋਰਨੀਆ ਵਿਖੇ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਪੇਸੀਫਿਕ ਕੋਸਟ ਸੇਲਮਾ ਵਿਖੇ ਦੂਰੋਂ-ਨੇੜਿਉਂ ਸੰਗਤਾਂ ਪੁੱਜੀਆਂ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਪ੍ਰਬੰਧਕਾਂ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



ਇਸ ਮੌਕੇ ਰਾਗੀ ਢਾਡੀਆਂ ਵੱਲੋਂ ਮਨੋਹਰ ਬਾਣੀ ਦਾ ਕੀਰਤਨ ਕੀਤਾ ਗਿਆ। ਸੇਵਾਦਾਰਾਂ 'ਚ ਯਾਦਵਿੰਦਰ ਸਿੰਘ ਸਿੱਧੂ ਜੋਧਾਨਗਰੀ, ਜੋਬਨਜੀਤ ਸਿੱਧੂ, ਸ਼ਰਨਜੀਤ ਸੰਧੂ ਭਰੋਵਾਲ, ਜਗਜੀਤ ਗਿੱਲ, ਸੁਖਬੀਰ ਰੰਧਾਵਾ, ਸਰਬਜੀਤ ਰੰਧਾਵਾ, ਚੰਦ ਰੰਧਾਵਾ (ਰਾਏਪੁਰ ਕਲਾਂ), ਰਾਨਾ ਜੌਹਲ, ਕੁਲਬੀਰ ਬੂਟਰ (ਤਰਨਤਾਰਨ), ਜਸਪਾਲ ਥਿੰਦ, ਮਨਜਿੰਦਰ ਗਿੱਲ ਖੇਮਕਰਨ, ਬਲਦੇਵ ਮੂਤੀ, ਰਾਜਾ ਬਾਠ, ਰਾਣਾ ਚਾਹਲ, ਪਰਮਿੰਦਰ ਬੜਿੰਗ, ਪਰਮਿੰਦਰ ਦੇਉ, ਸੰਨੀ ਭੁੱਲਰ, ਹਰਮਨ ਭੁੱਲਰ, ਪ੍ਰੀਤ ਘੁੰਮਣ, ਲੋਕਪ੍ਰੀਤ ਘੁੰਮਣ, ਅਮਨ ਘੁੰਮਣ, ਪ੍ਰੀਤ ਚੌਹਾਨ, ਜਗਦੇਵ ਪੰਨੂ, ਸਵਿੰਦਰ ਪੰਨੂ ਬਿਸ਼ਨੇਵਾਲ, ਸ਼ਿਵ ਸਿੱਧੂ, ਗੁਰਪਿੰਦਰ ਬਰਾੜ, ਅਮਰੀਕ ਸਿੰਘ, ਸਰਪੰਚ ਭਰਪੂਰ ਸਿੰਘ ਦਦੇਹਰ, ਅਜੀਤ ਸਿੰਘ ਗਿੱਲ ਹੇਨਡੀ ਸਟੋਪ, ਪ੍ਰੇਮ ਸਿੱਘੂ, ਨਿਸ਼ਾਨ ਲਹਿਰਾ ਆਦਿ ਵੱਲੋਂ ਸੇਵਾ ਨਿਭਾਈ ਗਈ।

## ਵਲੇਹੋ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ 16 ਅਕਤੂਬਰ ਨੂੰ



**ਵਲੇਹੋ–** ਭਗਵਾਨ ਵਾਲਮੀਕ ਜੀ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਆਗਾਮੀ 16 ਅਕਤੂਬਰ 2016 ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮੀ 4 ਵਜੇ ਤੱਕ 1499 N Camino Alto Vallejo CA 94589 ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ 707-704-5216 ਤੇ ਸੋਢੀ ਨਾਹਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਭਾਈ ਪ੍ਰੇਮ ਸਿੰਘ ਸੁਰਸਿੰਘ ਅਤੇ ਇੰਦਰ ਸਿੰਘ ਪੱਧਰੀ

ਲਈ ਕਿਹਾ ਸੀ। ਉਹ ਅੰਗਰੇਜ਼ਾਂ ਦਾ ਵੱਡਾ ਪਿੱਠੂ ਸੀ ਅਤੇ ਸਪਲੀਮੈਂਟ ਲਾਹੌਰ ਕੇਸ ਦਾ ਪਹਿਲਾ ਸਰਕਾਰੀ ਗਵਾਹ ਬਣ ਗਿਆ ਸੀ। ਇਨ•ਾਂ ਕਾਰਨਾਂ ਕਰਕੇ ਉਹ ਗਦਰੀਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਭਾਈ ਪ੍ਰੇਮ ਸਿੰਘ ਸੁਰਸਿੰਘ ਤੇ ਦੂਜੇ ਗ਼ਦਰੀਆਂ ਨੇ ਅੰਗਰੇਜ਼ ਟੋਡੀਆਂ ਨੂੰ ਸੋਧਣ ਦਾ ਬੀੜਾ ਚੁੱਕ ਕੇ ਪਹਿਲਾਂ ਸੈਂਹਸਰੇ ਦੇ ਜ਼ੈਲਦਾਰ ਈਸ਼ਰ ਸਿੰਘ ਨੂੰ 29 ਜੂਨ 1915 ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਉਹ ਬਚ ਗਿਆ। ਫਿਰ ਉਹਨਾਂ ਨੇ ਸ਼ਾਹੂਕਾਰ ਕਪੂਰ ਸਿੰਘ ਉਪਰ ਹਮਲਾ ਕੀਤਾ, ਉਸ ਵੇਲੇ ਉਹ ਪਿੰਡ ਵਿਚਲੇ ਖੂਹ 'ਤੇ ਨਹਾ ਰਿਹਾ ਸੀ। ਕਪੂਰ ਸਿੰਘ ਨੇ ਸਿਰ 'ਤੇ ਪਾਣੀ ਪਾਉਣ ਲਈ ਜਦੋਂ ਧੌਣ ਥੱਲੇ ਕੀਤੀ ਤਾਂ ਗ਼ਦਰੀਆਂ ਨੇ ਉਸਦਾ ਸਿਰ ਕਿਰਪਾਨ ਮਾਰ ਕੇ ਵੱਢ ਦਿੱਤਾ। ਸਰਕਾਰੀ ਰਿਪੋਰਟ 'ਚ ਇੰਜ ਲਿਖਿਆ ਹੈ, ''ਜਿਉਂ ਹੀ ਕਿਰਪਾਲ ਸਿੰਘ ਪਿੰਡ ਦੇ ਖੂਹ ਤੋਂ ਨਹਾ ਕੇ ਘਰ ਨੂੰ ਜਾਣ ਲੱਗਾ ਤਾਂ ਪ੍ਰੇਮ ਸਿੰਘ ਤੇ ਭਾਈ ਹਰਦਿੱਤ ਸਿੰਘ ਨੇ ਗੋਲੀਆਂ ਚਲਾਈਆਂ, ਜਦੋਂਕਿ ਦੂਜਿਆਂ ਕੋਲ ਛਵੀਆਂ ਸਨ।'' ਭਾਈ ਪ੍ਰੇਮ ਸਿੰਘ 1914 ਵਿਚ ਸ਼ੰਘਾਈ ਤੋਂ ਵਾਪਸ ਗ਼ਦਰ ਵਿੱਚ ਹਿੱਸਾ ਲੈਣ ਲਈ ਪਰਤੇ ਪਰਵਾਸੀ ਭਾਰਤੀ ਸਨ। 23 ਨੰਬਰ ਰਸਾਲੇ ਦੇ ਫੌਜੀਆਂ ਨੂੰ ਬਗ਼ਾਵਤ ਲਈ ਉਕਸਾਉਣ ਦੇ ਦੋਸ਼ ਤਹਿਤ ਉਹਨਾਂ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਿਆ ਗਿਆ। ਚੱਬੇ ਦੇ ਡਾਕੇ ਵਿਚ ਸ਼ਾਮਲ ਹੋਣ ਕਰਕੇ ਉਹਨਾਂ ਨੂੰ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ ਵਿਚ ਵੀ ਰੱਖਿਆ ਗਿਆ ਸੀ। ਇਸ ਸੂਰਮੇ ਨੇ ਆਪਣੇ ਬਾਹੂਬਲ ਦੇ ਜ਼ੋਰ ਨਾਲ ਵਾਹਰ ਡੱਕ ਰੱਖੀ ਸੀ ਪਰ ਕਾਕੂ ਸਿੰਘ ਦੇ ਫੜੇ ਜਾਣ ਕਾਰਨ ਭੇਦ ਖੁੱਲ ਗਿਆ। ਇਹਨਾਂ ਦੇ ਭਰਾ ਭਾਈ ਮਿੱਤ ਸਿੰਘ ਨੇ ਕਿਹਾ ਹੈ ਕਿ ਪ੍ਰੇਮ ਸਿੰਘ ਚਾਹੁੰਦਾ ਸੀ ਕਿ ਉਹ ਦਿੱਲੀ ਜਾ ਕੇ ਵਾਇਸਰਾਏ ਦੇ ਸਿਰ ਵਿਚ ਬੰਬ ਮਾਰੇ। ਉਸਦੇ ਮਨ ਅੰਦਰ ਇਹ ਮੱਘਦੀ ਜੁਆਲਾ ਦੀ ਅੱਗ ਉਸਦੇ ਪੈਰਾਂ ਹੇਠ ਉਤਰ ਆਈ ਤੇ ਉਹ ਘੋੜਿਆਂ ਦੀਆਂ ਸ਼ੱਟਾ ਵਿਚ ਗ਼ਦਰ ਦੇ ਪਰਚੇ ਭਰ ਕੇ ਲੋਕਾਂ ਨੂੰ ਵੰਡਦਾ ਪੈਦਲ ਪੰਜਾਬ ਤੋਂ ਦਿੱਲੀ ਤੱਕ ਪਹੁੰਚਿਆ ਸੀ। ਗੁਰਦੁਆਰਾ ਝਾੜ ਸਾਹਿਬ ਗ਼ਦਰੀਆਂ ਦੀ ਗੁਪਤ ਮੀਟਿੰਗ ਦੀ ਸੂਹ ਦੇਣ ਵਾਲੇ ਪੱਧਰੀ ਕਲਾਂ ਦੇ ਸ਼ਾਹੂਕਾਰ ਦਾ ਕਤਲ ਕਰਨ ਵਜੋਂ ਇਹਨਾਂ ਦੇ ਨਾਲ ਇੰਦਰ ਸਿੰਘ ਪੱਧਰੀ ਨੂੰ 16 ਜੂਨ 1916 ਨੂੰ ਲਾਹੌਰ ਵਿਖੇ ਫਾਂਸੀ ਦੇ ਦਿੱਤੀ ਗਈ ਸੀ।

**ਖ਼ੁਫੀਆ ਵਿਭਾਗ ਦੀ ਪੱਧਰੀ ਕਤਲ ਕੇਸ ਬਾਰੇ ਰਿਪੋਰਟ**

21 ਜੂਨ ਨੂੰ ਸੈਂਸਰਾ ਦੇ ਟੋਡੀ ਜ਼ੈਲਦਾਰ ਈਸ਼ਰ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਤੋਂ ਮਗਰੋਂ ਪ੍ਰੇਮ ਸਿੰਘ ਨੇ ਪੱਧਰੀ ਕਲਾਂ ਜਿਲਾ ਅੰਮ੍ਰਿਤਸਰ ਦੇ ਸ਼ਾਹੂਕਾਰ ਕਪੂਰ ਸਿੰਘ ਦਾ ਕਤਲ ਕਰਨ ਲਈ ਇਕ ਟੋਲੀ ਸੰਗਠਿਤ ਕੀਤੀ। ਇਸ ਸ਼ਾਹੂਕਾਰ ਨੂੰ ਇਨਕਲਾਬੀ ਵੱਢਿਆਂ ਨਹੀ ਸੀ ਭਾਉਂਦੇ। ਵੱਲਾ ਬਰਿਜ ਗੈਂਗ, ਉਸਦੇ ਪਿੰਡ ਵਿਚ ਉਸਦੇ ਕਤਲ ਲਈ ਪੁੱਜਾ। ਇਹ ਉਹ ਬੰਦਾ ਸੀ, ਜਿਸਨੇ ਨਵੰਬਰ ਵਿਚ ਝਾੜ ਸਾਹਿਬ ਵਿਚ ਹੋਏ ਇਨਕਲਾਬੀਆਂ ਦੇ ਇਕੱਠ ਦੀ ਪੁਲਿਸ ਨੂੰ ਸੂਹ ਦਿੱਤੀ ਸੀ, ਜਿਸ ਦੇ ਸਿੱਟੇ ਵਜੋਂ ਭੂਰਿਆਂ ਦੇ ਲਾਲ ਸਿੰਘ ਦੀ ਗ੍ਰਿਫਤਾਰੀ ਹੋਈ ਸੀ। ਇਸਨੇ ਹੀ ਲਾਹੌਰ ਵਿਚ ਇਨਕਲਾਬੀਆਂ ਵਿਰੁੱਧ ਚੱਲੇ ਮੁਕੱਦਮੇ ਵਿਚ ਸਰਕਾਰੀ ਪੱਖ ਵਲੋਂ ਗਵਾਹੀ ਦਿੱਤੀ ਸੀ। ਇਸ ਟੋਲੀ ਵਿਚ 15 ਬੰਦੇ ਸਨ, ਜਿਹਨਾਂ ਵਿਚ ਪ੍ਰੇਮ ਸਿੰਘ ਤੋਂ ਇਲਾਵਾ ਅਰੂੜ ਸਿੰਘ ਸੰਘਵਾਲ, ਹਰਦਿੱਤ ਸਿੰਘ ਡੱਲੇਵਾਲ ਜ਼ਿਲਾ ਜਲੰਧਰ, ਛੇ ਬੰਦੇ ਪਿੰਡ ਬੂੜ ਦੇ, ਇਕ ਸੋਹਲ ਦਾ ਅਤੇ ਇਕ ਬਚੜੇ ਜ਼ਿਲਾ ਅੰਮ੍ਰਿਤਸਰ ਦਾ ਸ਼ਾਮਲ ਸਨ। ਅਸਲ ਕੰਮ ਅੱਠਾਂ ਨੇ ਹੀ ਕਰਨਾ ਸੀ। ਪ੍ਰੇਮ ਸਿੰਘ ਅਤੇ ਉਸਦੇ ਤਿੰਨ ਸਾਥੀਆਂ ਨੇ ਕਪੂਰ ਸਿੰਘ ਉੱਤੇ ਉਦੋਂ ਹਮਲਾ ਕੀਤਾ, ਜਦੋਂ ਉਹ ਪਿੰਡ ਦੇ ਖੂਹ ਉੱਤੇ ਨਹਾ ਕੇ ਆਪਣੇ ਘਰ ਵਲ ਜਾ ਰਿਹਾ ਸੀ। ਪ੍ਰੇਮ ਸਿੰਘ ਕੋਲ ਅਤੇ ਸ਼ਾਇਦ ਦੂਜਿਆਂ ਕੋਲ ਵੀ ਪਸਤੌਲ ਸਨ, ਪਰ ਦੂਜਿਆਂ ਦੋਂਹ ਕੋਲ ਛਵੀਆਂ ਸਨ। ਉਹ ਥਾਂ ਹੀ ਮਾਰਿਆ ਗਿਆ। ਮਗਰੋਂ ਉਸਦਾ ਸਿਰ ਵੱਢ ਦਿੱਤਾ ਗਿਆ। ਫਿਰ ਦੋਹਾਂ ਕਾਤਲਾਂ ਅਤੇ ਚਾਰ ਜਣਿਆਂ ਹੋਰਨਾਂ ਨੇ, ਜੋ ਨੇੜੇ ਹੀ ਉਡੀਕ ਰਹੇ ਸਨ, ਉਸਦੇ ਘਰ ਨੂੰ ਲੁੱਟਿਆ। ਇਸ ਸੰਬੰਧ ਵਿਚ ਇੰਦਰ ਸਿੰਘ ਨਾਂ ਦਾ ਇਕ ਸਥਾਨਕ ਆਦਮੀ 4 ਨਵੰਬਰ ਨੂੰ ਫੜਿਆ ਗਿਆ। ਜਦੋਂ ਉਸਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਸਮੇਂ ਉਸ ਕੋਲ ਪਸਤੌਲ ਸੀ, ਜਿਸ ਨਾਲ ਉਸਨੇ ਪੁਲਿਸ ਅਫਸਰਾਂ ਨੂੰ ਗੋਲੀਆਂ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ। ਉਸਦੇ ਤਿੰਨ ਕਾਰਤੂਸ ਚਲ ਨਾ ਸਕੇ ਪ੍ਰੰਤੂ ਜਿਹੜਾ ਚੌਥਾ ਚਲਿਆ ਉਹ ਨਿਸ਼ਾਨੇ ਤੋਂ ਉੱਕ ਗਿਆ। ਇਸ ਪਿੱਛੋਂ ਪ੍ਰੇਮ ਸਿੰਘ ਸਮੇਤ ਹੋਰਨਾਂ ਨੂੰ ਤੇਜ਼ੀ ਨਾਲ ਗ੍ਰਿਫਤਾਰ ਕਰ ਲਿਆ ਗਿਆ। ਪ੍ਰੇਮ ਸਿੰਘ ਨੂੰ ਉਸਦੇ ਘਰ ਦੇ ਨੇੜੇ ਹੀ ਸਿੱਖ ਜੱਟਾਂ ਨੇ ਫੜਾਇਆ। 15 ਦੋਸ਼ੀਆਂ ਵਿਚੋਂ ਪ੍ਰੇਮ ਸਿੰਘ, ਇੰਦਰ ਸਿੰਘ ਦੋਵਾਂ ਨੂੰ ਫਾਂਸੀ ਚੜਾਇਆ ਗਿਆ, ਪੰਜਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਹੋਈ ਪਰ ਛੇਆਂ ਨੂੰ ਬਰੀ ਕਰ ਦਿੱਤਾ ਗਿਆ। ਇੱਥੇ ਇਹ ਦੱਸਣ ਦੀ ਲੋੜ ਹੈ ਕਿ ਅਰੂੜ ਸਿੰਘ ਅਤੇ ਹਰਦਿੱਤ ਸਿੰਘ ਭਗੌੜੇ ਸਨ, ਪਰ ਬਾਕੀਆਂ ਉੱਤੇ ਸਪੈਸ਼ਲ ਟ੍ਰਿਬਿਊਨਲ ਵਿਚ ਮੁਕੱਦਮਾ ਚੱਲਿਆ। ਮਗਰੋਂ ਜਦੋਂ ਉਹ ਫੜੇ ਗਏ ਤਾਂ ਉਹਨਾਂ ਉੱਤੇ ਕਾਰਵਾਈ ਕੀਤੀ ਗਈ। ਪ੍ਰੇਮ ਸਿੰਘ ਇਹਨਾਂ ਦਾ ਅਜਿਹਾ ਲੀਡਰ ਨਹੀਂ ਸੀ ਕਿ ਸਾਰੇ ਮਾਮਲੇ ਦੀ ਕਾਰਵਾਈ ਉਸੇ ਦੇ ਹੀ ਹੱਥ ਵਿਚ ਸੀ। ਉਹ ਇਕ ਸਿਰਲੱਥ ਕਿਸਮ ਦਾ ਆਦਮੀ ਸੀ, ਪਰੰਤੂ ਕਿਸੇ ਹੱਦ ਤੱਕ ਖੁਣਸੀ ਵੀ ਸੀ। ਉਸਨੇ ਉਸ ਸਮੇਂ ਵੀ ਆਪਣੇ ਇਨਕਲਾਬੀ ਰਸਤੇ ਉੱਤੇ ਤੁਰਨ ਦੀ ਦ੍ਰਿੜਤਾ ਕਾਇਮ ਰੱਖੀ। ਜਦੋਂ ਉਸਦੇ ਸਾਥੀਆਂ ਦੇ ਸਾਰੇ ਮੁਖੀ ਫੜੇ ਜਾ ਚੁੱਕੇ ਸਨ ਤੇ ਰਹਿੰਦੇ ਨਿਰਾਸ਼ ਹੋ ਕੇ ਲਹਿਰ ਤੋਂ ਪਰੇ ਹੋ ਗਏ ਸਨ। ਅੰਤ ਉਸਦਾ ਆਪਣੇ ਹੀ ਕੁਨਬੇ ਦੇ ਬੰਦਿਆਂ ਦੁਆਰਾ ਫੜਿਆ ਜਾਣਾ ਕੋਈ ਛੋਟੀ ਗੱਲ ਨਹੀਂ।''

**(ਆਈ. ਮੌਂਗਰ, ਸਲੈਟਰੀ ਰਿਪੋਰਟ)**

# ਪਰਾਂ ਬਿਨਾਂ ਪਰਵਾਜ਼ ਕਰਨ ਵਾਲੇ ਪੰਛੀ

ਦੇਵਿੰਦਰ ਦੀਦਾਰ
91-98142-45911

ਬੱਚਿਆਂ ਨੂੰ ਪੈਦਾ ਕਰਨ ਤੋਂ ਪਹਿਲਾਂ ਮਾਂ-ਬਾਪ ਦੀਆਂ ਕਲਾਸਾਂ ਲੱਗਣੀਆਂ ਚਾਹੀਦੀਆਂ ਹਨ। ਰਹਿਣ-ਸਹਿਣ ਬਾਰੇ, ਘਰ-ਬਾਹਰ ਬਾਰੇ ਅਤੇ ਬੱਚਿਆਂ ਦੀ ਪਰਵਰਿਸ਼ ਬਾਰੇ, ਜਦੋਂ ਉਹਨਾਂ ਨੂੰ ਸਾਰਾ ਗਿਆਨ ਹੋ ਜਾਵੇ ਉਸ ਵਕਤ ਹੀ ਉਹਨਾਂ ਨੂੰ ਬੱਚੇ ਪੈਦਾ ਕਰਨ ਦੀ ਯਾਨੀ ਵਿਆਹ ਕਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਅੱਜ ਬੱਚਿਆਂ ਲਈ ਘਰ ਵੀ ਅਤੇ ਸਕੂਲ ਵੀ ਇਕ ਹਊਆ ਕਿਉਂ ਬਣ ਗਏ ਹਨ? ਇਹ ਸੋਚਣ ਵਾਲੀ ਗੱਲ ਹੈ। ਮਾਂ-ਬਾਪ ਦੇ ਝਗੜਿਆਂ ਕਾਰਨ ਘਰ ਟੁੱਟ ਰਹੇ ਹਨ ਅਤੇ ਬਚਪਨ ਰੁਲ ਰਿਹਾ ਹੈ। ਜੀਵਨ-ਜਾਚ ਬਿਨਾਂ ਹੀ ਅਸੀਂ ਜਿਉਂ ਰਹੇ ਹਾਂ। ਅਸੀਂ ਮੱਕੜੀ ਦੇ ਜਾਲੇ ਵਾਂਗ ਘਰੇਲੂ ਸਮਸਿਆਵਾਂ-ਝਗੜਿਆਂ ਵਿਚ ਫਸੇ, ਆਪਣੇ ਨਾ ਪਸੰਦ ਲੋਕਾਂ ਨਾਲ ਹੀ ਸਾਰੀ ਉਮਰ ਕੱਢ ਦੇਂਦੇ ਹਾਂ।

ਬੱਚਿਆਂ ਵਾਸਤੇ ਸਾਡੇ ਕੋਲ ਵਕਤ ਹੀ ਕਿਥੇ ਹੁੰਦੈ? ਪਹਿਲਾਂ ਆਯਾ, (ਬੱਚੇ ਨੂੰ ਸਾਂਭਣ ਵਾਲੀ ਔਰਤ) ਫਿਰ ਕਰੈਚ ਜਾਂ ਡੇ ਕੇਅਰ ਸੈਂਟਰ, ਫਿਰ ਸਕੂਲ ਤੇ ਕਾਲਜ। 'ਆਯਾ' ਕੋਲ ਬੱਚਿਆਂ ਨੂੰ ਸਾਂਭਣ ਦੀ ਕੋਈ ਟਰੇਨਿੰਗ ਨਹੀਂ ਹੁੰਦੀ, ਨਾ ਕੋਈ ਕੋਰਸ, ਨਾ ਕੋਈ ਪੜ੍ਹਾਈ। ਬੱਸ ਰੋਟੀ ਦੀ ਦੌੜ ਕਰਕੇ ਉਸ ਨੇ ਇਹ ਕੰਮ ਸਾਂਭਿਆ ਹੁੰਦੈ। ਕਰੈਚ ਜਾਂ ਡੇ ਕੇਅਰ ਸੈਂਟਰ ਵੀ ਲੋਕਾਂ ਨੇ ਆਪਣੇ ਘਰਾਂ ਵਿੱਚ ਹੀ ਖੋਲ੍ਹੇ ਹੁੰਦੇ ਹਨ। ਉਹ ਦੂਸਰੇ ਬੱਚਿਆਂ ਦੇ ਖਾਣੇ 'ਤੇ ਆਪਣੇ ਬੱਚੇ ਪਾਲਣ ਦਾ ਕੰਮ ਕਰਦੇ ਹਨ। ਸਕੂਲਾਂ ਵਿੱਚ ਵੀ ਜਿੰਨਾਂ ਚਿਰ ਮਾਂ-ਬਾਪ ਆਪਣੇ ਬੱਚਿਆਂ ਵੱਲ ਧਿਆਨ ਨਹੀਂ ਦੇਂਦੇ, ਸਿਰਫ ਸਕੂਲ ਦੀ ਪੜ੍ਹਾਈ ਨਾਲ ਬੱਚੇ ਨਹੀਂ ਪੜ੍ਹ ਸਕਦੇ। ਬੱਚੇ ਦੀ ਪਰਵਰਿਸ਼ ਵਿੱਚ ਘਰ ਤੋਂ ਬਾਅਦ ਸਕੂਲ ਦਾ ਸਭ ਤੋਂ ਵੱਧ ਯੋਗਦਾਨ ਹੁੰਦਾ ਹੈ।

ਪਰ ਸਾਡੇ ਚਾਰ ਚੁਫੇਰੇ ਖੁੱਲ੍ਹੇ ਇਹ ਮਾਡਰਨ ਸਕੂਲਾਂ ਵਿਚੋਂ ਕਿਹੜਾ ਸਕੂਲ ਚੰਗਾ ਹੈ? ਇਹ ਦੇਖ ਭਾਲ ਕੇ ਚੁਣ ਸਕਣ ਦਾ ਆਮ ਮਾਂ-ਬਾਪ ਕੋਲ ਵਕਤ ਹੀ ਕਿਥੇ ਹੁੰਦਾ? ਕੋਈ ਵੇਖ ਵੀ ਕੀ ਸਕਦੈ, ਵੱਡੀ ਇਮਾਰਤ ਹੀ ਵੱਡਾ ਸਕੂਲ ਨਹੀਂ ਹੁੰਦੀ। ਜਿਵੇਂ ਪਹਿਲਾਂ ਐਸ. ਟੀ. ਡੀ., ਪੀ. ਸੀ. ਓ. ਖੁੱਲ੍ਹੇ ਸਨ, ਫਿਰ ਮੈਰਿਜ ਪੈਲਸ ਧੜਾ-ਧੜ ਖੁੱਲ੍ਹ ਗਏ, ਅੱਜ ਉਸੇ ਸਪੀਡ ਨਾਲ ਹਰ ਤਰ੍ਹਾਂ ਦੇ ਸਕੂਲ-ਕਾਲਜ ਖੁੱਲ੍ਹ ਰਹੇ ਹਨ। ਕੋਈ ਭਾਵੇਂ ਕਿਸੇ ਵੀ ਕਾਰੋਬਾਰ ਨਾਲ ਸਬੰਧਤ ਹੋਵੇ, ਜਿਸ ਦਿਨ ਉਸ ਕੋਲ "ਕੁਝ ਵਾਧੂ" ਪੈਸਾ ਆ ਜਾਂਦਾ ਏ, ਉਹ ਸਕੂਲ-ਕਾਲਜ ਨੂੰ ਇਕ ਮੁਨਾਫੇਦਾਰ ਕਾਰੋਬਾਰ ਸਮਝ ਕੇ ਇਥੇ ਪੈਸੇ 'ਲਗਾ' ਦਿੰਦਾ ਹੈ। ਉਹਨਾਂ ਨੂੰ ਬੱਚਿਆਂ ਦੇ ਭਵਿੱਖ ਬਾਰੇ ਕੋਈ ਚਿੰਤਾ ਨਹੀਂ ਹੁੰਦੀ ਅਤੇ ਨਾ ਹੀ ਦੇਸ਼ ਦੇ ਭਵਿੱਖ ਬਾਰੇ ਉਹਨਾਂ ਨੇ ਕੁਝ ਸੋਚਣਾ ਹੁੰਦਾ? ਕਿ ਉਹ ਦੇਸ਼ ਨੂੰ ਕਿਸ ਤਰ੍ਹਾਂ ਦੀ ਪਨੀਰੀ ਦੇ ਰਹੇ ਹਨ, ਉਹਨਾਂ ਨੂੰ ਸਿਰਫ ਆਪਣੇ ਮੁਨਾਫੇ ਦੀ ਚਿੰਤਾ ਹੁੰਦੀ ਹੈ। ਜੇ ਏਨੇ ਪੈਸੇ ਉਹ ਕਿਸੇ ਸ਼ੇਅਰ ਬਜ਼ਾਰ ਵਿੱਚ ਜਾਂ ਕਿਧਰੇ ਹੋਰ ਲਗਾਉਂਦੇ ਤਾਂ ਉਸ ਨੂੰ ਕੀ ਮੁਨਾਫਾ ਹੋਣਾ ਸੀ ਜਾਂ ਕੀ ਬਚਣਾ ਸੀ ਅਤੇ ਅੱਜ ਸਕੂਲ ਕਾਲਜ 'ਚੋਂ ਕੀ ਬਚ ਰਿਹਾ ਹੈ?

ਅਸੀਂ ਬੱਚੇ ਨੂੰ ਵਧੀਆ ਯੂਨੀਫਾਰਮ ਵਿੱਚ, ਟਾਈ-ਬੈਲਟ, ਬੂਟ-ਜੁਰਾਬਾਂ ਵਿੱਚ ਫੱਬਿਆ ਵੇਖ ਕੇ ਖੁਸ਼ ਹੋ ਜਾਂਦੇ ਹਾਂ। ਪਰ ਉਸ ਨੂੰ ਪੜ੍ਹਾਉਣ ਵਾਲੇ ਟੀਚਰ ਕੌਣ ਹਨ? ਉਹਨਾਂ ਨੂੰ ਕੀ ਤਨਖਾਹ ਮਿਲਦੀ ਹੈ? ਉਹਨਾਂ ਕੋਲ ਕੀ ਡਿਗਰੀ ਹੈ? ਉਹ ਟੀਚਰ ਬੱਚਿਆਂ ਵੱਲ ਜ਼ਿਆਦਾ ਧਿਆਨ ਦੇਂਦੇ ਹਨ ਜਾਂ ਆਪਣੀਆਂ ਟਿਊਸ਼ਨਾਂ ਵੱਲ? ਇਸ ਬਾਰੇ ਅਸੀਂ ਕਦੀ ਸੋਚਣ ਦੀ ਤਕਲੀਫ ਨਹੀਂ ਕੀਤੀ, ਸਗੋਂ ਅਸੀਂ ਖੁਦ ਵੀ ਉਹਨਾਂ ਨੂੰ ਆਪਣੇ ਬੱਚੇ ਦੀ ਟਿਊਸ਼ਨ ਰੱਖਣ ਦੀ ਬੇਨਤੀ ਕਰਦੇ ਹਾਂ, ਢੇਰ ਸਾਰੀ ਫ਼ੀਸ ਦੇ ਕੇ ਵੀ ਜੇ ਅਸੀਂ ਟਿਊਸ਼ਨ ਹੀ ਰੱਖਣੀ ਹੈ ਜਾਂ ਸਕੂਲੋਂ ਘਰ ਆਏ ਬੱਚੇ ਨਾਲ ਮੱਥਾ-ਮੱਚੀ ਕਰਨੀ ਹੈ ਤਾਂ ਏਨੀਆਂ ਫੀਸਾਂ ਦੇਣ ਦਾ ਕੀ ਫਾਇਦਾ?

ਹਰ ਮਾਂ-ਬਾਪ ਆਪਣੇ ਬੱਚੇ ਨੂੰ ਡੀ.ਸੀ., ਡਾਕਟਰ ਜਾਂ ਇੰਜੀਨੀਅਰ ਵੇਖਣ ਦੇ ਹੀ ਸੁਪਨੇ ਲੈਂਦਾ ਹੈ, ਇਸ ਲਈ ਉਹ ਆਪਣੀ ਆਮਦਨ ਅਤੇ ਹੈਸੀਅਤ ਵੇਖੇ ਬਗੈਰ ਆਪਣੇ ਅਤੇ ਆਪਣੇ ਬੱਚੇ ਦੇ 'ਮੇਚੇ' ਤੋਂ ਵੱਡੇ ਸਕੂਲ ਵਿਚ ਬੱਚੇ ਦਾ ਦਾਖਲਾ ਕਰਵਾਉਂਦਾ ਹੈ। ਫੇਰ ਜਿਵੇਂ ਕੋਈ ਦੌੜਾਕ ਪਹਿਲੇ ਦੋ-ਤਿੰਨ ਚੱਕਰ ਤੇਜ਼ ਲਾ ਲਵੇਗਾ ਤਾਂ ਚੌਥੇ-ਪੰਜਵੇਂ ਚੱਕਰ ਵਿਚ ਹਫ਼ ਕੇ ਟਰੈਕ ਤੋਂ ਬਾਹਰ ਹੋ ਜਾਂਦਾ ਹੈ। ਇਸੇ ਤਰ੍ਹਾਂ ਇਹਨਾਂ ਸਕੂਲਾਂ ਵਿੱਚ ਇਕ-ਦੋ ਸਾਲ ਬੱਚੇ 90-95 ਫੀਸਦੀ ਨੰਬਰ ਲੈ ਲੈਂਦੇ ਹਨ, ਫਿਰ ਜਿਵੇਂ-ਜਿਵੇਂ ਜਮਾਤਾਂ ਵਧਦੀਆਂ ਜਾਂਦੀਆਂ ਹਨ, ਇਕ ਤੋਂ ਬਾਅਦ ਦੂਸਰਾ ਅਤੇ ਦੂਸਰੇ ਤੋਂ ਬਾਅਦ ਤੀਸਰਾ, ਸਕੂਲਾਂ ਦਾ ਦਰਜਾ ਘੱਟਦਾ ਜਾਂਦਾ ਹੈ ਅਤੇ ਅਖੀਰ ਤੇ ਅੱਠਵੀਂ ਜਾਂ ਵੱਧ ਤੋਂ ਵੱਧ ਦਸਵੀਂ ਜਮਾਤ ਸਰਕਾਰੀ ਸਕੂਲਾਂ 'ਚੋਂ ਹੀ ਕਰਨੀ ਪੈਂਦੀ ਹੈ। ਅਸਲ ਵਿੱਚ ਬੱਚੇ ਦੀ ਮਾਨਸਿਕਤਾ ਸਕੂਲ ਅਤੇ ਘਰ ਦੇ ਮਾਹੌਲ ਵਿੱਚ ਇਕਸਾਰਤਾ ਨਹੀਂ ਰੱਖ ਸਕਦੀ। ਉਹ ਅੰਗਰੇਜ਼ੀ ਸਕੂਲ ਅਤੇ ਪੰਜਾਬੀ ਘਰ ਦੇ ਦੋ ਪੁੜਾਂ ਵਿਚ ਪਿਸ ਕੇ ਰਹਿ ਜਾਂਦਾ ਹੈ।

ਇਹਨਾਂ ਸਕੂਲਾਂ ਵਿੱਚ ਅਮੀਰ ਬੱਚਿਆਂ ਦੀ ਸੰਗਤ ਆਮ ਬੱਚਿਆਂ ਦੇ ਸੁਪਨੇ ਏਨੇ ਰੰਗੀਨ ਕਰ ਦਿੰਦੀ ਹੈ ਕਿ ਉਸ ਬਾਅਦ ਉਹ ਨਾ ਤਾਂ ਪੜ੍ਹਨ ਜੋਗੇ ਰਹਿੰਦੇ ਹਨ ਅਤੇ ਨਾ ਹੀ ਕਿਸੇ ਕੰਮ ਕਾਰ ਜੋਗੇ। ਉਹ ਮਾਂ-ਬਾਪ ਜਿੰਨ੍ਹਾ ਕਰਜ਼ਾ ਲੈ ਲੈ, ਫਾਕੇ ਕੱਟ-ਕੱਟ ਕੇ, ਜ਼ਮੀਨਾਂ ਗਹਿਣੇ ਪਾ ਪਾ, ਪਿੰਡਾਂ ਤੋਂ ਸ਼ਹਿਰਾਂ ਵਿੱਚ ਰਹਿ ਰਹਿ ਕੇ ਬੱਚਿਆਂ ਨੂੰ ਉੱਚੀਆਂ ਪਦਵੀਆਂ ਤੇ ਵੇਖਣ ਦੇ ਸੁਪਨੇ ਲਏ ਹੁੰਦੇ ਹਨ। ਉਹਨਾਂ ਦੇ ਸੁਪਨੇ ਕਿਵੇਂ ਕਤਰਾ ਕਤਰਾ ਹੋ ਕੇ ਖਿਲਰਦੇ ਹਨ, ਇਹ ਉਹਨਾਂ ਦੀਆਂ ਅੱਖਾਂ ਹੀ ਜਾਣਦੀਆਂ ਹਨ, ਫੇਰ ਉਪਰ ਕਹੇ ਵਾਂਗ ਚੌਥੇ-ਪੰਜਵੇਂ ਚੱਕਰ ਵਿੱਚ ਹੀ ਬੱਚਾ ਅਤੇ ਮਾਂ-ਬਾਪ ਦੋਵੇਂ ਹੀ ਹਫ ਕੇ ਪੜ੍ਹਾਈ ਵਾਲੇ ਟਰੈਕ ਚੋਂ ਬਾਹਰ ਆ ਜਾਂਦੇ ਹਨ।

ਜੇ ਅਸੀਂ ਪਹਿਲਾਂ ਹੀ ਬੱਚਿਆਂ ਦੀ ਤੇ ਆਪਣੀ ਹੈਸੀਅਤ ਮੁਤਾਬਿਕ ਸਕੂਲ ਚੁਣਿਆ ਹੋਵੇ, ਉਸ ਦਿਸ਼ਾ ਹੀਣ ਦੌੜ ਤੋਂ ਬੱਚੇ ਨੂੰ ਬਚਾਇਆ ਹੋਵੇ। ਸਕੂਲੋਂ ਆਏ ਬੱਚੇ ਦਾ ਹੋਮਵਰਕ ਵੇਖਿਆ ਹੋਵੇ, ਉਸ ਦੀ ਸੰਗਤ ਤੇ ਥੋੜ੍ਹੀ ਬਹੁਤ ਨਜ਼ਰ ਰੱਖੀ ਹੋਵੇ, ਉਸ ਦੀਆਂ ਖਾਹਿਸ਼ਾਂ ਅਤੇ ਉਡਾਰੀਆਂ ਦਾ ਰਿਮੋਟ ਆਪਣੇ ਹੱਥ ਰੱਖਿਆ ਹੋਵੇ ਤਾਂ ਸ਼ਾਇਦ ਸਾਨੂੰ ਏਨਾ ਨਾ ਪਛਤਾਉਣਾ ਪਵੇ। ਜ਼ਿਆਦਾਤਰ ਬੱਚੇ ਜੋ ਉੱਚ ਪਦਵੀਆਂ ਤੇ ਜਾਂਦੇ ਹਨ, ਉਹ ਸਧਾਰਨ ਸਰਕਾਰੀ ਸਕੂਲਾਂ-ਕਾਲਜਾਂ ਦੇ ਹੀ ਪੜ੍ਹੇ ਹੁੰਦੇ ਹਨ। ਜਦੋਂ ਅਸੀਂ ਬੱਚੇ ਨੂੰ ਉਸ ਦੇ ਚੁੱਕਣ ਜੋਗਾ ਹੀ ਭਾਰ ਚੁਕਵਾਂਗੇ ਤਾਂ ਉਹ ਉਸ ਨੂੰ ਦੂਰ ਤੱਕ ਲੈ ਜਾਣ ਵਿੱਚ ਸਫਲ ਹੋਵੇਗਾ। ਪਰ ਜਦੋਂ ਅਸੀਂ ਉਸਦੀ ਕਾਬਲੀਅਤ ਤੋਂ ਵੱਧ ਭਾਰ ਚੁਕਵਾਂਗੇ ਤਾਂ ਉਹ ਕਿੰਨੀ ਕੁ ਦੂਰ ਤੱਕ ਲੈ ਜਾਵੇਗਾ? ਅਸੀਂ ਸ਼ਾਇਦ ਹੀ ਕਦੀ ਬੱਚੇ ਦੀ ਮਾਨਸਿਕ ਤੇ ਸਰੀਰਕ ਯੋਗਤਾ ਦਾ ਖਿਆਲ ਰੱਖਿਆ ਹੋਵੇ? ਅਸੀਂ ਜ਼ਿਆਦਾ ਤਰ ਆਪਣੀ ਪਸੰਦ ਦੇ ਸਕੂਲ ਵਿੱਚ, ਆਪਣੇ ਸਮਾਜਿਕ ਰੁਤਬੇ ਨੂੰ ਵਧਾਉਣ ਲਈ, ਬੱਚੇ ਦੀ ਮਾਨਸਿਕ ਯੋਗਤਾ ਤੋਂ ਵੱਧ ਪੜ੍ਹਨ ਲਈ ਮਜਬੂਰ ਕਰਦੇ ਹਾਂ। ਸੁਪਨੇ ਵੇਖਣ ਦਾ ਹਰ ਇਕ ਨੂੰ ਹੱਕ ਹੈ, ਪਰ ਆਪਣੇ ਹੱਥਾਂ ਜਿੱਡਾ ਬੁੱਕ ਭਰੋਗੇ ਤਾਂ ਕੁੱਝ ਪੱਲੇ ਪਵੇਗਾ, ਨਹੀਂ ਤਾਂ ਸਭ ਕੁਝ ਕਿਰ ਜਾਵੇਗਾ, ਪਰ ਸਾਡੀ ਭੁੱਖ ਹੀ ਇਸ ਤਰ੍ਹਾਂ ਵਧ ਗਈ ਹੈ ਕਿ ਅਸੀਂ ਕੇਰ ਭਾਵੇਂ ਸਾਰਾ ਦਈਏ, ਬੁੱਕ ਅਸੀਂ ਆਪਣੇ ਹੱਥਾਂ ਤੋਂ ਵੱਡਾ ਹੀ ਭਰਨ ਦੀ ਕੋਸ਼ਿਸ਼ ਕਰਨੀ ਹੁੰਦੀ ਹੈ।

ਅੱਜ ਕੱਲ੍ਹ ਸੱਚ ਮੁੱਚ ਹੀ ਬੱਚਿਆਂ ਨੂੰ ਬੰਦ ਕਮਰਿਆਂ ਵਿਚ ਪਾਲਣ ਦਾ ਜ਼ਮਾਨਾ ਆ ਗਿਆ ਹੈ। ਸਾਡੇ ਚੁਫੇਰੇ ਗੰਦਾ ਪ੍ਰਦੂਸ਼ਣ ਭਰਿਆ ਮਹੌਲ ਹੈ, ਸਾਡਾ ਆਂਢ-ਗੁਆਂਢ ਅਤੇ ਘਰਾਂ ਵਿਚ ਹੋ ਰਹੇ ਕਲੇਸ਼, ਸਮਾਜ ਵਿਚ ਹੋ ਰਹੀਆਂ ਬੇ-ਇਨਸਾਫ਼ੀਆਂ ਸਰਕਾਰੀ ਅਤੇ ਗੈਰ-ਸਰਕਾਰੀ ਦਫਤਰਾਂ 'ਚ ਫੈਲ ਰਿਹਾ ਭਰਿਸ਼ਟਾਚਾਰ, ਕੀ ਆਪਣੇ ਵਿਚ ਮਸਤ, ਅਸੀਂ ਇਸ ਤੋਂ ਬੇਖ਼ਬਰ ਰਹਿ ਸਕਦੇ ਹਾਂ? ਇਹ ਸਭ ਸਾਡੇ ਸਮਾਜ 'ਤੇ ਸਾਡੇ ਪਰਿਵਾਰ 'ਤੇ ਅਤੇ ਸਾਡੇ ਬੱਚਿਆਂ 'ਤੇ ਕੀ ਅਸਰ ਪੈ ਰਿਹਾ ਹੈ? ਕੀ ਅਸੀਂ ਸਾਰੇ ਇਸ ਮਾਹੌਲ ਵਿਚ ਸੁਰੱਖਿਅਤ ਹਾਂ?



ਸਾਡੇ ਸੁਚੇਤ ਮਨ ਤੇ ਭਾਵੇਂ ਇਸ ਚੌਗਿਰਦੇ ਦਾ, ਇਹਨਾਂ ਘਟਨਾਵਾਂ ਦਾ ਅਸਰ ਘੱਟ ਹੋਵੇ, ਪਰ ਬੱਚਿਆਂ ਦੇ ਅਚੇਤ ਮਨ 'ਤੇ ਇਹ ਸਭ ਬਹੁਤ ਅਸਰ ਕਰਦਾ ਹੈ। ਆਮ ਹੀ ਅਸੀਂ ਇਹ ਵੇਖਦੇ ਹਾਂ ਕਿ ਅਸੀਂ ਆਪਣੇ ਗੁਆਂਢੀ ਜਾਂ ਵਾਕਿਫ਼ਕਾਰ ਬਾਰੇ ਕੋਈ ਮਾੜੀ ਗੱਲ ਕਰਾਂਗੇ ਤਾਂ ਅਸੀਂ ਭਾਵੇਂ ਉਹ ਗੱਲ ਕਰਕੇ ਭੁੱਲ ਜਾਈਏ, ਪਰ ਉਸ ਗੱਲ ਨੂੰ ਸੁਣ ਰਿਹਾ ਸਾਡਾ ਬੱਚਾ ਹਮੇਸ਼ਾਂ ਲਈ ਉਸ ਆਂਟੀ ਨੂੰ 'ਗੰਦੀ ਆਂਟੀ' ਅਤੇ ਉਸ ਅੰਕਲ ਨੂੰ 'ਗੰਦੇ ਅੰਕਲ' ਦਾ ਪੱਕਾ ਖ਼ਿਤਾਬ ਦੇ ਦੇਵੇਗਾ। ਬੱਚੇ ਦਾ ਜ਼ਿਹਨ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਨਹੀਂ ਭੁੱਲਦਾ, ਸਗੋਂ ਆਪਣੇ ਦਿਮਾਗ ਦੇ ਕੰਪਿਊਟਰ ਵਿੱਚ ਪੱਕੀ ਤਰ੍ਹਾਂ "ਸੇਵ" ਕਰ ਲਵੇਗਾ।

ਆਮ ਵੇਖਣ ਵਿਚ ਆਇਆ ਹੈ ਕਿ ਸਕੂਲ ਦਾ ਅਧਿਆਪਕ ਸਾਨੂੰ ਕਦੇ ਨਹੀਂ ਭੁੱਲਦਾ, ਭਾਵੇਂ ਅਸੀਂ ਕਿਸੇ ਵੀ ਉਮਰ ਵਿੱਚ ਪਹੁੰਚ ਜਾਈਏ, ਆਪਣੇ ਪ੍ਰਾਇਮਰੀ ਸਕੂਲ ਟੀਚਰ ਦੀ ਤਸਵੀਰ ਸਾਰੀ ਉਮਰ ਸਾਡੀ ਯਾਦ ਵਿਚ ਮਹਿਫੂਜ਼ ਰਹਿੰਦੀ ਹੈ। ਜਵਾਨੀ ਦੀਆਂ ਘਟਨਾਵਾਂ ਭਾਵੇਂ ਭੁੱਲ ਜਾਈਏ, ਪਰ ਬਚਪਨ ਦੀਆਂ ਸੁਣੀਆਂ ਕਹਾਣੀਆਂ ਲੋਕ ਕਥਾਵਾਂ, ਵੇਖੇ ਮੇਲੇ ਅਤੇ ਰਾਸਾਂ ਸਦਾ ਸਾਡੇ ਜ਼ਿਹਨ ਵਿੱਚ ਭਰੀਆਂ ਰਹਿੰਦੀਆਂ ਹਨ।

ਇਕ ਹੋਰ ਗੱਲ ਜੋ ਅਸੀਂ ਹਰ ਰੋਜ਼ ਵੇਖਦੇ ਹਾਂ, ਸ਼ਹਿਰਾਂ ਜਾਂ ਪਿੰਡਾਂ ਦੀਆਂ ਚੰਗੀਆਂ ਸੁਸਾਇਟੀਆਂ ਵਿਚ ਰਹਿੰਦੇ ਦੋ ਬੱਚੇ ਜੇ ਕਦੇ ਝਗੜ ਪੈਣ ਤਾਂ ਉਹ ਇਕ ਦੂਸਰੇ ਨੂੰ 'ਗੰਦਾ', 'ਕੁੱਤਾ' ਜਾਂ ਵੱਧ ਤੋਂ ਵੱਧ 'ਡੌਂਕੀ' 'ਮੌਂਕੀ' ਕਹਿਣਗੇ। ਪਰ ਇਸੇ ਉਮਰ ਦੇ ਬੱਚੇ ਜੋ ਮਾੜੇ ਚੌਗਿਰਦੇ ਵਿੱਚ ਵੱਸਦੇ ਹੋਣ, ਉਹ ਝਗੜਨ ਬਾਅਦ ਇਸ ਤਰ੍ਹਾਂ ਦੀਆਂ ਗਾਲ੍ਹਾਂ ਇਕ ਦੂਸਰੇ ਨੂੰ ਕੱਢਣਗੇ ਜੋ 'ਲਿਮਕਾ ਬੁੱਕ ਆਫ ਰਿਕਾਰਡ' ਵਿੱਚ ਦਰਜ ਕਰਨ ਵਾਲੀਆਂ ਹੁੰਦੀਆਂ ਹਨ।

ਮਾਂ-ਬਾਪ ਦਾ ਪਿਛੋਕੜ, ਉਹਨਾਂ ਦਾ ਪੜ੍ਹਿਆ ਲਿਖਿਆ ਹੋਣਾ ਬੱਚੇ ਦੀ ਪਰਵਰਿਸ਼ ਲਈ ਬਹੁਤ ਹੀ ਜ਼ਰੂਰੀ ਸਮਝਿਆ ਜਾਂਦਾ ਹੈ। ਇਕ ਘਟਨਾ ਦਾ ਜ਼ਿਕਰ ਕਰਨਾ ਇਥੇ ਜ਼ਰੂਰੀ ਲੱਗਦਾ ਹੈ। ਮੈਂ ਬੱਸ ਤੇ ਸਫਰ ਕਰ ਰਿਹਾ ਸਾਂ। ਮੇਰੇ ਤੋਂ ਅਗਲੀ ਸੀਟ ਤੇ ਇਕ ਨੌਜਵਾਨ ਔਰਤ ਆਪਣੇ ਦੋ ਕੁ ਸਾਲ ਦੇ ਬੱਚੇ ਨਾਲ ਬੈਠੀ ਹੋਈ ਸੀ। ਉਹ ਆਪਣੇ ਬੱਚੇ ਨੂੰ ਮਾੜੀ ਜਿਹੀ ਪਟੋਕੀ ਮਾਰੇ ਅਤੇ ਅੱਗੋਂ ਬੱਚਾ ਆਪਣੀ ਤੋਤਲੀ ਜਿਹੀ ਜ਼ੁਬਾਨ ਨਾਲ ਏਡੀ ਜ਼ਬਰਦਸਤ ਗਾਲ੍ਹ ਕੱਢੇ ਕਿ ਸੁਣਨ ਵਾਲੇ ਨੂੰ ਯਕੀਨ ਨਹੀਂ ਸੀ ਹੁੰਦਾ ਕਿ ਇਹ ਗਾਲ੍ਹਾਂ ਕੋਈ ਬੱਚਾ ਕੱਢ ਰਿਹਾ ਹੈ। ਕੁਝ ਹੀ ਪਲਾਂ ਵਿੱਚ ਉਹ ਮਾਂ-ਪੁੱਤ ਬੱਸ ਦੀਆਂ ਸਵਾਰੀਆਂ ਦੀ ਖਿੱਚ ਦਾ ਕੇਂਦਰ ਬਣ ਗਏ, ਉਹ ਔਰਤ ਪਟੋਕੀ ਮਾਰੇ, ਉਹ ਬੱਚਾ ਅੱਗੋਂ ਗਾਲ੍ਹ ਕੱਢੇ ਤੇ ਔਰਤ ਖਿੜ-ਖਿੜਾ ਕੇ ਹੱਸ ਪਵੇ, ਜਿਵੇਂ ਉਸ ਦਾ ਪੁੱਤਰ ਕੋਈ ਬਹੁਤ ਵੱਡੀ ਪ੍ਰਾਪਤੀ ਕਰ ਰਿਹਾ ਹੋਵੇ। ਮੈਂ ਉਸ ਔਰਤ ਨੂੰ ਕੁਝ ਸਮਝਾਉਣਾ ਚਾਹਿਆ ਪਰ ਹੌਸਲਾ ਨਾ ਕਰ ਸਕਿਆ ਕਿ ਜੇ ਪੁੱਤ ਇਸ ਤਰ੍ਹਾਂ ਦੀਆਂ ਗਾਲ੍ਹ ਕੱਢ ਰਿਹਾ ਹੈ ਤਾਂ ਮਾਂ ਵੀ ਕਿਧਰੇ ਗਾਲ੍ਹਾਂ 'ਤੇ ਨਾ ਆ ਜਾਵੇ। ਕਾਫੀ ਦੇਰ ਇਹ ਘਟਨਾ ਮੇਰੇ ਦਿਮਾਗ ਤੇ ਸਵਾਰ ਰਹੀ ਕਿ ਅਸੀਂ ਅਨਜਾਣੇ ਵਿਚ ਹੀ ਆਪਣੇ ਬੱਚਿਆਂ ਨੂੰ ਕੀ ਕੁਝ ਗਲਤ ਸਿਖਾ ਜਾਂਦੇ ਹਾਂ। ਲਾਡ ਲਾਡ ਵਿਚ ਹੀ ਅਸੀਂ ਬੱਚੇ ਦੀਆਂ ਆਦਤਾਂ ਵਿਗਾੜ ਦਿੰਦੇ ਹਾਂ। ਬੱਚੇ ਨੂੰ ਛੋਟਾ ਜਾਂ ਨਿਆਣਾ ਸਮਝ ਕੇ ਕਈ ਵਾਰ ਅਸੀਂ ਉਹ ਗੱਲਾਂ ਜਾਂ ਹਰਕਤਾਂ ਬੱਚਿਆਂ ਸਾਹਮਣੇ ਕਰ ਜਾਂਦੇ ਹਾਂ ਜੋ ਸਾਰੀ ਉਮਰ ਬੱਚਿਆਂ ਤੇ ਅਸਰ ਛੱਡ ਜਾਂਦੀਆਂ ਹਨ। ਬੱਚੇ ਦਾ ਜ਼ਿਹਨ ਉਸ ਦੇ ਚੌਗਿਰਦੇ ਮੁਤਾਬਿਕ ਹੀ ਵਧਦਾ ਹੈ ਅਤੇ ਮਾਹੌਲ ਮੁਤਾਬਿਕ ਹੀ ਬੱਚੇ ਦੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ।

ਗੱਲ ਸਕੂਲ ਦੀ ਚੱਲ ਰਹੀ ਸੀ, ਇਹ ਜ਼ਰੂਰੀ ਨਹੀਂ ਕਿ ਸਾਰੇ ਖੁੱਲ੍ਹੇ ਪ੍ਰਾਈਵੇਟ ਸਕੂਲ ਹੀ ਵੱਡੀ ਦੁਕਾਨ ਤੇ ਫਿੱਕਾ ਪਕਵਾਨ ਹਨ, ਕੁਝ ਵਧੀਆ ਸਕੂਲ ਵੀ ਹਨ ਜਿੰਨਾ ਨੇ ਵਧੀਆ ਸਟਾਫ ਚੰਗੀ ਤਨਖਾਹ 'ਤੇ ਰੱਖਿਆ ਹੋਇਆ ਹੈ, ਪੜ੍ਹਾਈ ਵੀ ਠੀਕ ਠਾਕ ਕਰਵਾਉਂਦੇ ਹਨ, ਹਰ ਸਾਲ ਮੈਰਿਟਾਂ ਵੀ ਆਉਂਦੀਆਂ ਹਨ, ਉਹਨਾਂ ਸਕੂਲਾਂ ਦੇ ਬੱਚੇ ਡਾਕਟਰ, ਇੰਜੀਨੀਅਰ, ਆਈ.ਏ.ਐਸ. ਤੇ ਆਈ.ਪੀ.ਐਸ. ਵੀ ਬਣਦੇ ਹਨ। ਉਹ ਦਾਖਲੇ ਵੇਲੇ ਸਮਝੌਤਾ ਨਹੀਂ ਕਰਦੇ। ਪੇਪਰਾਂ ਵਿੱਚ ਨਕਲ ਵੀ ਨਹੀਂ ਕਰਵਾਉਂਦੇ। ਪਰ ਇਸ ਤਰ੍ਹਾਂ ਦੇ ਸਕੂਲ ਕਿੰਨੇ ਕੁ ਹਨ। ਜ਼ਿਆਦਾਤਰ ਸਕੂਲ ਤਾਂ ਵਧੀਆ ਨਤੀਜੇ ਅਤੇ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਰਹਿੰਦੇ ਹਨ। ਉਹਨਾਂ ਦਾ ਸਿਰਫ ਇਕੋ ਇਕ ਉਦੇਸ਼ ਹੁੰਦਾ ਹੈ, ਪੈਸਾ। ਫੀਸ ਤੋਂ ਇਲਾਵਾ, ਕਾਪੀਆਂ-ਕਿਤਾਬਾਂ ਵਿੱਚੋਂ ਪੈਸੇ, ਯੂਨੀਫਾਰਮ ਵਿਚੋਂ ਪੈਸੇ, ਆਵਾਜਾਈ ਦੇ ਸਾਧਨਾਂ 'ਚੋਂ ਪੈਸੇ, ਮਹੀਨੇ ਦੋ ਮਹੀਨੇ ਬਾਅਦ ਕੋਈ ਨਾ ਕੋਈ ਫੰਕਸ਼ਨ ਰੱਖ ਕੇ ਪ੍ਰਤੀ ਬੱਚਾ ਉਗਰਾਹੀ ਵੱਖਰੀ। ਜੇ ਕਿਸੇ ਨੂੰ ਮੁੱਖ ਮਹਿਮਾਨ ਬਣਾਉਣਾ ਤਾਂ ਉਸ ਤੋਂ ਡੋਨੇਸ਼ਨ ਵੱਖਰੀ। ਇਸ ਤਰ੍ਹਾਂ ਦੇ ਸਕੂਲਾਂ ਵਿੱਚ ਟੀਚਰ ਵੀ ਜ਼ਿਆਦਾ ਨਹੀਂ ਟਿਕਦੇ, ਲੜਕੀਆਂ ਸ਼ਾਦੀ ਹੋਣ ਤੱਕ ਤੇ ਲੜਕੇ ਸਰਕਾਰੀ ਨੌਕਰੀ ਮਿਲਣ ਤੱਕ ਹੀ ਸਕੂਲ ਵਿੱਚ ਟਿਕਦੇ ਹਨ। ਜਦੋਂ ਸਾਲ ਵਿੱਚ ਬੱਚੇ ਦੇ ਦੋ ਤਿੰਨ ਟੀਚਰ ਬਦਲ ਜਾਣ ਤਾਂ ਬੱਚੇ ਨੇ ਕੀ ਪੜ੍ਹਨਾ ਹੁੰਦਾ ਹੈ?

ਕਦੀ ਜ਼ਮਾਨਾ ਸੀ ਸਕੂਲਾਂ ਨੂੰ ਵਪਾਰ ਨਹੀਂ, ਮੰਦਿਰ-ਗੁਰਦੁਆਰਿਆਂ ਵਾਂਗ ਪੂਜਣ ਯੋਗ ਥਾਂ ਸਮਝਿਆ ਜਾਂਦਾ ਸੀ। ਕੁਝ ਅਗਾਂਹ ਵਧੂ ਸੋਚ ਦੇ ਮਾਲਕ ਲੋਕ ਇਕੱਠੇ ਹੁੰਦੇ, ਜ਼ਮੀਨਾਂ ਦਾਨ ਕਰਦੇ, ਉਗਰਾਹੀ ਕਰਕੇ ਕਮਰੇ ਉਸਾਰਦੇ ਤਾਂ ਫਿਰ ਜਾ ਕੇ ਸਕੂਲ ਹੋਂਦ ਵਿੱਚ ਆਉਂਦਾ। ਟੀਚਰ ਵੀ ਏਨੇ ਸਮਰਪਤ ਹੁੰਦੇ ਸਨ ਕਿ ਉਹ ਸਿਰਫ ਤਨਖਾਹਾਂ ਕਰਕੇ ਹੀ ਨਹੀਂ ਸਨ ਪੜ੍ਹਾਉਂਦੇ ਜੇ ਕਿਸੇ ਮਹੀਨੇ ਤਨਖਾਹ ਨਾ ਵੀ ਮਿਲਦੀ ਤਾਂ ਕੋਈ ਜ਼ਿਆਦਾ ਫ਼ਰਕ ਮਹਿਸੂਸ ਨਹੀਂ ਸੀ ਕਰਦੇ। ਕਮਜ਼ੋਰ ਬੱਚਿਆਂ ਨੂੰ ਸਕੂਲ ਟਾਈਮ ਤੋਂ ਬਾਅਦ ਅਤੇ ਅੱਠਵੀਂ ਦਸਵੀਂ ਦੀਆਂ ਕਲਾਸਾਂ ਨੂੰ ਸਕੂਲਾਂ ਵਿੱਚ ਰਾਤਾਂ ਨੂੰ ਰੱਖ ਕੇ ਮੁਫਤ ਟਿਊਸ਼ਨਾਂ ਪੜ੍ਹਾਈਆਂ ਜਾਂਦੀਆਂ ਸਨ। ਟੀਚਰਾਂ ਨੂੰ 'ਗੁਰੂਆਂ' ਦਾ ਦਰਜਾ ਦਿੱਤਾ ਜਾਂਦਾ ਸੀ ਅਤੇ ਸਾਰਾ ਸਮਾਜ ਉਹਨਾਂ ਦੀ ਪੂਰੀ ਇੱਜ਼ਤ ਕਰਦਾ ਸੀ। ਵਿਦਿਆਰਥੀ ਵੀ ਅੱਜ ਵਰਗੇ ਨਹੀਂ ਸਨ ਹੁੰਦੇ, ਉਹ ਆਪਣੇ ਟੀਚਰਾਂ ਦੀ ਹਰ ਬਜ਼ੁਰਗ ਦੀ ਇੱਜ਼ਤ ਕਰਦੇ ਸਨ, 'ਜੀ' 'ਜੀ' ਵਾਲੀ ਬੋਲੀ ਵਾਲੇ ਬੱਚੇ ਹੀ ਜ਼ਿਆਦਾ ਹੁੰਦੇ ਸਨ, ਜੋ ਜ਼ਿੰਦਗੀ ਦੇ ਹਰ ਵਰਗ ਵਿਚ ਸੁਭਾਵਿਕ ਹੀ ਘੁਲ ਮਿਲ ਜਾਂਦੇ ਸਨ। ਪਰ ਅੱਜ ਦੇ ਸਕੂਲ ਵਿਚੋਂ ਜ਼ਿਆਦਾਤਰ ਉਹ ਪੁਰਜ਼ੇ ਬਣ ਬਣ ਨਿਕਲ ਰਹੇ ਹਨ ਜੋ ਸਮਾਜ ਦੀ ਕਿਸੇ ਵੀ ਮਸ਼ੀਨ ਵਿੱਚ ਫਿੱਟ ਨਹੀਂ ਹੋ ਰਹੇ।

ਪਹਿਲੇ ਟੀਚਰਾਂ ਦਾ ਪੜ੍ਹਾਉਣ ਦਾ ਤਰੀਕਾ ਵੀ ਅਲੱਗ ਹੀ ਸੀ, ਉਹ ਸਿਰਫ ਸਿਲੇਬਸ ਤੱਕ ਸੀਮਤ ਨਹੀਂ ਸੀ ਰਹਿੰਦੇ। ਪੜ੍ਹਾਈ ਦੇ ਨਾਲ ਨਾਲ ਕਈ ਤਰ੍ਹਾਂ ਦੀਆਂ ਕਥਾ-ਕਹਾਣੀਆਂ ਨਾਲ ਬੱਚਿਆਂ ਦਾ ਪੜ੍ਹਾਈ ਵਿੱਚ ਦਿਲਚਸਪੀ ਪੈਦਾ ਕਰਨੀ ਵੀ ਉਹਨਾਂ ਦਾ ਇਕ ਹੁਨਰ ਹੁੰਦਾ ਸੀ। ਸਾਡੇ ਇਕ ਟੀਚਰ ਹੁੰਦੇ ਸਨ ਸ੍ਰੀ ਦੇਵੀ ਦੱਤ, ਉਹ ਹਮੇਸ਼ਾਂ ਆਖਦੇ ਹੁੰਦੇ ਸਨ "ਬੱਚੇ ਨੂੰ ਉਸ ਦੀਆਂ ਊਣਤਾਈਆਂ ਨਾ ਗਿਣਾਉ ਉਸ ਦੀਆਂ ਚੰਗੀਆਂ ਗੱਲਾਂ ਨੂੰ ਉਜਾਗਰ ਕਰੋ। ਜੇ ਉਹ ਸੌ 'ਚੋਂ ਦਸ ਨੰਬਰ ਲੈਂਦਾ ਹੈ ਤਾਂ ਉਸ ਨੂੰ ਦਸਾਂ ਨੰਬਰਾਂ ਦੀ ਸ਼ਾਬਾਸ਼ ਦਿਉ, ਨੱਬੇ ਦੀ ਫਿਟਕਾਰ ਨਹੀਂ। ਉਹ ਅਗਲੀ ਵਾਰ ਜ਼ਰੂਰ ਜ਼ਿਆਦਾ ਨੰਬਰ ਲਵੇਗਾ। ਤੁਸੀਂ ਹਰ ਬੱਚੇ ਤੋਂ ਸੌ ਫੀਸਦੀ ਦੀ ਉਮੀਦ ਨਹੀਂ ਕਰ ਸਕਦੇ। ਫਟਕਾਰਾਂ ਬੱਚੇ ਨੂੰ ਨਿਕੰਮਾ ਬਣਾ ਦੇਂਦੀਆਂ ਹਨ ਅਤੇ ਹੱਲਾਸ਼ੇਰੀ ਤੇ ਸ਼ਾਬਾਸ਼ ਬੱਚੇ ਨੂੰ ਲਾਇਕ ਤੇ ਉੱਦਮੀ ਬਣਨ ਵਿਚ ਮਦਦ ਕਰਦੀ ਹੈ।"

ਅੱਜ ਤੋਂ ਤੀਹ ਪੈਂਤੀ ਸਾਲ ਪਹਿਲਾਂ ਦੀ ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਵੀ ਇਥੇ ਠੀਕ ਹੀ ਹੋਵੇਗਾ। ਮੈਂ ਲਾਗੇ ਹੀ ਇਕ ਕਸਬੇ ਵਿੱਚ ਆਪਣੇ ਇਕ ਰਿਸ਼ਤੇਦਾਰ ਨੂੰ ਮਿਲਣ ਗਿਆ। ਜੋ ਸਰਕਾਰੀ ਸਕੂਲ ਵਿੱਚ ਮੁੱਖ ਅਧਿਆਪਕ ਸਨ। ਉਸ ਕਸਬੇ ਵਿਚ ਇਕ ਇਤਿਹਾਸਿਕ ਗੁਰਦੁਆਰਾ ਵੀ ਸੀ ਅਤੇ ਗੁਰਦੁਆਰੇ ਦੇ ਹਦੂਦ ਦੇ ਬਾਹਰ ਕਮੇਟੀ ਨੇ ਕੁਝ ਜ਼ਮੀਨ ਲੈ ਕੇ ਲੜਕੀਆਂ ਦਾ ਅੱਠਵੀਂ ਤੱਕ ਦਾ ਸਕੂਲ ਖੋਲ੍ਹਿਆ ਹੋਇਆ ਸੀ। ਗਰਮੀਆਂ ਦੇ ਦਿਨ ਸਨ ਤੇ ਕਣਕਾਂ ਦਾ ਕੰਮ ਅਜੇ ਮੁੱਕਾ ਨਹੀਂ ਸੀ। ਗੁਰਦੁਆਰੇ ਤੇ ਸਕੂਲ ਦੇ ਪ੍ਰਧਾਨ ਮੇਰੇ ਬੈਠਿਆਂ ਹੀ ਗੁਰਦੁਆਰੇ ਲਈ ਉਗਰਾਹੀ ਲੈਣ ਆ ਗਏ। ਉਸ ਨੇ ਦੋ ਬੋਰੀਆਂ ਕਣਕ ਉਗਰਾਹੀ ਲਈ ਚੁਕਾ ਦਿੱਤੀ ਅਤੇ ਪ੍ਰਧਾਨ ਜੀ ਨੂੰ ਚਾਹ ਪੀ ਕੇ ਜਾਣ ਦੀ ਬੇਨਤੀ ਕੀਤੀ। ਚਾਹ ਪੀਂਦਿਆਂ ਮੁੱਖ ਅਧਿਆਪਕ ਬੋਲਿਆ "ਪ੍ਰਧਾਨ ਜੀ, ਲੜਕੀਆਂ ਦੇ ਸਕੂਲ ਵਾਲਾ ਤਾਂ ਤੁਸਾਂ ਬਹੁਤ ਪੁੰਨ ਵਾਲਾ ਕੰਮ ਕੀਤੈ, ਮੈਂ ਕੁਝ ਦਿਨ ਹੋਏ ਸਕੂਲ ਗਿਆ ਸੀ, ਕਮਰਿਆਂ ਦੀ ਹਾਲਤ ਕੁਝ ਮਾੜੀ ਐ। ਉਹਨਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।" ਪ੍ਰਧਾਨ ਜੀ ਨੇ ਕੁਝ ਚਿਰ ਮੁਖ ਅਧਿਆਪਕ ਨੂੰ ਨਿਹਾਰਿਆ ਤੇ ਫਿਰ ਬੋਲੇ।

"ਮਾਸਟਰ ਜੀ ਮੇਰੀ ਗੱਲ ਦਾ ਗੁੱਸਾ ਤੇ ਨਹੀਂ ਕਰੋਗੇ, ਤੁਸੀਂ ਪੜ੍ਹਾਈ ਨਾਲ ਸਬੰਧਤ ਹੋ, ਪੜ੍ਹਾਈ ਦੇ ਮੁੱਲ ਦਾ ਵੀ ਤੁਹਾਨੂੰ ਪਤੈ, ਅੱਜ ਮੈਂ ਗੁਰਦੁਆਰੇ ਦੀ ਉਗਰਾਹੀ ਲੈਣ ਆਇਆਂ, ਤੁਸਾਂ ਦੋ ਬੋਰੀਆਂ ਕਣਕ ਚੁੱਕਾ ਦਿੱਤੀ ਐ, ਪਰ ਜਦੋਂ ਵੀ ਮੈਂ ਸਕੂਲ ਦੀ ਉਗਰਾਹੀ ਲੈਣ ਆਇਆਂ ਤੁਸਾਂ ਦਸ-ਵੀਹ ਜਾਂ ਵੱਧ ਤੋਂ ਵੱਧ ਪੰਜਾਹ ਰੁਪਏ ਹੀ ਦਿੱਤੇ ਹਨ, ਜੇ ਤੁਸੀਂ ਇਕ ਮੁੱਖ ਅਧਿਆਪਕ ਹੋਣ ਦੇ ਨਾਤੇ ਏਨੀ ਉਗਰਾਹੀ ਦੇਂਦੇ ਹੋ ਤਾਂ ਬਾਕੀਆਂ ਦਾ ਕੀ ਹਾਲ ਹੋਵੇਗਾ? ਨਾਲੇ ਮਾਸਟਰ ਜੀ ਜਦੋਂ ਤੱਕ ਅਸੀਂ ਬੱਚਿਆਂ ਦਾ ਭਵਿੱਖ ਸਵਾਰਨ ਦੀ ਥਾਂ ਆਪਣਾ ਪ੍ਰਲੋਕ ਸਵਾਰਨ ਦੇ ਚੱਕਰ ਵਿਚ ਰਹਾਂਗੇ ਤਾਂ ਬੱਚਿਆਂ ਦਾ ਤਾਂ ਫਿਰ ਰੱਬ ਹੀ ਰਾਖਾ ਨਾ।" ਪ੍ਰਧਾਨ ਜੀ ਦੀ ਗੱਲ ਸੁਣ ਕੇ ਮੁੱਖ ਅਧਿਆਪਕ ਕਦੀ ਮੇਰੇ ਵੱਲ ਵੇਖੇ ਅਤੇ ਕਦੀ ਪ੍ਰਧਾਨ ਜੀ ਵੱਲ।

ਪ੍ਰਧਾਨ ਜੀ ਦੀ ਸੋਚ ਤੇ ਗੱਲ ਤੋਂ ਮੈਂ ਕਾਫੀ ਪ੍ਰਭਾਵਿਤ ਹੋਇਆ। ਅਸੀਂ ਜੋ ਵਿਦਿਆ ਨਾਲ ਸਬੰਧਤ ਲੋਕ ਵੀ ਪੜ੍ਹਾਈ ਜਾਂ ਸਕੂਲ ਬਾਰੇ ਚਿੰਤਤ ਨਹੀਂ ਹਾਂ, ਤਾਂ ਬਾਕੀ ਆਮ ਲੋਕ ਤਾਂ ਪਹਿਲਾਂ ਰੱਬ ਦੇ ਨਾ ਵਾਲੇ ਹਨ। ਇਸੇ ਲਈ ਹੀ ਪ੍ਰਾਈਵੇਟ ਸਕੂਲ, ਜੋ ਸਿਰਫ ਸੇਵਾ-ਭਾਵਨਾ ਨਾਲ ਹੀ ਚੰਗੀ ਪੜ੍ਹਾਈ ਦੇ ਰਹੇ ਸਨ ਜ਼ਿਆਦਾ ਤਰੱਕੀ ਨਹੀਂ ਕਰ ਸਕੇ।

ਸਰਕਾਰੀ ਸਕੂਲ ਜਿਥੇ ਮੈਰਿਟ ਮੁਤਾਬਿਕ ਪੂਰੀਆਂ ਡਿਗਰੀਆਂ ਵਾਲੇ ਤਜ਼ਰਬੇਕਾਰ ਅਧਿਆਪਕ ਰੱਖੇ ਜਾਂਦੇ ਹਨ। ਅਸੀਂ ਉਹਨਾਂ ਸਕੂਲਾਂ ਨੂੰ ਸਕੂਲ ਹੀ ਨਹੀਂ ਸਮਝਦੇ! ਉਥੇ ਸਾਨੂੰ ਸਸਤੀ ਤੇ ਵਧੀਆ ਪੜ੍ਹਾਈ ਮਿਲ ਸਕਦੀ ਹੈ ਪਰ ਉਥੇ ਬੱਚਾ ਪੜ੍ਹਾਉਣਾ ਅਸੀਂ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹਾਂ। ਇਥੋਂ ਤੱਕ ਕਿ ਇਹਨਾਂ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਵੀ ਆਪਣੇ ਬੱਚਿਆਂ ਨੂੰ ਆਪਣੇ ਸਕੂਲਾਂ ਵਿੱਚ ਨਹੀਂ ਪੜ੍ਹਾਉਂਦੇ ਸਗੋਂ ਉਹਨਾਂ ਦੇ ਬੱਚੇ ਵੀ ਜ਼ਿਆਦਾ ਫੀਸਾਂ ਵਾਲੇ ਤੇ ਬਿਨਾਂ ਡਿਗਰੀਆਂ ਵਾਲੇ ਅਧਿਆਪਕਾਂ ਵਾਲੇ ਸਕੂਲਾਂ ਨੂੰ ਹੀ ਤਰਜੀਹ ਦਿੰਦੇ ਹਨ।

ਪੜ੍ਹਾਈ ਦਾ ਚਲਨ ਦਿਨੋ-ਦਿਨ ਬਦਲ ਰਿਹਾ ਹੈ। ਪਹਿਲਾਂ ਮਾਂ-ਬਾਪ ਸਕੂਲ ਜਾ ਕੇ ਆਖਦੇ ਸਨ "ਸਾਡੇ ਬੱਚੇ ਨੂੰ ਜ਼ਰਾ ਖਿੱਚ ਕੇ ਰੱਖਣਾ ਤੇ ਇਸ ਦਾ ਖਾਸ ਖਿਆਲ ਰੱਖਣਾ ਕਿ ਇਹ ਕੋਈ ਮਾੜੀ ਹਰਕਤ ਨਾ ਕਰੇ, ਸਿਰਫ ਪੜ੍ਹਾਈ ਵੱਲ ਖਿਆਲ ਰੱਖੇ।" ਪਰ ਅੱਜ ਕੀ ਹੈ? ਬੱਚੇ ਨਹੀਂ ਪੜ੍ਹਦੇ ਸਗੋਂ ਮਾਂ-ਬਾਪ ਪੜ੍ਹਦੇ ਹਨ ਤੇ ਉਹ ਸਕੂਲ ਵੀ ਨਕਲ ਮਰਵਾਉਣ ਲਈ ਜਾਂ ਨੰਬਰ ਵਧਾਉਣ ਲਈ ਹੀ ਜਾਂਦੇ ਹਨ। ਬੱਚੇ ਸਕੂਲ ਵਿੱਚ ਕੀ ਕਰਦੇ ਹਨ ਇਸ ਬਾਰੇ ਉਹਨਾਂ ਨੂੰ ਨਾ ਕੋਈ ਫਿਕਰ ਹੈ ਤੇ ਨਾ ਹੀ ਸਰੋਕਾਰ।

ਨਕਲ ਦਾ ਚਲਨ ਵੀ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਜਦੋਂ ਨਕਲ ਸ਼ੁਰੂ ਹੋਈ ਸੀ ਉਸ ਵਕਤ ਸਰਕਾਰ ਨੇ ਅਧਿਆਪਕਾਂ ਦੀ ਤਰੱਕੀ, ਸਕੂਲ ਦੇ ਨਤੀਜਿਆਂ ਨਾਲ ਜੋੜ ਦਿੱਤੀ ਸੀ ਅਤੇ ਅਧਿਆਪਕਾਂ ਨੇ ਆਪਣੀ ਤਰੱਕੀ ਨੂੰ ਮੁੱਖ ਰੱਖਕੇ, ਆਪਣੇ ਸਕੂਲ ਦਾ ਨਤੀਜਾ ਵਧੀਆ ਕਰਨ ਲਈ ਬੱਚਿਆਂ ਨੂੰ ਇਕ ਦੋ ਸਵਾਲ ਕਰਵਾ ਕੇ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ। ਫੇਰ ਇਹ ਲਾ-ਇਲਾਜ ਬੀਮਾਰੀ ਵਾਂਗ ਇਸ ਤਰ੍ਹਾਂ ਵਧਦੀ ਗਈ ਕਿ ਪਹਿਲਾਂ ਪਰਚੀਆਂ ਅੰਦਰ ਜਾਣ ਲੱਗੀਆਂ, ਫੇਰ ਕਿਤਾਬਾਂ ਅੰਦਰ ਜਾਣ ਲੱਗ ਪਈਆਂ, ਫੇਰ ਬਲੈਕ ਬੋਰਡ ਤੇ ਉੱਤਰ ਲਿਖੇ ਜਾਣ ਲੱਗੇ। ਸੁਪਰਵਾਈਜ਼ਰ ਤੇ ਸੁਪਰਡੈਂਟ ਫਰਮਾਇਸ਼ ਨਾਲ ਲਗਾਏ ਜਾਣ ਲੱਗੇ। ਪਰ ਅੱਜ ਨਕਲ ਉਸ ਤੋਂ ਵੀ ਕਾਫੀ ਅੱਗੇ ਵਧ ਗਈ ਹੈ। ਪ੍ਰਸ਼ਨ ਪੇਪਰ ਖਰੀਦੇ ਜਾਂਦੇ ਹਨ, ਉੱਤਰ ਕਾਪੀਆਂ ਬਦਲੀਆਂ ਜਾਂਦੀਆਂ ਹਨ ਅਤੇ ਹੋਰ ਪਤਾ ਨਹੀਂ ਕੀ ਕੀ ਹੋ ਰਿਹਾ ਹੈ?

ਇਹਨਾਂ ਸਕੂਲਾਂ ਅੰਦਰ ਅਸਲ ਵਿਚ ਕੁਝ ਪੜ੍ਹਾਇਆ ਨਹੀਂ ਜਾਂਦਾ ਸਿਰਫ ਤੋਤੇ ਵਾਂਗ ਰਟਾਇਆ ਜਾਂਦਾ ਹੈ। ਕਿਤਾਬਾਂ ਦਾ ਭਾਰ ਵਧਾਇਆ ਜਾਂਦਾ ਹੈ। ਸਾਲ ਵਿਚ ਕਈ ਕਈ ਵਾਰ ਗਿੱਧਾ-ਭੰਗੜਾ ਪਵਾਇਆ ਜਾਂਦਾ ਹੈ। ਸਭਿਆਚਾਰ ਦੀ ਨਵੀਂ ਪਰਿਭਾਸ਼ਾ ਸਿਖਾ ਕੇ ਸਾਲ ਬਾਅਦ ਅਗਲੀ ਜਮਾਤ ਵਿਚ ਬਿਠਾਇਆ ਜਾਂਦਾ ਹੈ।

ਅਸੀਂ ਖੁਸ਼ ਹੁੰਦੇ ਹਾਂ ਕਿ ਸਾਡਾ ਬੱਚਾ ਕਾਫੀ "ਸਰਗਰਮੀਆਂ" ਵਿਚ ਹਿੱਸਾ ਲੈ ਰਿਹਾ ਹੈ ਅਤੇ ਸਾਨੂੰ ਹੋਸ਼ ਉਸ ਵਕਤ ਆਉਂਦੀ ਹੈ ਜਦੋਂ ਬੱਚਿਆਂ ਦੀਆਂ ਨਵੀਆਂ ਹੀ "ਸਰਗਰਮੀਆਂ" ਸ਼ੁਰੂ ਹੋ ਜਾਂਦੀਆਂ ਹਨ। ਮੁੱਕਦੀ ਗੱਲ ਕਿ ਨਕਲਾਂ ਮਾਰ ਕੇ, ਸੁਪਰਵਾਈਜ਼ਰ ਲਵਾ ਕੇ, ਪੇਪਰ ਲੀਕ ਕਰਵਾ ਕੇ ਅਤੇ ਉੱਤਰ ਕਾਪੀ ਬਦਲਾ ਕੇ ਪਾਸ ਹੋਏ ਇਹਨਾਂ ਬੱਚਿਆਂ ਕੋਲ ਸਿਰਫ ਡਿਗਰੀਆਂ ਹੁੰਦੀਆਂ ਹਨ, ਪੜ੍ਹਾਈ ਨਹੀਂ ਹੁੰਦੀ ਅਤੇ ਪੜ੍ਹਾਈ ਦੇ ਪਰਾਂ ਬਿਨਾਂ ਇਹ ਪੰਛੀ ਕਿੰਨੀ ਕੁ ਪਰਵਾਜ਼ ਭਰ ਸਕਣਗੇ? ਦੇਸ਼ ਦਾ ਕੀ ਸਵਾਰ ਸਕਣਗੇ?

# ਅੱਖਰਾਂ ਨੂੰ ਮਾਲਾ ਚ ਪਰੋਣ ਦੀ ਮੁਹਾਰਤ ਰੱਖਦਾ ਸ਼ਾਇਰ- ਯੱਸ਼ਪਾਲ ਟੋਨੀ





ਪ੍ਰੀਤਮ ਲੁਧਿਆਣਵੀ
9876428641

ਪੰਜਾਬ ਦੇ ਬਾਰਡਰ ਤੇ ਵਸਦੇ ਜਿਲ੍ਹਾ ਗੁਰਦਾਸਪੁਰ ਨੇ ਪੰਜਾਬੀ ਸਾਹਿਤ ਨੂੰ ਸ਼ਿੰਗਾਰਾ ਸਿੰਘ ਭੁੱਲਰ, ਸ਼ਿਵ ਬਟਾਲਵੀ, ਸੁਲੱਖਣ ਸਰਹੱਦੀ, ਥੰਮਣ ਸਿੰਘ ਸੈਣੀ, ਮੱਖਣ ਕੁਹਾੜ, ਦੀਵਾਨ ਸਿੰਘ ਮਹਿਰਮ, ਧਿਆਨ ਸਿੰਘ ਸ਼ਾਹ ਸਿਕੰਦਰ, ਪੈਦਲ ਧਿਆਨ ਪੁਰੀ, ਚਮਨ ਲਾਲ ਚਮਨ, ਪ੍ਰਤਾਪ ਪਾਰਸ, ਬਲਵਿੰਦਰ ਪੰਨੂ, ਅਵਿਨਾਸ਼ ਜੱਜ, ਬਲਵਿੰਦਰ ਬਾਲਮ, ਜੀ. ਐਸੱ. ਪਾਹੜਾ, ਹਰੀ ਕਾਦਿਆਨੀ, ਨਿਰਮਲ ਬੋਬਾਵਾਲੀਆ ਆਦਿ ਦੇ ਨਾਲ-ਨਾਲ ਵਰਿੰਦਰ ਕੌਰ ਰੰਧਾਵਾ, ਸਿਮਰਤ ਸੁਮੈਰਾ, ਕਮਲਜੀਤ ਕੋਮਲ, ਮਹਿੰਗਾ ਸਿੰਘ ਕਲਸੀ, ਕਸ਼ਮੀਰ ਘੇਸਲ, ਰਾਜ ਕੁਮਾਰ ਸਾਹੋਵਾਲੀਆ, ਡਾ. ਪੰਨਾ ਲਾਲ ਮੁਸਤਫਾਬਾਦੀ, ਵਰਿਆਮ ਬਟਾਲਵੀ, ਆਰ. ਬੀ. ਸੋਹਲ, ਓਮ ਪ੍ਰਕਾਸ਼ ਭਗਤ, ਵਿਜੇ ਬੱਧਣ, ਪਾਲ ਗੁਰਦਾਸਪੁਰੀ, ਦੁੱਖਭੰਜਨ ਰੰਧਾਵਾ, ਸੁੱਚਾ ਪਸਨਵਾਲ, ਕ੍ਰਿਸ਼ਨ ਥਾਪੁਰ, ਲਲਿਤ ਲਾਲੀ ਗੁਰਦਾਸਪੁਰੀ ਅਤੇ ਰਾਜਨ ਤਰੇੜੀਆ ਵਰਗੀਆਂ ਦਰਜਨਾਂ ਕਲਮਾਂ ਦਿੱਤੀਆਂ ਹਨ; ਜਿਹੜੀਆਂ ਕਿ ਸਫਲ ਕਦਮੀ ਅੱਗੇ-ਪਿੱਛੇ ਤੁਰੀਆਂ ਆਪੋ-ਆਪਣੇ ਕਲਮੀ-ਵਿਤ ਮੁਤਾਬਿਕ ਆਪਣੀ ਕਲਮੀ-ਰੋਸ਼ਨੀ ਨਾਲ ਸਾਹਿਤ ਤੇ ਸੱਭਿਆਚਾਰ ਨੂੰ ਰੁਸ਼ਨਾਉਣ ਵਿਚ ਬਣਦਾ-ਸਰਦਾ ਯੋਗਦਾਨ ਪਾ ਰਹੀਆਂ ਹਨ। ਇਨ੍ਹਾਂ ਮਾਣ-ਮੱਤੀਆਂ ਕਲਮਾਂ ਦੇ ਕਾਫਲੇ ਵਿਚ ਤੁਰਿਆ ਨਜਰੀ ਆਉਂਦਾ ਇਕ ਹੋਰ ਸਿਰ ਕੱਢਵਾਂ ਨਾਂਓ ਹੈ- ਯੱਸ਼ਪਾਲ ਟੋਨੀ।

ਇਸ ਬਾਰਡਰ ਜਿਲ੍ਹੇ ਦੇ ਪਿੰਡ ਕੋਠੇ ਘੁਰਾਲਾ ਵਿਚ ਮਾਸਟਰ ਕਰਮ ਚੰਦ ਜੀ (ਪਿਤਾ) ਦੇ ਘਰ ਮਾਤਾ ਕਾਂਤਾ ਦੇਵੀ ਜੀ ਦੀ ਪਾਕਿ ਕੁੱਖੋਂ ਪੈਦਾ ਹੋਇਆ ਯੱਸ਼ਪਾਲ ਟੋਨੀ ਦੱਸਦਾ ਹੈ ਕਿ ਉਸ ਨੂੰ ਕਲਮ-ਘਸਾਉਣ ਦਾ ਚਸਕਾ ਬਚਪਨ ਤੋਂ ਹੀ ਪੈ ਗਿਆ ਸੀ। ਉਸ ਨੇ ਆਪਣੇ ਲਿਖਣ ਦੀ ਸ਼ੁਰੂਆਤ ਹਿੰਦੀ ਤੋਂ ਕੀਤੀ ਜੋ ਹੌਲੀ-ਹੌਲੇ ਪੰਜਾਬੀ ਵਲ ਨੂੰ ਵੀ ਆਪ-ਮੁਹਾਰੇ ਤੁਰ ਪਈ।

ਚੱਲਦੇ-ਚੱਲਦੇ ਅਚਾਨਕ ਉਸ ਦੀ ਮੁਲਾਕਾਤ ਨਾਮਵਰ ਲੇਖਕ ਬਲਵਿੰਦਰ ਬਾਲਮ ਜੀ ਨਾਲ ਹੋਈ, ਜਿਨ੍ਹਾਂ ਨੇ ਉਸ ਦੀਆਂ ਰਚ-ਨਾਵਾਂ ਨੂੰ ਪੜ੍ਹਿਆ ਅਤੇ ਉਸ ਦੇ ਅੱਖਰਾਂ ਵਿੱਚੋਂ ਆਸ ਦੀ ਕਿਰਨ ਦਿਖਾਈ ਦੇਣ ਤੇ ਉਸ ਨੂੰ ਲਿਖਣ ਦੇ ਗੁਰ ਸਿਖਾਉਣ ਦਾ ਉਨ੍ਹਾਂ ਬੀੜਾ ਚੁੱਕ ਲਿਆ। ਉਹ ਉਸ ਨੂੰ ਸਮੇਂ-ਸਮੇਂ ਤੇ ਵਾਜਿਬ ਸਲਾਹ-ਮਸ਼ਵਰਾ ਦਿੰਦੇ ਉਸ ਨੂੰ ਚੰਗਾ ਲਿਖਣ ਲਈ ਲਗਾਤਾਰ ਪ੍ਰੇਰਦੇ ਰਹੇ। ਫਿਰ, ਟੋਨੀ ਹੌਲੀ-ਹੌਲੀ ਪ੍ਰਸਿੱਧ ਗਜਲਗੋ ਸੁਲੱਖਣ ਸਿੰਘ ਸਰਹੱਦੀ ਜੀ ਤਕ ਵੀ ਕਿਵੇਂ-ਨਾ-ਕਿਵੇਂ ਜਾ ਪੁੱਜਾ। ਬਸ ਫਿਰ ਕੀ ਸੀ, ਜਾਣੋ ਪਿਆਸੇ ਨੂੰ ਸਾਹਿਤ ਦਾ ਸਮੁੰਦਰ ਹੀ ਲੱਭ ਆਇਆ, ਜਿਸ ਦੇ ਪਾਕਿ ਸਾਹਿਤਕ-ਜਲ ਵਿਚ ਖੂਬ ਟੁੱਭੀਆਂ ਲਗਾ-ਲਗਾਕੇ ਸਾਹਿਤ ਦੇ ਹੀਰੇ, ਮੋਤੀ ਤੇ ਜਵਾਹਰਾਤ ਲੱਭ-ਲੱਭਕੇ ਸਾਹਿਤ ਦੀ ਝੋਲੀ ਪਾ ਰਿਹਾ ਹੈ, ਹੁਣ ਇਹ ਸਖਸ਼।

ਟੋਨੀ ਦਾ ਕਹਿਣ ਹੈ ਕਿ ਭਾਵੇਂ ਕੁਝ ਘਰੇਲੂ ਕਾਰਨਾਂ ਕਰਕੇ ਲਿਖਣ ਵਿੱਚ ਲੰਬੀ ਖੜੋਤ ਆ ਗਈ ਸੀ, ਪਰ ਉਸ ਨੇ ਆਪਣੀ ਜੀਵਨ-ਸਾਥਣ ਕਿਰਨ ਬਾਲਾ (ਸਾਇੰਸ ਅਧਿਆਪਕਾ) ਵਲੋਂ ਮਿਲੀ ਹੱਲਾ-ਸ਼ੇਰੀ ਸਦਕਾ ਦੁਬਾਰਾ ਕਲਮ ਚੁੱਕ ਲਈ ਅਤੇ ਕੁਝ ਹੀ ਸਮੇਂ ਵਿੱਚ 300 ਤੋਂ ਵੱਧ ਮਿਆਰੀ ਰਚਨਾਵਾਂ ਲਿਖ ਮਾਰੀਆਂ। ਟੋਨੀ ਨੇ ਕਵਿਤਾਵਾਂ, ਬੈਂਤ, ਗਜਲਾਂ ਤੇ ਨਜਮਾਂ ਦੁਆਰਾ ਪਰਿਵਾਰਕ ਤੇ ਭਾਈਚਾਰਕ ਸਾਂਝਾਂ ਆਦਿ ਦੇ ਨਾਲ-ਨਾਲ ਸਮਾਜਿਕ ਬੁਰਾਈਆਂ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਇਆ ਹੈ। ਟੋਨੀ ਹਾਲੇ ਤੱਕ ਸਿਰਫ ਇਕ ਸਾਂਝੀ ਪ੍ਰਕਾਸ਼ਨਾ 'ਰੁੱਖ ਪਾਣੀ ਅਨਮੋਲ' ਵਿੱਚ ਹੀ ਹਾਜਰੀ ਲਵਾ ਸਕਿਆ ਹੈ, ਜਿਸ ਦੀ ਬਦੌਲਤ ਉਸਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਸਨਮਾਨਿਤ ਵੀ ਕੀਤਾ ਗਿਆ ਹੈ। ਹੁਣ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦਾ ਸਾਂਝਾ ਕਾਵਿ-ਸੰਗ੍ਰਹਿ ਉਸ ਦੇ ਦਰ ਤੇ ਦੂਜੇ ਸਾਂਝੇ ਦਸਤਾਵੇਜ ਵਜੋਂ ਦਸਤਕ ਦੇਣ ਜਾ ਰਿਹਾ ਹੈ। ਇੱਕ ਸਰਕਾਰੀ ਅਧਿਆਪਕ ਦੇ ਰੁੱਤਬੇ (ਸਰਕਾਰੀ ਐਲੀਮੈਂਟਰੀ ਸਕੂਲ, ਕਰਾਲ ਵਿਖੇ), ਭਾਵ ਕਿ ਵਿੱਤੀ ਪੱਖੋਂ ਠੀਕ ਹੁੰਦੇ ਸੁੰਦਿਆਂ ਵੀ, ਚਾਰ ਮਿਆਰੀ ਪੁਸਤਕਾਂ ਦੇ ਖਰੜੇ ਘਰ ਦੀ ਅਲਮਾਰੀ 'ਚ ਸੰਭਾਲੀ ਬੈਠਣਾ ਉਸ ਦੇ ਸੁਸਤਪਨ ਦੀ ਨਿਸ਼ਾਨੀ ਹੈ। ਅਖਬਾਰਾਂ-ਮੈਗਜੀਨਾਂ ਦੇ ਮਾਮਲੇ 'ਚ ਵੀ ਬਹੁਤ ਹੀ ਢਿੱਲਾ ਕਿਹਾ ਜਾ ਸਕਦਾ ਹੈ, ਉਸਨੂੰ : ਕਿਉਂਕਿ 'ਸੂਹੀ ਸਵੇਰ' ਅਤੇ 'ਸੰਗੀਤ ਦਰਪਣ' ਤਕ ਹੀ ਛਲਾਂਗ ਲਗਾ ਸਕਿਆ ਹੈ, ਅਜੇ ਉਹ। ਇਕ ਸਵਾਲ ਦਾ ਜੁਵਾਬ ਦਿੰਦਿਆਂ ਯੱਸ਼ਪਾਲ ਟੋਨੀ ਨੇ ਦੱਸਿਆ ਕਿ 'ਮੇਰਾ ਅਤੀਤ', 'ਤੂੰ ਤੀਰ ਚਲਾ ਲਵੀਂ', 'ਕੀ ਕਰਾਂਗਾ ਮੈਂ' ਅਤੇ 'ਮੰਨ ਛੱਡਿਆ' ਆਦਿ ਅਨੇਕਾਂ ਉਸ ਦੀਆਂ ਰਚਨਾਵਾਂ ਨੂੰ ਵੱਖ-ਵੱਖ ਸਹਿਤ ਸਭਾਵਾਂ ਵਲੋਂ ਕਾਫੀ ਸਰਾਹਿਆ ਗਿਆ ਹੈ। ਇਨ੍ਹਾਂ ਵੱਖ-ਵੱਖ ਸਾਹਿਤ ਸਭਾਵਾਂ 'ਚੋਂ ਵਾਹ-ਵਾਹ ਦੇ ਲੱਗੇ 'ਪਰਾਂ' ਦੇ ਬੱਲਬੂਤੇ ਉਡਦਿਆਂ ਹੁਣ ਉਸ ਨੇ ਆਪਣੇ ਦੋ ਕਾਵਿ-ਸੰਗ੍ਰਹਿ ਅੱਗੇ-ਪਿੱਛੇ ਪ੍ਰੈੱਸ 'ਚ ਭੇਜਕੇ ਪਾਠਕਾਂ ਦੇ ਹੱਥਾਂ ਤੀਕ ਪਹੁੰਚਾਉਣ ਦਾ ਮਨ ਬਣਾਇਆ ਹੈ।

ਜਿਲ੍ਹਾ ਗੁਰਦਾਸਪੁਰ ਵਿਚ ਚਲਦੀ 'ਸਭ ਰੰਗ ਸਾਹਿਤ ਸਭਾ' ਨਾਲ ਸਾਂਝਾ ਪਾਲਦਿਆਂ, ਆਪਣੀ ਬੇਟੀ ਸਮਾਨਤਾ, ਬੇਟਾ ਰਾਘਵ ਅਤੇ ਆਪਣੀ ਜੀਵਨ-ਸਾਥਣ ਨਾਲ, ਰਾਮ ਸ਼ਰਨਮ ਕਲੋਨੀ ਗੁਰਦਾਸਪੁਰ ਵਿਖੇ ਡੇਰੇ ਲਾਈ ਬੈਠੇ ਯੱਸ਼ਪਾਲ ਟੋਨੀ ਦਾ ਕਹਿਣ ਹੈ ਕਿ ਬੇਸ਼ੱਕ ਮੈਂ ਘੱਟ ਹੀ ਲਿਖਾਂ, ਪਰ ਜੋ ਵੀ ਲਿਖਾਂਗਾ, ਆਪਣੇ ਵੱਡਮੁੱਲੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਕਲੰਕਤ ਕਰਨ ਵਾਲੀ ਲਿਖਤ ਕਦੀ ਜਿੰਦਗੀ ਭਰ ਵਿਚ ਵੀ ਨਹੀ ਲਿਖਾਂਗਾ। ਇਹੀ ਹੋਕਾ ਉਹ ਅੱਗੋਂ ਖੁੱਲ੍ਹਕੇ ਦਿੰਦਾ ਹੈ, ਹੋਰ ਕਲਮਾਂ, ਅਵਾਜਾਂ ਅਤੇ ਸੁਰਾਂ ਦੇ ਵਾਰਸਾਂ ਨੂੰ।

ਸ਼ਾਲ੍ਹਾ ! ਉਸਤਾਦ ਕਲਮ ਬਲਵਿੰਦਰ ਬਾਲਮ ਦੀ ਉਂਗਲੀ ਫੜਕੇ ਤੁਰੇ ਹੋਏ, ਯੱਸ਼ਪਾਲ ਟੋਨੀ ਦੀਆਂ ਸੋਚਾਂ ਨੂੰ ਭਰਵਾਂ ਬੂਰ ਪਵੇ ! ਮੱਲੋ ਮੱਲੀ ਦੁਆ ਨਿਕਲਦੀ ਹੈ ਕਲਮ ਦੇ ਇਸ ਵਾਰਸ ਲਈ ! ਆਮੀਨ !

# ਵਿਜੀਲੈਂਸ ਬਿਓਰੋ ਹੁਣ ਤੋਤਾ ਸਿੰਘ ਦਾ ਖਹਿੜਾ ਛੁਡਾਉਣ ਦੇ ਚੱਕਰ 'ਚ ਪਈ

**ਐਸ.ਏ.ਐਸ. ਨਗਰ (ਮੁਹਾਲੀ)-** ਪੰਜਾਬ ਵਿਜੀਲੈਂਸ ਬਿਓਰੋ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਦਰਜ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਜ਼ਮੀਨ ਘੁਟਾਲੇ ਦੇ ਕੇਸ ਨੂੰ ਬੰਦ ਕਰਨ ਦੀ ਕੀਤੀ ਅਪੀਲ ਤੋਂ ਬਾਅਦ ਹੁਣ ਚੁੱਪ-ਚੁਪੀਤੇ ਸੂਬੇ ਦੇ ਖੇਤੀ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਜਥੇਦਾਰ ਤੋਤਾ ਸਿੰਘ ਵਿਰੁੱਧ ਮੁਹਾਲੀ ਅਦਾਲਤ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਨੂੰ ਵਾਪਸ ਲੈਣ ਲਈ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪੁਨੀਤ ਮੋਹਨ ਸ਼ਰਮਾ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ। ਵਿਜੀਲੈਂਸ ਦੀ ਇਸ ਕਾਰਵਾਈ ਨੂੰ ਬਾਦਲਾਂ ਅਤੇ ਕੈਪਟਨ ਵਿਚਕਾਰ ਸਿਆਸੀ ਦੋਸਤਾਨਾ ਮੈਚ ਵਜੋਂ ਦੇਖਿਆ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਵਿਜੀਲੈਂਸ ਬਿਓਰੋ ਰਾਹੀਂ ਜਥੇਦਾਰ ਤੋਤਾ ਸਿੰਘ ਸਮੇਤ ਸਿੱਖਿਆ ਬੋਰਡ ਦੇ ਕਈ ਮੌਜੂਦਾ ਤੇ ਸੇਵਾਮੁਕਤ ਅਧਿਕਾਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਰਾਵਾਂ ਤਹਿਤ ਵਿਜੀਲੈਂਸ ਥਾਣਾ ਫੇਜ਼-8, ਮੁਹਾਲੀ ਵਿੱਚ ਕੇਸ ਦਰਜ ਕੀਤਾ ਗਿਆ ਸੀ। ਤੋਤਾ ਸਿੰਘ 'ਤੇ ਇਸ ਤੋਂ ਪਹਿਲੀ ਅਕਾਲੀ-ਭਾਜਪਾ ਸਰਕਾਰ ਵੇਲੇ ਸਿੱਖਿਆ ਮੰਤਰੀ ਹੁੰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਕਥਿਤ ਭ੍ਰਿਸ਼ਟ ਤਰੀਕੇ ਰਾਹੀਂ 134 ਕਲਰਕ ਅਤੇ ਹੈਲਪਰ ਭਰਤੀ ਕਰਨ ਦਾ ਦੋਸ਼ ਹੈ। ਹਾਲਾਂਕਿ ਇਸ ਮਾਮਲੇ 'ਚ ਤੋਤਾ ਸਿੰਘ ਅਤੇ ਸਕੂਲ ਬੋਰਡ ਦੇ ਅਧਿਕਾਰੀਆਂ ਖ਼ਿਲਾਫ਼ ਦੋਸ਼ ਆਇਦ ਹੋ ਚੁੱਕੇ ਹਨ ਪਰ ਹੁਣ ਵਿਜੀਲੈਂਸ ਨੇ ਸਰਕਾਰੀ ਵਕੀਲ ਰਾਹੀਂ ਸੀਆਰ-ਪੀਸੀ ਦੀ ਧਾਰਾ 321 ਤਹਿਤ ਅਕਾਲੀ ਆਗੂ ਖ਼ਿਲਾਫ਼ ਕੇਸ ਵਾਪਸ ਲੈਣ ਦੀ ਅਰਜ਼ੀ ਦਾਇਰ ਕਰ ਦਿੱਤੀ ਹੈ। ਪਤਾ ਲੱਗਿਆ ਹੈ ਕਿ ਵਿਜੀਲੈਂਸ ਨੇ ਸਿਰਫ਼ ਤੋਤਾ ਸਿੰਘ ਵਿਰੁੱਧ ਹੀ ਕੇਸ ਵਾਪਸ ਲੈਣ ਦੀ ਅਰਜ਼ੀ ਦਿੱਤੀ ਹੈ, ਜਦੋਂਕਿ ਬਾਕੀ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ।



# ਸਰਜੀਕਲ ਅਪਰੇਸ਼ਨ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿੱਚ ਸ਼ਾਂਤੀ ਹੋਣ ਦੇ ਆਸਾਰ




28-29 ਸਤੰਬਰ 2016 ਦੇ ਵਿਚਕਾਰਲੀ ਰਾਤ ਭਾਰਤੀ ਫੌਜ ਨੇ ਮਕਬੂਜ਼ਾ ਕਸ਼ਮੀਰ ਦੀ ਸਰਹੱਦ ਅੰਦਰ ਅਤਿਵਾਦੀਆਂ ਦੇ ਕੁਝ ਕੈਂਪਾਂ ਤੇ ਹਮਲਾ ਕਰਕੇ ਉਥੇ 38 ਅਤਿਵਾਦੀ ਅਤੇ ਕੁਝ ਪਾਕਿਸਤਾਨੀ ਫੌਜੀ ਮਾਰ ਦਿੱਤੇ ਸਨ।

ਇਹ ਹਮਲਾ ਭਾਰਤ ਅਤੇ ਪਾਕਿਸਤਾਨ ਦੋਨਾਂ ਦੇਸ਼ਾਂ ਵਿੱਚ ਹੀ ਆਪਣੀ ਕਿਸਮ ਦਾ ਅੰਦਰੂਨੀ ਅਤੇ ਬਰੂਨੀ ਮਘਦਾ ਮਸਲਾ ਬਣ ਗਿਆ ਹੈ ਅਤੇ 11 ਦਿਨ ਬੀਤ ਜਾਣ ਦੇ ਬਾਅਦ ਵੀ ਇਹ ਠੰਡਾ ਹੋਣ ਦਾ ਨਾਮ ਨਹੀਂ ਲੈ ਰਿਹ ਭਾਰਤ ਵਿੱਚ ਭਾਰਤੀ ਜਨਤਾ ਪਾਰਟੀ ਇਹ ਪਰਚਾਰ ਬਹੁਤ ਜ਼ੋਰ-ਸ਼ੋਰ ਨਾਲ ਕਰ ਰਹੀ ਹੈ ਕਿ ਇਹ ਹਮਲਾ ਭਾਰਤ ਅਤੇ ਖਾਸ ਕਰਕੇ ਮੋਦੀ ਸਰਕਾਰ ਦੀ ਇਕ ਬੇਮਿਸਾਲ ਪ੍ਰਾਪਤੀ ਹੈ। ਪਾਕਿਸਤਾਨ ਵਲੋਂ ਅਤਿਵਾਦੀਆਂ ਰਾਹੀਂ ਭਾਰਤ ਵਿੱਚ ਚਲਾਈ ਜਾ ਰਹੀ ਪ੍ਰਾਕਸੀ ਵਾਰ ਦਾ ਇਹ ਇਕ ਮੂੰਹ ਤੋੜ ਉੱਤਰ ਹੈ। ਭਾਰਤੀ ਜਨਤਾ ਪਾਰਟੀ ਲਗਾਤਾਰ ਇਸ ਹਮਲੇ ਦਾ ਸਿਆਸੀ ਲਾਭ ਉਠਾਉਣ ਦੀ ਭਰਪੂਰ ਕੋਸ਼ਸ਼ ਕਰ ਰਹੀ ਹੈ। ਇਥੋਂ ਤੱਕ ਕਿ ਉੱਤਰ ਪ੍ਰਦੇਸ਼ ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਵਲੋਂ ਪੋਸਟਰ ਲਾਏ ਗਏ ਹਨ ਜਿੰਨਾਂ ਵਿੱਚ ਲਿਖਿਆ ਹੈ- ਪਾਕਿਸਤਾਨ ਹਾਰੇਗਾ ਅਤੇ ਭਾਰਤੀਆ ਜਨਤਾ ਪਾਰਟੀ ਜਿਤੇਗੀ। ਜਦਕਿ ਭਾਰਤ ਦੀਆਂ ਅਪੋਜ਼ੀਸ਼ਨ ਪਾਰਟੀਆਂ ਇਕ ਪਾਸੇ ਤਾਂ ਇਸ ਹਮਲੇ ਨੂੰ ਭਾਰਤੀ ਫੌਜ ਦੀ ਇਕ ਬਹੁਤ ਦਲੇਰਨਾ ਪ੍ਰਾਪਤੀ ਦੱਸ ਰਹੀਆਂ ਹਨ ਜੋ ਕਿ ਪਾਕਿਸਤਾਨ ਵਲੋਂ ਭਾਰਤ ਵਿਰੁਧ ਚਲਾਈ ਜਾ ਰਹੀ ਪਰਾਕਸੀ ਵਾਰ ਤੇ ਇਕ ਕਰਾਰੀ ਚੋਟ ਹੈ। ਪਰ ਇਸਦੇ ਨਾਲ ਹੀ ਅਪੋਜ਼ੀਸ਼ਨ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸਦਾ ਸਿਹਰਾ ਮੋਦੀ ਸਰਕਾਰ ਅਤੇ ਭਾਜਪਾ ਨੂੰ ਨਹੀਂ ਜਾਂਦਾ ਬਲਕਿ ਇਹ ਭਾਰਤੀ ਫੌਜ ਦੇ ਸਿਰ ਹੈ।

ਭਾਰਤੀ ਜਨਤਾ ਪਾਰਟੀ ਅਤੇ ਅਪੋਜ਼ੀਸ਼ਨ ਪਾਰਟੀ ਵਿੱਚ ਇਸ ਮਸਲੇ ਤੇ ਚਲ ਰਹੀ ਤੂੰ ਤੂੰ ਮੈਂ ਮੈਂ ਦੌਰਾਨ ਹੀ ਕਾਂਗਰਸ ਦੇ ਕੁਝ ਸੀਨੀਅਰ ਨੇਤਾਵਾਂ ਅਤੇ ਆਮ ਆਦਮੀ ਦੇ ਪ੍ਰਧਾਨ ਸ਼੍ਰੀ ਅਰਵਿੰਦ ਕੇਜਰੀਵਾਲ ਵਲੋਂ ਇਸ ਹਮਲੇ ਦੀ ਸਚਾਈ ਤੇ ਵੀ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਅਤੇ ਕਿਹਾ ਜਾ ਰਿਹਾ ਹੈ ਕਿ ਸਰਕਾਰ ਜਨਤਾ ਨੂੰ ਇਹ ਸਬੂਤ ਦੇਵੇ ਕਿ ਇਹ ਹਮਲਾ ਸਚਮੁਚ ਹੀ ਹੋਇਆ ਹੈ।

ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੀ ਇਸ ਕਾਰਵਾਈ ਤੋਂ ਭਾਰਤੀ ਜਨਤਾ ਪਾਰਟੀ ਸਿਆਸੀ ਪੂੰਜੀ ਬਣਾਉਣ ਵਿੱਚ ਸੀਨੀਅਰ ਕਾਂਗਰਸੀ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਸ਼੍ਰੀ ਪੀ. ਚਿਦੰਬਰਮ ਨੇ ਦਾਅਵਾ ਕੀਤਾ ਹੈ ਕਿ ਕਾਂਗਰਸ ਰਾਜ ਦੌਰਾਨ ਅਜਿਹੇ ਕਈ ਸਰਜੀਕਲ ਅਪਰੇਸ਼ਨ ਹੋਏ ਹਨ ਪਰ ਕਾਂਗਰਸ ਨੇ ਦੇਸ਼ ਦੀ ਸੁਰਖਿਆ ਨੂੰ ਮੁੱਖ ਰਖਦਿਆਂ ਇਨ੍ਹਾਂ ਦਾ ਪ੍ਰਚਾਰ ਨਹੀਂ ਕੀਤਾ।

ਸ਼੍ਰੀ ਸ਼ਰਦ ਪਵਾਰ ਨੇ ਭਾਵੇਂ ਇਸ ਸਰਜੀਕਲ ਆਪਰੇਸ਼ਨ ਫੌਜ ਦੀ ਅਤਿਵਾਦ ਵਿਰੁਧ ਇਕ ਵੱਡੀ ਪ੍ਰਾਪਤੀ ਦੱਸਿਆ ਹੈ ਪਰ ਇਸਦੇ ਨਾਲ ਹੀ ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਜਿਸ ਸਮੇਂ ਉਹ ਭਾਰਤ ਦੇ ਰਖਿਆ ਮੰਤਰੀ ਸਨ ਉਸ ਸਮੇਂ ਭਾਰਤੀ ਫੌਜ ਨੇ ਅਜਿਹੇ ਚਾਰ ਹਮਲੇ ਕੀਤੇ ਸਨ ਪਰ ਅਸੀ ਇੰਨ੍ਹਾਂ ਹਮਲਿਆਂ ਦਾ ਪ੍ਰਚਾਰ ਕਰਕੇ ਇਨ੍ਹਾਂ ਨੂੰ ਆਪਣੀ ਪ੍ਰਾਪਤ ਨਹੀਂ ਦੱਸਿਆ ਬਲਕਿ ਅਸੀਂ ਦੇਸ਼ ਦੀ ਸੁਰਖਿਆ ਨੂੰ ਮੁੱਖ ਰਖਦਿਆਂ ਇਸ ਬਾਰੇ ਖਾਮੋਸ਼ੀ ਰਖੀ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਲੋਂ ਇਸਨੂੰ ਮੋਦੀ ਸਰਕਾਰ ਦੀ ਪ੍ਰਾਪਤੀ ਦੱਸਣਾ ਗੱਲਤ ਹੈ। ਇਸ ਸਬੰਧ ਵਿੱਚ ਕਾਂਗਰਸ ਵਲੋਂ ਆਏ ਇੱਕ ਨਵੇਂ ਇੰਕਸ਼ਾਫ ਵਿੱਚ ਕਿਹਾ ਗਿਆ ਹੈ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ ਸਰਕਾਰ ਨੇ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ 'ਚ 2011 'ਚ ਸਰਜੀਕਲ ਸਟ੍ਰਾਈਕ ਕੀਤੀ ਸੀ ਅਤੇ ਤਿੰਨ ਪਾਕਿਸਤਾਨੀ ਫੌਜੀਆਂ ਦੇ ਸਿਰ ਭਾਰਤੀ ਜਵਾਨ ਆਪਣੇ ਨਾਲ ਲੈ ਕੇ ਆਏ ਸਨ।

ਇਸ ਸਰਜੀਕਲ ਆਪ੍ਰੇਸ਼ਨ ਨਾਲ ਜੁੜੇ ਅਧਿਕਾਰਤ ਦਸਤਾਵੇਜ਼ ਸਾਹਮਣੇ ਆਏ ਹਨ। ਅੰਗਰੇਜ਼ੀ ਦੀ ਅਖਬਾਰ 'ਦਿ ਹਿੰਦੂ' ਮੁਤਾਬਕ ਕੁਪਵਾੜਾ ਸਥਿਤ 28 ਡਵੀਜ਼ਨ ਦੇ ਮੁਖੀ ਰਹੇ ਸੇਵਾ ਮੁਕਤ ਮੇਜਰ ਜਨਰਲ ਐਸ.ਕੇ. ਚੱਕਰਵਰਤੀ ਨੇ ਭਾਰਤ ਦੀ ਇਸ ਖੂਨੀ ਸਰਜੀਕਲ ਸਟ੍ਰਾਈਕ ਦੀ ਯੋਜਨਾ ਬਣਾ ਕੇ ਉਸ ਨੂੰ ਅਮਲੀ ਜਾਮਾ ਪਹਿਨਾਇਆ ਸੀ।

ਰਾਸ਼ਟਰੀ ਕਾਂਗਰਸ ਦੇ ਉਪ ਪ੍ਰਧਾਨ ਸ਼੍ਰੀ ਰਾਹੁਲ ਗਾਂਧੀ ਨੇ ਪਹਿਲਾਂ ਇਸ ਹਮਲੇ ਲਈ ਮੋਦੀ ਸਰਕਾਰ ਨੂੰ ਵਧਾਈ ਦਿੱਤੀ ਸੀ ਅਤੇ ਇਸਨੂੰ ਮੋਦੀ ਸਰਕਾਰ ਦੀ ਵੱਡੀ ਪ੍ਰਾਪਤੀ ਦੱਸਿਆ ਸੀ ਪਰ ਹੁਣ ਇਹ ਆਖ ਦਿੱਤਾ ਹੈ ਕਿ ਮੋਦੀ ਫੌਜ ਦੇ ਖੂਨ ਦੀ ਦਲਾਲੀ ਕਰ ਰਹੇ ਹਨ। ਉਨ੍ਹਾਂ ਦੇ 'ਦਲਾਲੀ' ਲਫਜ਼ ਨਾਲ ਦੇਸ਼ ਭਰ ਵਿੱਚ ਇਕ ਵਾਰੀ ਫਿਰ ਇਹ ਬਹਿਸ ਤੇਜ਼ ਹੋ ਗਈ ਹੈ ਅਤੇ ਕੁਝ ਥਾਵਾਂ ਤੇ ਲੋਕਾਂ ਨੇ ਰਾਹੁਲ ਗਾਂਧੀ ਵਿਰੁਧ ਕੇਸ ਦਰਜ ਕਰਵਾ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਜੇਹੀਆਂ ਗੱਲਾਂ ਨਾਲ ਫੌਜ ਦਾ ਮਨੋਬਲ ਡਿਗੇਗਾ।

ਇਹ ਮਸਲਾ ਸਿਆਸੀ ਪਾਰਟੀਆਂ ਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਦੇ ਟੀ.ਵੀ ਚੈਨਲਾਂ ਅਤੇ ਅਖਬਾਰਾਂ ਵਿੱਚ ਵੀ ਇੱਕ ਵੱਡੀ ਬਹਿਸ ਦਾ ਮੁੱਦਾ ਬਣਿਆ ਹੋਇਆ ਹੈ। ਭਾਰਤ ਦੇ ਕੁਝ ਟੀਵੀ ਚੈਨਲ ਤਾਂ ਇਸ ਮਸਲੇ ਨੂੰ ਬਹੁਤ ਜ਼ਬਰਦਸਤ ਢੰਗ ਨਾਲ ਹਵਾ ਦੇ ਰਹੇ ਹਨ। ਇਥੋਂ ਤੱਕ ਕਿ ਕੁਝ ਟੀ ਵੀ ਚੈਨਲਾਂ ਦੇ ਐਂਕਰ ਤਾਂ ਭਾਰਤੀ ਜਨਤਾ ਪਾਰਟੀ ਅਤੇ ਆਰ ਐਸ ਐਸ ਦੀ ਹਿਮਾਇਤ ਵਿੱਚ ਇਸ ਤਰਾਂ ਉੱਤਰ ਰਹੇ ਹਨ ਕਿ ਉਹ ਭਾਜਪਾ ਦੇ ਸਟੈਂਡ ਦਾ ਵਿਰੋਧ ਕਰਨ ਵਾਲੇ ਅਪੋਜੀਸ਼ਨ ਨੇਤਾਵਾਂ ਨੂੰ ਗੱਲ ਗੱਲ ਤੇ ਖੁਦ ਟੋਕ ਕੇ ਜਨਤਾ ਤੱਕ ਉਨ੍ਹਾਂ ਦੀ ਗੱਲ ਨਹੀਂ ਪਹੁੰਚਣ ਦਿੰਦੇ। ਕਈ ਵਾਰੀ ਪਾਕਿਸਤਾਨ ਦੀ ਕੋਈ ਨਾ ਕੋਈ ਹਸਤੀ ਵੀ ਬਹਿਸ ਵਿੱਚ ਸ਼ਾਮਲ ਕੀਤੀ ਜਾਂਦੀ ਹੈ ਪਰ ਉਸਨੂੰ ਵੀ ਐਂਕਰ ਆਪਣੀ ਗੱਲ ਖੁਲ੍ਹ ਕੇ ਨਹੀਂ ਰਖਣ ਦਿੰਦੇ ਅਤੇ ਆਮ ਤੌਰ ਤੇ ਐਂਕਰ ਉਨ੍ਹਾਂ ਨਾਲ ਅਤੇ ਅਪੋਜ਼ੀਸ਼ਨ ਨੇਤਾਵਾਂ ਨਾਲ ਬਹੁਤ ਬਦਤਮੀਜ਼ੀ ਨਾਲ ਪੇਸ਼ ਆ ਰਹੇ ਹਨ। ਜਦ ਉਹ ਵੇਖਦੇ ਹਨ ਕਿ ਭਾਜਪਾ ਤੇ ਆਰ ਐਸ ਐਸ ਦੀ ਗੱਲ ਵਜ਼ਨ ਨਹੀਂ ਰਖਦੀ ਤਾਂ ਐਂਕਰ ਉਨਾਂ ਦੀ ਮਦਦ ਤੇ ਖੁਦ ਉਤਰ ਜਿਥੋਂ ਤੱਕ ਅਖਬਾਰਾਂ ਦਾ ਸਬੰਧ ਹੈ ਕੁਝ ਅਖਬਾਰਾਂ ਸਰਜੀਕਲ ਅਪਰੇਸ਼ਨ ਨੂੰ ਮੋਦੀ ਸਰਕਾਰ ਦੀ ਵੱਡੀ ਪ੍ਰਾਪਤੀ ਸਮਝ ਰਹੀਆਂ ਹਨ ਜਦਕਿ ਕੁਝ ਦਾ ਕਹਿਣਾ ਹੈ ਕਿ ਅਜਿਹੀਆਂ ਗੱਲਾਂ ਫੌਜੀ ਕਾਰਵਾਈ ਦਾ ਹਿੱਸਾ ਹੁੰਦੀਆਂ ਹਨ। ਫੌਜ ਦੇ ਜਵਾਨ ਆਪਣੇ ਦੇਸ਼ ਲਈ ਲੜ ਰਹੇ ਹਨ। ਉਸ ਲਈ ਕੁਰਬਾਨੀਆਂ ਦਿੰਦੇ ਹਨ ਇਸ ਕਰਕੇ ਇਹ ਸਿਹਰਾ ਫੌਜ ਦੇ ਸਿਰ ਹੀ ਜਾਂਦਾ ਹੈ।

ਸਾਰੇ ਭਾਰਤ ਵਿੱਚ ਸਰਜੀਕਲ ਅਪਰੇਸ਼ਨ ਉੱਤੇ ਚਲ ਰਹੀ ਬਹਿਸ ਨੂੰ ਮੁੱਖ ਰਖਦਿਆਂ ਭਾਰਤ ਸਰਕਾਰ ਨੇ ਇਸ ਸਰਜੀਕਲ ਅਪਰੇਸ਼ਨ ਦੇ ਕੁਝ ਅੰਸ਼ 'ਆਜ ਤੱਕ' ਟੀਵੀ ਚੈਨਲ ਤੇ ਪੇਸ਼ ਕਰਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅਪਰੇਸ਼ਨ ਸੱਚਮੁਚ ਹੀ ਹੋਇਆ ਹੈ।

ਇੰਡੀਅਨ ਐਕਸਪ੍ਰੈਸ ਅਤੇ ਸੀ.ਐਨ.ਐਨ. ਨੇ ਵੀ ਸਰਜੀਕਲ ਅਪਰੇਸ਼ਨ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਦੋਹਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਸਾਧਨਾਂ ਰਹੀਂ ਮਕਬੂਜ਼ਾ ਕਸ਼ਮੀਰ ਦੇ ਉਸ ਇਲਾਕੇ ਦੇ ਲੋਕਾਂ ਕੋਲੋਂ ਕੀਤੀ ਹੈ ਜਿਨ੍ਹਾਂ ਨੇ ਮੰਨਿਆ ਹੈ ਕਿ ਭਾਰਤ ਵਲੋਂ ਸਰਜੀਕਲ ਅਪਰੇਸ਼ਨ ਹੋਇਆ ਹੈ ਅਤੇ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਫੌਜ ਨੂੰ ਮਾਰੇ ਗਏ ਕੁਝ ਅਤਿਵਾਦੀਆਂ ਦੀਆਂ ਲਾਸ਼ਾਂ ਟਰੱਕ ਵਿੱਚ ਲੱਦ ਕੇ ਲਿਜਾਂਦੇ ਵੇਖਿਆ।


ਭਾਰਤ ਨਾਲੋਂ ਜ਼ਿਆਦਾ ਇਹ ਮਸਲਾ ਪਾਕਿਸਤਾਨ ਵਿੱਚ ਮਘ ਰਿਹਾ ਹੈ। ਪਾਕਿਸਤਾਨ ਸਰਕਾਰ ਦਾ ਦਾਅਵਾ ਹੈ ਕਿ ਭਾਰਤ ਝੂਠ ਬੋਲ ਰਿਹਾ ਹੈ। ਅਜਿਹਾ ਕੋਈ ਸਰਜੀਕਲ ਅਪਰੇਸ਼ਨ ਮਕਬੂਜਾ ਕਸਮੀਰ ਦੀ ਸਰਹੱਦ ਅੰਦਰ ਨਹੀਂ ਹੋਇਆ। ਪਿਛਲੇ ਦਿਨ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਪਾਕਿਸਤਾਨੀ ਸੰਸਦ ਦਾ ਸਾਂਝਾ ਇਜਲਾਸ ਬੁਲਾ ਕੇ ਭਾਰਤ ਦੇ ਇਸ ਦਾਅਵੇ ਦਾ ਖੰਡਨ ਕੀਤਾ ਸੀ। ਉਨ੍ਹਾਂ ਕਿਹਾ ਭਾਰਤ ਝੂਠ ਬੋਲ ਰਿਹਾ ਹੈ। ਉਨ੍ਹਾਂ ਨੇ ਪਾਕਿਸਤਾਨ ਦੀ ਜਨਤਾ ਦਾ ਮਨੋਬਲ ਬਣਾਈ ਰੱਖਣ ਲਈ ਕਿਹਾ ਕਿ ਪਾਕਿਸਤਾਨ ਕਸ਼ਮੀਰ ਦੇ ਲੋਕਾਂ ਵਲੋਂ ਜੋ ਆਪਣੀ ਆਜ਼ਾਦੀ ਦਾ ਅੰਦੋਲਨ ਚਲਾਇਆ ਜਾ ਰਿਹਾ ਹੈ, ਉਸਦਾ ਸਮਰਥਨ ਕਰਦਾ ਹੈ ਅਤੇ ਕਰਦਾ ਰਹੇਗਾ। ਉਨ੍ਹਾਂ ਨੇ ਪਿਛੇ ਜਹੇ ਸ਼੍ਰੀਨਗਰ ਵਿੱਚ ਮਾਰੇ ਗਏ ਬੁਰਹਾਨ ਨੂੰ ਸ਼ਹੀਦ ਕਰਾਰ ਦਿੰਦਿਆਂ ਕਿਹਾ ਹੈ ਕਿ ਭਾਰਤੀ ਸੁਰੱਖਿਆ ਬੱਲ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਦਬਾਅ ਨਹੀਂ ਸਕਣਗੇ।

ਭਾਰਤ ਵਿੱਚ ਪਾਕਿਸਤਾਨ ਦੇ ਦੂਤਾਵਾਸ ਨੇ ਵੀ ਭਾਰਤ ਦੇ ਇਸ ਵਾਅਦੇ ਦਾ ਖੰਡਨ ਕੀਤਾ ਹੈ ਕਿ ਉਸਨੇ ਮਕਬੂਜ਼ਾ ਕਸ਼ਮੀਰ ਵਿੱਚ ਕੋਈ ਸਰਜੀਕਲ ਅਪਰੇਸ਼ਨ ਕੀਤਾ ਹੈ। ਇਥੇ ਵਰਣਨਯੋਗ ਹੈ ਕਿ ਇਸ ਅਪਰੇਸ਼ਨ ਤੋਂ ਕੁਝ ਦਿਨ ਪਹਿਲਾਂ ਉੜੀ ਖੇਤਰ ਵਿੱਚ ਪਾਕਿਸਤਾਨ ਦੇ ਕੁਝ ਅਤਿਵਾਦੀਆਂ ਨੇ ਭਾਰਤ ਦੇ ਇਕ ਫੌਜੀ ਕੈਂਪ ਤੇ ਹਮਲਾ ਕਰਕੇ ਭਾਰਤ ਦੇ 19 ਜਵਾਨ ਮਾਰ ਦਿੱਤੇ ਸਨ। ਇਸ ਨਾਲ ਭਾਰਤ ਦੀ ਸਾਖ ਨੂੰ ਬਹੁਤ ਵੱਡਾ ਧੱਕਾ ਲੱਗਾ ਅਤੇ ਆਪਣੀ ਸਾਖ ਬਚਾਉਣ ਲਈ ਹੀ ਉਸਨੇ ਇਹ ਸਰਜੀਕਲ ਅਪਰੇਸ਼ਨ ਕੀਤਾ ਹੈ।

ਇਹ ਮਸਲਾ ਅੰਤਰਰਾਸ਼ਟਰੀ ਪੱਧਰ ਤੇ ਵੀ ਬਹੁਤ ਜ਼ੋਰ ਫੜ ਗਿਆ ਹੈ ਅਤੇ ਇਉਂ ਲੱਗਦਾ ਹੈ ਕਿ ਪਾਕਿਸਤਾਨ ਅੰਤਰਰਾਸ਼ਟਰੀ ਪੱਧਰ ਤੇ ਅਲੱਗ ਥਲੱਗ ਪੈ ਰਿਹਾ ਹੈ। ਇਸੇ ਗੱਲ ਨੂੰ ਮੁੱਖ ਰਖਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਪਾਕਿਸਤਾਨੀ ਫੌਜ ਨੂੰ ਕਿਹਾ ਹੈ ਕਿ ਉਹ ਅੱਤਵਾਦੀਆਂ ਦੀ ਢਾਲ ਨਾ ਬਣੇ ਅਤੇ ਅੱਤਵਾਦ ਨਾਲ ਸਬੰਧਤ ਸਾਰੇ ਮੁਕਦਮੇ ਤੇਜ਼ੀ ਨਾਲ ਖਤਮ ਕੀਤੇ ਜਾਣ। ਇਹ ਵੀ ਪਤਾ ਲੱਗਾ ਹੈ ਕਿ ਨਵਾਜ਼ ਆਈ.ਐਸ.ਆਈ ਦੇ ਮੁੱਖੀ ਰਿਜਵਾਨ ਅਖਤਰ ਅਤੇ ਫੌਜ ਦੇ ਮੁੱਖੀ ਰਾਹਿਲ ਸ਼ਰੀਫ ਨੂੰ ਬਦਲਣ ਦੀ ਤਿਆਰੀ ਵਿੱਚ ਹਨ। ਰਿਜਵਾਨ ਅਖਤਰ ਦੇ ਅਹੁਦੇ ਦੀ ਮਿਆਦ ਕੇਵਲ ਇੱਕ ਸਾਲ ਰਹਿ ਗਈ ਹੈ। ਜਦਕਿ ਰਾਹਿਲ ਸ਼ਰੀਫ ਦੇ ਅਹੁਦੇ ਦੀ ਮਿਆਦ ਇੱਕ ਮਹੀਨਾ ਰਹਿ ਗਈ ਹੈ। ਇਥੇ ਵਰਣਨਯੋਗ ਹੈ ਕਿ ਆਈ ਐਸ ਆਈ ਦਾ ਫੌਜ ਦੁਆਰਾ ਕੀਤੇ ਜਾਣ ਵਾਲੇ ਫੈਸਲਿਆਂ ਉਤੇ ਬਹੁਤ ਅਸਰ ਹੁੰਦਾ ਹੈ ਅਤੇ ਅੱਤਵਾਦ ਵੀ ਉਸੇ ਵੱਲੋਂ ਚਲਾਇਆ ਇਸਦੇ ਨਾਲ ਹੀ ਭਾਰਤ ਵਲੋਂ ਵੀ ਇੱਕ ਚੰਗਾ ਸੰਕੇਤ ਸਾਹਮਣੇ ਆਇਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਭਾਰਤ ਦੀ ਵੱਧਦੀ ਤਾਕਤ ਨੂੰ ਆਪਣੇ ਲਈ ਖਤਰਾ ਨਹੀਂ ਸਮਝਣਾ ਚਾਹੀਦਾ। ਅਸੀਂ ਸ਼ਾਂਤੀ ਚਾਹੁੰਦੇ ਹਾਂ ਪਰ ਜੇਕਰ ਕੋਈ ਸਾਡੇ ਤੇ ਜੰਗ ਥੋਪਣਾ ਚਾਹੁੰਦਾ ਹੈ ਤਾਂ ਅਸੀ ਚੁੱਪ ਨਹੀਂ ਬੈਠ ਸਕਦੇ। ਪਾਕਿਸਤਾਨ ਦੇ ਸੁਰਖਿਆ ਸਲਾਹਕਾਰ ਸ਼੍ਰੀ ਜੰਜੂਆ ਨੇ ਵੀ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਹਮੇਸ਼ਾ ਲਈ ਇੱਕ ਦੂਜੇ ਦੇ ਵਿਰੋਧੀ ਨਹੀਂ ਰਹਿ ਸਕਦੇ। ਦੋਵੇਂ ਦੇਸ਼ ਪ੍ਰਮਾਣੂ ਸ਼ਕਤੀਆਂ ਹਨ ਅਤੇ ਦੋਵੇਂ ਹੀ ਸਮਝਦੇ ਹਨ ਕਿ ਪ੍ਰਮਾਣੂ ਜੰਗ ਦੇ ਕੀ ਅਰਥ ਹੋ ਸਕਦੇ ਹਨ।



**ਅਸੀਂ ਸਮਝਦੇ ਹਾਂ ਕਿ ਇਹ ਦੋਵੇਂ ਦੇਸ਼ ਬਹੁਤ ਜ਼ਬਰਦਸਤ ਤਣਾਓ ਤੋਂ ਬਾਅਦ ਸ਼ਾਂਤੀ ਵੱਲ ਆ ਰਹੇ ਹਨ। ਭਾਵੇਂ ਇਸੇ ਦੌਰਾਨ ਹੀ ਇਹ ਖਬਰਾਂ ਮਿਲੀਆਂ ਹਨ ਕਿ ਪਾਕਿਸਤਾਨ ਵਾਲੇ ਪਾਸੇ ਸਰਹੱਦ ਤੇ ਪਾਕਿ ਫੌਜ ਦੀਆਂ ਸਰਗਰਮੀਆਂ ਵੱਧ ਰਹੀਆਂ ਹਨ। ਜਦ ਇਹ ਲੇਖ ਲਿਖਿਆ ਜਾ ਰਿਹਾ ਸੀ 11 ਘੰਟੇ ਤੋਂ ਪੰਪੋਰ ਵਿਚ ਪਾਕਿਸਤਾਨੀ ਅਤਿਵਾਦੀਆਂ ਅਤੇ ਭਾਰਤੀ ਫੌਜ ਵਿੱਚ ਫਾਇਰਿੰਗ ਚਲ ਰਹੀ ਸੀ। ਪਰ ਫਿਰ ਵੀ ਇਸ ਗੱਲ ਨੂੰ ਵਜ਼ਨ ਦੇਣਾ ਪਵੇਗਾ ਕਿ ਪੰਜਾਬ ਦੀ ਸਰਹੱਦ ਤੇ ਖਾਲੀ ਕਰਾਈ ਗਏ ਪਿੰਡਾਂ ਦੇ ਲੋਕਾਂ ਨੂੰ ਵਾਪਿਸ ਆਪਣੇ ਪਿੰਡਾਂ ਵਿੱਚ ਜਾਣ ਦੇ ਆਦੇਸ਼ ਦੇ ਦਿੱਤੇ ਗਏ ਹਨ ਉਹ ਆਪੋ ਆਪਣੇ ਪਿੰਡਾਂ ਵਿੱਚ ਚਲੇ ਗਏ ਹਨ। ਉਥੇ ਹਲਾਤ ਆਮ ਵਰਗ ਬਣ ਗਏ ਹਨ। ਦੋਵੇਂ ਪ੍ਰਮਾਣੂ ਸ਼ਕਤੀਆਂ ਹਨ ਅਤੇ ਦੋਹਾਂ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਦੀ ਜੋ ਮਾਨਸਿਕਤਾ ਉਭਰ ਕੇ ਸਾਮ੍ਹਣੇ ਆ ਰਹੀ ਹੈ ਉਸ ਤੋਂ ਇਹੀ ਲਗਦਾ ਹੈ ਕਿ ਦੋਹਾਂ ਦੇਸ਼ਾਂ ਵਿੱਚ ਟਕਰਾਓ ਦੀ ਸਥਿਤੀ ਮੱਧਮ ਹੋ ਰਹੀ ਹੈ।**



ਅਸੀਂ ਸਮਝਦੇ ਹਾਂ ਕਿ ਇਹ ਦੋਵੇਂ ਦੇਸ਼ ਬਹੁਤ ਜ਼ਬਰਦਸਤ ਤਣਾਓ ਤੋਂ ਬਾਅਦ ਸ਼ਾਂਤੀ ਵੱਲ ਆ ਰਹੇ ਹਨ। ਭਾਵੇਂ ਇਸੇ ਦੌਰਾਨ ਹੀ ਇਹ ਖਬਰਾਂ ਮਿਲੀਆਂ ਹਨ ਕਿ ਪਾਕਿਸਤਾਨ ਵਾਲੇ ਪਾਸੇ ਸਰਹੱਦ ਤੇ ਪਾਕਿ ਫੌਜ ਦੀਆਂ ਸਰਗਰਮੀਆਂ ਵੱਧ ਰਹੀਆਂ ਹਨ। ਜਦ ਇਹ ਲੇਖ ਲਿਖਿਆ ਜਾ ਰਿਹਾ ਸੀ 11 ਘੰਟੇ ਤੋਂ ਪੰਪੋਰ ਵਿਚ ਪਾਕਿਸਤਾਨੀ ਅਤਿਵਾਦੀਆਂ ਅਤੇ ਭਾਰਤੀ ਫੌਜ ਵਿੱਚ ਫਾਇਰਿੰਗ ਚਲ ਰਹੀ ਸੀ। ਪਰ ਫਿਰ ਵੀ ਇਸ ਗੱਲ ਨੂੰ ਵਜ਼ਨ ਦੇਣਾ ਪਵੇਗਾ ਕਿ ਪੰਜਾਬ ਦੀ ਸਰਹੱਦ ਤੇ ਖਾਲੀ ਕਰਾਈ ਗਏ ਪਿੰਡਾਂ ਦੇ ਲੋਕਾਂ ਨੂੰ ਵਾਪਿਸ ਆਪਣੇ ਪਿੰਡਾਂ ਵਿੱਚ ਜਾਣ ਦੇ ਆਦੇਸ਼ ਦੇ ਦਿੱਤੇ ਗਏ ਹਨ ਉਹ ਆਪੋ ਆਪਣੇ ਪਿੰਡਾਂ ਵਿੱਚ ਚਲੇ ਗਏ ਹਨ। ਉਥੇ ਹਲਾਤ ਆਮ ਵਰਗ ਬਣ ਗਏ ਹਨ। ਦੋਵੇਂ ਪ੍ਰਮਾਣੂ ਸ਼ਕਤੀਆਂ ਹਨ ਅਤੇ ਦੋਹਾਂ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਦੀ ਜੋ ਮਾਨਸਿਕਤਾ ਉਭਰ ਕੇ ਸਾਮ੍ਹਣੇ ਆ ਰਹੀ ਹੈ ਉਸ ਤੋਂ ਇਹੀ ਲਗਦਾ ਹੈ ਕਿ ਦੋਹਾਂ ਦੇਸ਼ਾਂ ਵਿੱਚ ਟਕਰਾਓ ਦੀ ਸਥਿਤੀ ਮੱਧਮ ਹੋ ਰਹੀ ਹੈ।




## ਗ਼ਜ਼ਲ



ਸੂਰਜ ਦੀ ਅੱਖ 'ਚ ਸੁਰਮਾ ਕੌਣ ਪਾਵੇ,
ਨਾਲੇ ਇੰਨੀ ਉੱਚੀ ਪੌੜੀ ਕੌਣ ਬਣਾਵੇ।

ਧਰਤੀ ਅਤੇ ਲੋਕ ਸਲਾਮ ਤਾਂ ਕਰ ਸਕਦੇ,
ਪਰ ਅੰਬਰੋਂ ਉਹਨੂੰ ਥੱਲੇ ਕੌਣ ਲਿਆਵੇ।

ਤੂੜੀ, ਦਾਣੇ, ਤੰਗਲੀ ਸਭ ਬਿਖਰ ਗਏ,
ਕਾਮਾ ਦੂਰ ਹੋਇਆ, ਨੇੜੇ ਕੌਣ ਬੈਠਾਵੇ।

ਬਿਰਖ ਅਤੇ ਪੰਛੀ ਕਦੇ ਰੁੱਸਦੇ ਨਹੀਂ,
ਬੰਦਾ ਰੋਜ਼ ਰੁਸਦੈ ਦੱਸੋ ਕੌਣ ਸਮਝਾਵੇ।

ਹਉਮੈ ਤੇ ਈਰਖਾ ਮਨੁੱਖਤਾ ਦੇ ਵੈਰੀ,
ਦਿਲਾਂ 'ਤੇ ਮੋਹ ਦਾ ਮਲੰਮਾ ਕੌਣ ਚਾੜ੍ਹੇ।

ਪੰਜਾਬ ਦੇ ਦਰਿਆ ਸੁੱਕੀ ਜਾਂਦੇ ਯਾਰੋ,
ਕੁਦਰਤ ਬਦਲੀ ਜਾਂਦੀ ਉਨੂੰ ਕੌਣ ਹਟਾਵੇ।

ਸੂਰਜ ਦੀ ਚਮਕ ਤੇ ਸੇਕ ਏਨਾ 'ਕਮਲ'
ਉਸ ਦੀ ਅੱਖ 'ਚ ਸੁਰਮਾ ਕੌਣ ਪਾਵੇ।

**-ਕਮਲ ਬੰਗਾ ਸੈਕਰਾਮੈਂਟੋ**
916-897-8570

## ਭਗਤ ਸਿੰਘ ਨਹੀ ਜੰਮਦੇ

ਕਿਉਂ ਮੇਰੇ ਦੇਸ਼ ਚ ਹੁਣ ਭਗਤ ਸਿੰਘ ਨਹੀਂ ਜੰਮਦੇ
ਤਾਹੀਂ ਤਾਂ ਜ਼ਾਲਿਮ ਹੁਣ ਜ਼ੁਲਮ ਕਰਦੇ ਨਹੀਂ ਕੰਬਦੇ

ਸਾਹ ਜਿਹੜਾ ਕੱਢ ਲੈਣ ਕਿਸੇ ਜਾਲਮ ਸਰਕਾਰ ਦੇ
ਜਾਕੇ ਜਦੋਂ ਅਸੈਂਬਲੀ ਵਿੱਚ ਬੰਬ ਉਹ ਨੇ ਮਾਰਦੇ

ਸਰਕਾਰ ਨੂੰ ਉਸ ਵਾਂਗੂ ਵਖਤ ਨਾ ਪਾਏ ਕੋਈ ਹੁਣ
ਦੇਸ਼ ਆਪਣੇ ਲੋਕਾਂ ਕੋਲ ਗ਼ੁਲਾਮ ਨਾ ਬਚਾਵੇ ਕੋਈ ਹੁਣ

ਜੰਮਦਾ ਨਾ ਕਿਉਂ ਜਿਸ ਹੋਵੇ ਜਜ਼ਬਾਤ ਪਿਆਰ ਦਾ
ਹਰ ਕੋਈ ਲੱਗੇ ਬੱਸ ਆਪਣੇ ਹੀ ਹੱਕ ਵਿਚਾਰਦਾ

ਫਾਂਸੀ ਵਾਲਾ ਰੱਸਾ ਗਲ ਪਾਉਣਾ ਲੱਗੇ ਗੱਲ ਦੂਰ ਦੀ
ਥੱਕਦੇ ਨਾ ਜਵਾਨ ਕਰਦੇ ਜੀ ਹਜ਼ੂਰੀ ਮਾਲਿਕ ਹਜ਼ੂਰ ਦੀ

ਖਾ ਗਏ ਲੁੱਟ ਦੇਸ਼ ਦੇ ਹਾਕਮ ਨਾ ਕੋਈ ਬੋਲਿਆ
ਭਗਤ ਸਿੰਘ ਬਿਨਾਂ ਅਸੀਂ ਦੇਸ਼ ਅਪਣਾ ਰੋਲਿਆ

ਪਤਾ ਨਹੀਂ ਪੰਜਾਬ ਚੋਂ ਪਾਣੀ ਅਣਖ ਦਾ ਮੁੱਕਿਆ
ਗਿਆ ਜਦੋਂ ਦਾ ਭਗਤ ਸਿੰਘ ਕੋਈ ਹੋਰ ਨਾ ਢੁੱਕਿਆ

**- ਹਰਦੀਪ ਬਿਰਦੀ**
01-90416-00900

## ਘਟਾ (ਅਣਜੰਮੀ ਧੀ)



**11 ਅਕਤੂਬਰ ਅੰਤਰਰਾਸ਼ਟਰੀ ਲੜਕੀ ਦਿਵਸ 'ਤੇ ਵਿਸ਼ੇਸ਼**

ਮੈਂ ਉਹ ਘਟਾ ਹਾਂ, ਜੋ ਵਿਹੜੇ ਤੇਰੇ ਵਰ੍ਹੀ ਨਾ।
ਮੈਂ ਜੋ ਤੇਰੇ ਵਲਗਣਾਂ 'ਚ ਝਾਕਦੀ ਰਹੀ।
ਤੇਰੇ ਘਰ-ਪ੍ਰਵਾਰ ਦੀ ਖੈਰ ਮੰਗਦੀ ਰਹੀ।
ਮੈਂ ਬਣ ਕੇ ਬਾਰਸ਼ ਵਰ੍ਹਨਾ ਸੀ।
ਤੇਰੇ ਬਗੀਚੇ ਨੂੰ ਪ੍ਰਫੁੱਲਿਤ ਕਰਨਾ ਸੀ।
ਮੇਰੇ ਨਾਲ ਹੀ ਤੇਰੇ ਫੁੱਲਾਂ ਦਾ ਰੰਗ ਖਿੜਨਾ ਸੀ।
ਪਰ ਤੂੰ ਮੈਨੂੰ ਮਨਜ਼ੂਰ ਨਾ ਕੀਤਾ।
ਰੂਹ ਮੇਰੀ ਹੋਈ ਫੀਤਾ ਫੀਤਾ।
ਤੂੰ ਘਰ ਵਿਚ ਪੱਤਝੜ ਆਪ ਬੁਲਾਈ ਹੈ।
ਤੂੰ ਲਛਮੀ ਘਰ 'ਚੋਂ ਮੋੜੀ ਏ।
ਤੇਰੀ ਸੋਚ ਬੜੀ ਹੀ ਸੌੜੀ ਏ।
ਤੇਰੇ ਸੀਨੇ ਵਿਚ ਇਹ ਗੁਨਾਹ ਹਮੇਸ਼ਾ ਰਹੇਗਾ।
ਤੂੰ ਕੁੜੀ ਕੁੱਖ 'ਚ ਮਾਰੀ ਏ।
ਤੂੰ ਕੁੱਲ ਵਧਾਉਣ ਦੀ ਗੱਲ ਕਰਦਾ ਸੀ।
ਮੈਂ ਕੁੱਲ ਦੀ ਸ਼ਾਨ ਵਧਾਉਣੀ ਸੀ।
ਮੈਂ ਵੀ ਰਾਜਗੁਰੂ ਸੁਖਦੇਵ ਭਗਤ ਸਿੰਘ
ਸ਼ੇਖਰ ਤੇ ਸੁਭਾਸ਼ ਦੀ ਮਾਂ ਹੋਈ ਸੀ।
ਸ਼ਾਨ ਤੇਰੀ ਹੀ ਉੱਚੀ ਹੋਣੀ ਸੀ।।
ਮੈਂ ਵਰ੍ਹ ਸਕਦੀ ਸੀ, ਮੈਂ ਬਚ ਸਕਦੀ ਸੀ।
ਜੇ ਮੇਰਾ ਹੀ ਹਿੱਸਾ ਤੇ ਮੇਰੇ ਹੀ ਜਿਹੀ।
ਨਾਲ ਤੇਰੇ ਖਲੋਂਦੀ ਨਾ।
ਮੈਂ ਉਹ ਘਟਾ ਹਾਂ ਜੋ ਵਿਹੜੇ ਤੇਰੇ ਵਰ੍ਹੀ ਨਾ।

**ਪ੍ਰਮਿੰਦਰ ਸਿੰਘ 'ਪ੍ਰਵਾਨਾ'**
510-781-0487

## ਲਾਹਣਤ ਹੈ ਏਸ ਦੇ ਜੀਣ ਉਤੇ

**ਸੰਤ ਰਾਮ (ਮਰਹੂਮ) ਡਾਇਰੈਕਟਰ,**
**ਗੁਰੂ ਰਵਿਦਾਸ ਡਰਾਮਾਟਿਕ ਕਲੱਬ,ਪਿਪਲਾਂਵਾਲਾ (ਹੁਸ਼ਿਆਰਪੁਰ)**

ਇਕ ਦਿਨ ਪੁੱਛਿਆ ਮੈਂ ਖੁਦਾ ਕੋਲੋਂ, ਏਡਾ ਭਾਰ ਕਿਉਂ ਪਿਆ ਕਮੀਨ ਉਤੇ।
ਕੋਈ ਖਾਏ ਹਲਵਾ ਕੋਈ ਖਾਏ ਪੂੜੀ, ਏਦ੍ਹੀ ਗੁਜਰ ਕਿਉਂ ਜੂਝ ਦੀ ਰੀਣ ਉਤੇ।
ਉਤੇ ਬਦਨ ਦੇ ਚੱਜ ਦੀ ਲੀਰ ਹੈ ਨਹੀਂ, ਪਕੜ ਸੂਈ ਧਾਗਾ ਰਹਿੰਦਾ ਸੀਣ ਉਤੇ।
ਸਾਰਾ ਜੱਗ ਆਰਾਮ ਦਾ ਖਾਏ ਟੁਕੜਾ, ਬੈਠਾ ਰਹਿੰਦਾ ਇਹ ਸਦਾ ਕਿਉਂ ਪੀਹਣ ਉਤੇ।
ਰੱਬਾ! ਕਹਿ ਇਹਨੂੰ ਜਾਂ ਆਜ਼ਾਦ ਹੋ ਜਾਏ, ਨਹੀਂ ਤਾਂ ਲਾਹਨਤ ਹੈ ਏਸ ਦੇ ਜੀਣ ਉਤੇ।

## ਝੂਠੇ ਦਾਤੇ

**ਬਲਵੀਰ ਕਾਲੇਕੇ**

ਡਾਢੇ ਕੋਲੋਂ ਮੰਗੋ ਜਿਹੜਾ ਦੇ ਕੇ ਨਹੀਂ ਭੁੱਦਾ
ਤਿੰਨਾਂ ਜਹਾਨਾਂ ਵਿਚ ਹੈ ਨਾ ਜੀਹਦੇ ਕੋਈ ਤੁੱਲ ਦਾ
ਜੀਹਨੇ ਦਿਨ ਤੇ ਬਣਾਈਆਂ ਇਹ ਰਾਤਾਂ
ਰੱਬ ਕੋਲੋਂ ਮੰਗੋ ਸੋਹਣਿਉ ਕਾਹਤੋਂ ਮੰਗਦੇ ਭਿਖਾਰੀਆਂ ਤੋਂ ਦਾਤਾਂ।

ਰੱਬ ਦੀਆਂ ਖੇਡਾਂ ਨੇ ਵਹੀ ਬੜੀਆਂ ਨਿਆਰੀਆਂ
ਡੁੱਬਦੀਆਂ ਸਾਗਰਾਂ 'ਚੋਂ ਬੇੜੀਆਂ ਨੇ ਤਾਰੀਆਂ
ਜੀਹਨੇ ਪਲਾਂ 'ਚ ਮੁਕਾਈਆਂ ਨੇ ਵਾਟਾਂ
ਰੱਬ ਕੋਲੋਂ .....

ਇਹਨੇਂ ਪਖੰਡੀ ਜਿਹੜੇ ਦਰ ਦਰ ਮੰਗਦੇ
ਭੋਲੀ ਭੋਲੀ ਜਨਤਾ ਨੂੰ ਲੁੱਟਦੇ ਨਾ ਸੰਗਦੇ
ਤਾਹੀਉਂ ਕਰਦੇ ਨੇ ਇਹ ਮੁਲਾਕਾਤਾਂ
ਰੱਬ ਕੋਲੋਂ ....


ਕਾਲੇਕੇ ਦਾ ਬਿੱਲੂ, ਥੋਨੂੰ ਦੋਨੋਂ ਹੱਥ ਜੋੜਦਾ
ਮਾਰ ਮਾਰ ਤਾਅਨੇ ਤਾਹੀਉਂ ਤੁਸਾਂ ਨੂੰ ਝੰਜੋੜਦਾ
ਤੁਸੀਂ ਛੱਡਦੋ ਬੇਸ਼ਰਮੋ ਇਹ ਚਾਟਾਂ
ਰੱਬ ਕੋਲੋਂ ਮੰਗੋ ਸੋਹਣਿਉ
ਕਾਹਤੋਂ ਮੰਗਦੇ ਭਿਖਾਰੀਆਂ ਤੋਂ ਦਾਤਾਂ।

# ਰਾਠੇਸ਼ਵਰ ਸਿੰਘ ਸੂਰਾਪੁਰੀ ਦੀ ਕਾਵਿ ਰਚਨਾ 'ਦਿਲ ਦੀ ਆਵਾਜ਼' ਬਾਰੇ

**ਮੁਹਿੰਦਰ ਸਿੰਘ ਘੱਗ**

ਰਾਠੇਸ਼ਵਰ ਸਿੰਘ ਸੂਰਾਪੁਰੀ ਆਪਣੇ ਪਹਿਲੇ ਕਹਾਣੀ ਸੰਗਰਿਹ 'ਝਿੜੀ ਵਾਲ਼ਾ ਖੂਹ' ਤੋਂ ਅੱਗੇ ਹੁਣ ਆਪਣੀਆਂ ਕਵਿਤਾਵਾਂ ਦੀ ਕਿਤਾਬ 'ਦਿਲ ਦੀ ਆਵਾਜ਼' ਲੈ ਕੇ ਹਾਜ਼ਰ ਹੋਏ ਹਨ। ਆਮ ਤੌਰ ਤੇ ਪਹਿਲੀਆਂ ਲਿਖ਼ਤਾਂ ਵਿਚ ਲੇਖਕ ਆਪਣੇ ਜੁਆਨੀ ਬਾਰੇ ਦੇ ਵਲਵਲੇ ਸਾਂਝੇ ਕਰਦਾ ਹੈ ਅਤੇ ਹੌਲ਼ੀ-ਹੌਲ਼ੀ ਵਧਦੀ ਆਯੂ ਉਸ ਨੂੰ ਵਾਰਤਕ ਵਲ ਮੋੜ ਦਿੰਦੀ ਹੈ, ਪਰ ਰਾਠੇਸ਼ਵਰ ਸਿੰਘ ਸੂਰਾਪੁਰੀ ਜੀ ਨੇ ਕਹਾਣੀ ਸੰਗ੍ਰਿਹ ਝਿੜੀ ਵਾਲ਼ਾ ਖੂਹ ਤੋਂ ਸ਼ੁਰੂਆਤ ਕਰਕੇ ਕਵਿਤਾ ਵਲ ਮੋੜਾ ਪਾਇਆ ਹੈ।

ਦਿਲ ਦੀ ਆਵਾਜ਼ ਸੁਣਨ ਲਈ ਡਾਕਟਰ ਲੋਕ ਸਟੈਥੋ ਸਕੋਪ ਲਾ ਕੇ ਦਿਲ ਦੀ ਧੜਕਣ ਨੂੰ ਸੁਣਦੇ ਹਨ। ਜਦ ਵੀ ਉਨ੍ਹਾਂ ਨੂੰ ਇਸ ਵਿਚ ਕੋਈ ਕਮਜ਼ੋਰੀ ਆਉਂਦੀ ਲੱਗਦੀ ਹੈ ਤਾਂ ਉਸ ਦਾ ਇਲਾਜ ਸ਼ੁਰੂ ਕਰ ਦਿੰਦੇ ਹਨ। ਇਹ ਮਾਸ ਦਾ ਇਕ ਪੌਂਡ ਦਾ ਲੋਥੜਾ ਜਨਮ ਤੋਂ ਪਹਿਲੇ ਹੀ ਆਹਰੇ ਲੱਗ ਜਾਂਦਾ ਹੈ। ਬਸ ਚੱਲ ਸੋ ਚਲ ਆਖ਼ਰੀ ਸਾਹ ਤਕ ਸਰੀਰ ਦੇ ਸਾਰੇ ਅੰਗਾਂ ਨੂੰ ਖ਼ੂਨ ਪਹੁੰਚਾਉਂਦਾ ਹੋਇਆ ਆਪਣਾ ਫਰਜ਼ ਨਿਭਾਉਣ ਲਈ ਤੋਰੀ ਰੱਖਦਾ ਹੈ। ਉਹ ਮਨ ਨੂੰ ਵੀ ਭਾਵੁਕਤਾ ਨਾਲ ਦੁੱਖ ਸੁੱਖ ਦਾ ਅਹਿਸਾਸ ਕਰਨ ਤੇ ਹੋਰ ਜ਼ੁਮੇਵਾਰੀਆਂ ਨਿਭਾਉਣ ਦੇ ਕਾਬਲ ਬਣਾਈ ਰੱਖਦਾ ਹੈ। ਇਸ ਸੰਗਰਿਹ ਦੀਆਂ ਕਵਿਤਾਵਾਂ ਰਾਹੀਂ ਰਾਠੇਸ਼ਵਰ ਸਿੰਘ ਸੂਰਾਪੁਰੀ ਜੀ ਨੇ ਆਪਣੇ ਧੁਰ ਦਿਲੋਂ ਉੱਪਜੀਆਂ ਕਵਿਤਾਵਾਂ ਨੂੰ ਆਪਣੀ ਇਸ ਕਿਤਾਬ 'ਦਿਲ ਦੀ ਆਵਾਜ਼' ਰਾਹੀਂ ਪਾਠਕਾਂ ਨਾਲ ਸਾਂਝਾ ਕੀਤਾ ਹੈ। ਇਸ ਕਿਤਾਬ ਦੇ ਮੁੱਖ ਟਾਈਟਲ ਨੂੰ ਬਣਾਉਣ ਵੇਲੇ ਭਾਵੇਂ ਕਾਹਲੀ ਵਰਤੀ ਗਈ ਲੱਗਦੀ ਹੈ ਪਰ ਕਿਤਾਬ ਦੇ ਆਖ਼ਰੀ ਪੰਨੇ ਤੇ ਰਾਠੀ ਸੂਰਾ-ਪੁਰੀ ਦੇ ਪੋਜ਼ ਨੇ ਪੁਸਤਕ ਨੂੰ ਸੁੰਦਰ ਬਣਾ ਦਿੱਤਾ ਹੈ। ਦੇਖ ਕੇ ਲੱਗਦਾ ਹੈ ਕਿ ਦਿਲ ਦੀ ਆਵਾਜ਼ ਸਾਂਝੀ ਕੀਤੀ ਕਿ ਕੀਤੀ।



ਮਾਂ-ਬੋਲੀ ਪੰਜਾਬੀ ਦੇ ਰਾਹ ਵਿਚ ਇਸ ਦੇ ਵਧਣ-ਫੁੱਲਣ ਲਈ ਕੀ ਰੁਕ-ਾਵਟਾਂ ਹਨ ਅਤੇ ਉਨ੍ਹਾਂ ਨੂੰ ਕਿਵੇ ਦੂਰ ਕਰਨਾ ਹੈ ਦੇ ਸੁਝਾਵਾਂ ਦੇ ਨਾਲ 'ਮਾਂ-ਬੋਲੀ' ਕਵਿਤਾ ਵਿਚ ਕੀਤੇ ਵਰਨਣ ਵਿੱਚੋਂ ਇਕ ਸ਼ੇਅਰ ਜੋ ਮੈਨੂੰ ਬਹੁਤ ਚੰਗਾ ਲੱਗਾ ਸਾਂਝਾ ਕਰ ਰਿਹਾ ਹਾਂ:
ਮਾਂ-ਬੋਲੀ ਦਾ ਹੈ ਸਭ ਨੂੰ ਕਰਨਾ ਆਦਰ ਚਾਹੀਦਾ,
ਚੰਗਾ ਸੁਥਰਾ ਲਿਖਕੇ ਦੇਵੋ ਨਵੀਂ ਨੁਹਾਰ ਪੰਜਾਬੀ ਨੂੰ।

ਰਾਠੀ ਸੂਰਾਪੁਰੀ ਆਪਣੀਆਂ ਕਵਿਤਾਵਾਂ ਦੁਆਰਾ ਆਰਥਿਕ ਮੰਦਹਾਲੀ, ਮਨੁੱਖੀ ਭਾਈਚਾਰਾ, ਰਿਸ਼ਤਿਆਂ ਵਿਚ ਆ ਰਹੀ ਤਬਦੀਲੀ, ਪਰਵਾਸ ਦਾ ਦੁੱਖ-ਸੁੱਖ ਦੋਹਾਂ ਨੂੰ ਯਥਾਰਤ ਦੇ ਤਰਾਜ਼ੂ ਵਿਚ ਰੱਖ ਕੇ ਪੇਸ਼ ਕਰਦਾ ਹੈ। ਰਾਠੀ ਸੂਰਾਪੁਰੀ ਵਲੋਂ ਨਿਰ-ਉਚੇਚ ਸ਼ਬਦਾਂ ਦੀ ਵਰਤੋਂ ਕਰਨ ਕਾਰਨ ਉਹ 'ਲੋਕ ਕਵੀਆਂ' ਦੀ ਕਤਾਰ ਵਿਚ ਖੜ੍ਹਾ ਹੋ ਗਿਆ ਜਾਪਦਾ ਹੈ। ਉਨ੍ਹਾਂ ਦੀ ਹਰ ਕਵਿਤਾ ਹੀ ਜਨਸ-ਧਾਰਨ ਦੇ ਖਿਆਲਾਂ ਦੀ ਤਰਜਮਾਨੀ ਕਰਦੀ ਜਾਪਦੀ ਹੈ। ਉਨ੍ਹਾਂ ਦੀਆਂ ਕਵਿਤਾਵਾਂ ਵਿਚਲਾ ਹਾਸਰਸ ਅਤੇ ਵਿਅੰਗ ਦਾ ਅੰਸ਼ ਉਨ੍ਹਾਂ ਨੂੰ ਬਾਕੀ ਕਵੀਆਂ ਨਾਲੋਂ ਨਿਖੇੜਦਾ ਹੈ। ਰਾਠੇਸ਼ਵਰ ਸਿੰਘ ਜੀ ਦੀ ਕਵਿਤਾ ਸਰਲ ਭਾਸ਼ਾ ਵਿਚ ਹੋਣ ਕਾਰਨ ਪਾਠਕਾਂ ਨੂੰ ਸਮਝਣ ਲਈ ਦਿਮਾਗ਼ ਤੇ ਹੋਰ ਕੋਈ ਵਾਧੂ ਬੋਝ ਨਹੀਂ ਪਾਉਣਾ ਪੈਂਦਾ।

ਹੋਰ ਲੇਖਕਾਂ ਵਾਂਗ ਸੂਰਾਪੁਰੀ ਵੀ ਚੱਲਦੇ ਮਸਲਿਆਂ ਦੀ ਗੱਲ ਕਰਦਾ ਹੈ ਪਰ 'ਮੇਰੇ ਹਾਣਦੀਆਂ' ਨਾਮੀ ਕਵਿਤਾ ਇਨ੍ਹਾਂ ਦੇ ਮਨ ਦੀ ਰੰਗਲੀ ਜਵਾਨੀ ਦੀ ਯਾਦ ਲੱਗਦੀ ਹੈ, ਪਰ ਹਾਣਦੇ ਕਿਉਂ ਮਨਫ਼ੀ ਹਨ ਇਹ ਤਾਂ ਸੂਰਾਪੁਰੀ ਹੀ ਜਾਣੇ!ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਡਾਇਰੈਕਟਰ ਦੀ ਸੇਵਾ ਨਿਭਾਉਂਦੇ ਹੋਏ, ਰਾਠੇਸ਼ਵਰ ਸਿੰਘ ਸੂਰਾਪੁਰੀ ਉਹ ਹਰ ਜ਼ਿੰਮੇਵਾਰੀ ਵੀ ਨਿਭਾ ਜਾਂਦਾ ਹੈ ਜਿਸ ਨਾਲ ਸਾਹਿਤ ਸਭਾ ਦਾ ਭਲਾ ਅਤੇ ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਵਧੇ। ਉਨ੍ਹਾਂ ਦਾ ਬੇਟਾ ਗੁਰਿੰਦਰ ਪਾਲ ਸਿੰਘ ਸੂਰਾਪੁਰੀ ਵੀ ਇਕ ਚੰਗਾ ਗੀਤਕਾਰ ਹੋ ਨਿੱਬੜਿਆ ਹੈ।ਉਨ੍ਹਾਂ ਦੀ ਕਲਮ ਵੀ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਨ ਵਿਚ ਜੁੱਟ ਗਈ ਹੈ।

ਉਨ੍ਹਾਂ ਦੀ ਇਸ ਕਿਤਾਬ 'ਦਿਲ ਦੀ ਆਵਾਜ਼' ਨੂੰ ਜੀ ਆਇਆਂ ਆਖ਼ਦਾ ਹੋਇਆਂ ਹੋਰ ਉਡੀਕ ਕਰਦਾ ਕਰਾਂਗਾ।
ਆਮੀਨ।

# ਭੈਣਾਂ ਵੱਲੋਂ ਵੀਰ ਦੀ ਮੰਗ ਲਈ ਤੇ ਪਰਿਵਾਰ ਦੀ ਸੁਖ ਸ਼ਾਂਤੀ ਲਈ ਮਨਾਇਆ ਜਾਂਦਾ ਤਿਉਹਾਰ 'ਸਾਂਝੀ ਮਾਈ'

ਪੰਜਾਬ ਦੀ ਧਰਤੀ ਮੇਲਿਆਂ, ਤਿਉਹਾਰਾਂ ਦੀ ਧਰਤੀ ਹੈ। ਇਥੇ ਪੁਰਾਤਨ ਸਮੇਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਮੇਲੇ ਅਤੇ ਤਿਉਹਾਰ ਮਨਾਏ ਜਾਂਦੇ ਹਨ। ਇਹਨਾਂ ਪੁਰਾਤਨ ਤਿਉਹਾਰਾਂ ਵਿਚੋਂ ਇਕ ਤਿਉਹਾਰ ਹੈ ਸਾਂਝੀ ਮਾਈ ਦਾ। ਇਹ ਤਿਉਹਾਰ ਭੈਣਾਂ, ਵੀਰ ਦੀ ਮੰਗ ਲਈ ਤੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਮਨਾਉਂਦੀਆਂ ਹਨ। ਇਸ ਤਿਉਹਾਰ ਨੂੰ ਲੜਕੀਆ ਇਕੱਠੀਆਂ ਹੋ ਕੇ ਮਨਾਉਂਦੀਆ ਹਨ। ਸਾਂਝੀ ਮਾਈ ਤਕਰੀਬਨ ਹਰ ਘਰ ਵਿਚ ਲਗਾਈ ਜਾਂਦੀ ਹੈ। ਕਈ ਪਰਿਵਾਰ ਮਿਲ ਕੇ ਵੀ ਸਾਂਝੀ ਮਾਈ ਲਾ ਲੈਂਦੇ ਹਨ। ਜਿਸ ਤਰ੍ਹਾਂ ਨਾਂਅ ਤੋਂ ਹੀ ਸਪੱਸ਼ਟ ਹੈ, ਸਾਂਝੀ ਮਾਈ ਦੀ ਮੂਰਤੀ ਇਕ ਜਨਾਨੀ ਦੀ ਮੂਰਤੀ ਬਣਾਈ ਜਾਂਦੀ ਹੈ। ਮੂਰਤੀ ਬਣਾਉਣ ਲਈ ਪਹਿਲਾ ਕੁੜੀਆਂ ਚੀਕਣੀ ਮਿੱਟੀ ਲਿਆਂਉਂਦੀਆ ਹਨ। ਫਿਰ ਮਿੱਟੀ ਨੂੰ ਚੰਗੀ ਤਰ੍ਹਾਂ ਗੋ ਕੇ ਸੂਰਜ, ਚੰਦ, ਤਾਰੇ ਟਿੱਕੀਆ, ਗਹਿਣੇ ਤੇ ਹੋਰ ਵਰਤੋਂ ਦੀਆ ਚੀਜ਼ਾ ਧਰਤੀ 'ਤੇ ਬਣਾਉਂਦੀਆਂ ਹਨ। ਫਿਰ ਸੁੱਕਣ ਲਈ ਧੁੱਪੇ ਰੱਖ ਦਿੱਤੇ ਜਾਂਦੇ ਹਨ। ਜਦੋਂ ਇਹ ਚੰਗੀ ਤਰ੍ਹਾ ਸੁੱਕ ਜਾਂਦੇ ਹਨ ਤਾਂ ਸੁੱਕਣ ਤੋਂ ਬਾਅਦ ਇਹਨਾਂ ਨੂੰ ਵੱਖ ਵੱਖ ਰੰਗਾਂ ਨਾਲ ਸਜਾਇਆ ਜਾਂਦਾ ਹੈ। ਫਿਰ ਪਹਿਲੇ ਨਰਾਤੇ ਵਾਲੇ ਦਿਨ ਘਰ ਦੀ ਕੰਧ 'ਤੇ ਪਹਿਲਾਂ ਗੋਹਾ-ਮਿੱਟੀ ਥੱਪਿਆ ਜਾਂਦਾ ਹੈ, ਫਿਰ ਉਸ ਉੱਪਰ ਸੂਰਜ, ਚੰਦ, ਤਾਰੇ, ਗਹਿਣੇ ਤੇ ਹੋਰ ਚੀਜ਼ਾਂ ਚਿਪਕਾ ਦਿੱਤੇ ਜਾਂਦੇ ਹਨ। ਰਸਮ ਅਨੁਸਾਰ ਉਸ ਦਾ ਨੌਕਰ ਘੁੱਦੂ ਤੇ ਬਰੋਟਾ ਵੀ ਲਗਾਏ ਜਾਂਦੇ ਹਨ। ਕੁਝ ਘਰਾਂ ਅੰਦਰ ਇਕੱਲਾ ਬਰੋਟਾ ਵੀ ਲਗਾਇਆ ਜਾਂਦਾ ਹੈ ਜੋ ਭੈਣ ਵੱਲੋਂ ਵੀਰ ਦੀ ਮੰਗ



ਕਰਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮਿੱਟੀ ਨਾਲ ਬਣਾਏ ਸਾਂਝੀ ਮਾਈ ਦੇ ਅੰਗ ਬੇਹੱਦ ਆਕਰਸ਼ਿਤ ਹੁੰਦੇ ਹਨ। ਰੋਜਾਨਾ ਸ਼ਾਮ ਨੂੰ ਕੁੜੀਆਂ 'ਕੱਠੀਆ ਹੋ ਕੇ ਸਾਂਝੀ ਮਾਈ ਦੀ ਆਰਤੀ ਕਰਦੀਆ ਹਨ ਤੇ ਦੇਸੀ ਘਿਉ ਦੀ ਜੋਤ ਜਗਾਉਂਦੀਆ ਹਨ। ਸਭ ਤੋਂ ਪਹਿਲਾਂ ਆਰਤੀ ਵਿਚ ਕੁੜੀਆਂ ਇਹ ਗੀਤ ਗਾਉਂਦੀਆ ਹਨ-
ਸਾਂਝੀ ਮਾਈ ਪਟੜੇ ਖੋਲ,
ਕੁੜੀਆਂ ਆਈਆਂ ਤੇਰੇ ਕੋਲ।
ਜਾਗੂੰਗੀ ਜਗਾਉਗੀ,
ਕੋਠੇ ਚੜ ਕੇ ਗਾਉਗੀ।

ਸਾਂਝੀ ਮਾਈ ਤੋਂ ਵੀਰ ਤੇ ਵੀਰ ਪਿਆਰ ਦੀ ਮੰਗ ਕਰਦੀਆ ਕੁੜੀਆਂ ਇਹ ਗੀਤ ਗਾਉਂਦੀਆਂ ਹਨ:-
ਪਹਿਲੀ ਆਰਤੀ ਕਰਾਂ ਕਰਾਰ,
ਜੀਵੇ ਮੇਰਾ ਵੀਰ ਪਿਆਰ।
ਵੀਰ ਪਿਆਰ ਦੀਆਂ ਅੜੀਆਂ,
ਸ਼ਿਵ ਦੁਆਲੇ ਖੜੀਆਂ।
ਨਰੈਣ ਸਾਡੇ ਆਇਆ
ਗੋਬਿੰਦ ਸਾਡੇ ਆਇਆ
ਅਸੀਂ ਹਰ ਕਾ ਦਰਸ਼ਨ ਪਾਇਆ।
ਬਰੋਟੇ ਦੀ ਆਰਤੀ ਕੁੜੀਆ ਇਸ ਤਰ੍ਹਾਂ ਕਰਦੀਆ ਹਨ-
ਜਾਗ ਬਰੋਟੇ ਜਾਗ, ਤੇਰੇ ਮੱਥੇ ਲੱਗੇ ਭਾਗ,
ਭਾਗੇਗਾ ਭਗਾਏਗਾ, ਆਪਣਾ ਵੀਰ ਖਿਲਾਏਗਾ,
ਵੀਰ ਦੀਏ ਪੱਗੇ, ਤੈਨੂੰ ਨੌਂ ਸੌਂ ਮੋਤੀ ਲੱਗੇ।



**ਤਸਵਿੰਦਰ ਸਿੰਘ ਬੜੈਚ**
91-98763-22677

ਇਸੇ ਤਰ੍ਹਾਂ ਹੋਰ ਬਹੁਤ ਸਾਰੇ ਆਰਤੀ ਦੇ ਗੀਤ ਗਾਏ ਜਾਂਦੇ ਹਨ। ਆਰਤੀ ਕਰਨ ਤੋਂ ਬਾਅਦ ਸ਼ੱਕਰ ਜਾਂ ਸੱਕਰ ਦੀ ਪੰਜੀਰੀ ਵੰਡੀ ਜਾਂਦੀ ਹੈ। ਇਹ ਵੰਡਿਆ ਜਾਂਦਾ ਪ੍ਰਸ਼ਾਦ ਸਾਂਝੀ ਨੂੰ ਰੋਟੀ ਕਰਨ ਦੀ ਰਸਮ ਮੰਨਿਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਸਾਂਝੀ ਨੂੰ ਕੰਧ 'ਤੋਂ ਉਤਾਰ ਕੇ ਟੋਕਰੇ ਵਿਚ ਰੱਖ ਕੇ ਨਜ਼ਦੀਕੀ ਨਹਿਰਾਂ, ਸੂਇਆਂ, ਟੋਬਿਆਂ 'ਚ ਤਾਰ ਦਿੰਦੇ ਹਨ। ਪਹਿਲੇ ਸਮਿਆਂ ਵਿਚ ਸਾਂਝੀ ਕਾਫੀ ਵੱਡੀ ਲਗਾਈ ਜਾਂਦੀ ਸੀ, ਪਰ ਅਜੋਕੇ ਦੌਰ ਵਿਚ ਸਾਂਝੀ ਮਾਈ ਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ। ਜਿਸ ਦਾ ਕਰਨ ਸਾਡਾ ਪੁਰਾਤਨ ਤਿਉਹਾਰਾਂ ਤੇ ਰੀਤੀ-ਰਿਵਾਜ਼ਾਂ ਪ੍ਰਤੀ ਮੋਹ ਘਟਣਾ ਹੈ। ਕਿਤੇ ਇਹ ਤਿਉਹਾਰ ਵੀ ਹੋਰਨਾਂ ਪਰਾਤਨ ਰੀਤੀ-ਰਿਵਾਜ਼ਾਂ ਵਾਂਗ ਅਲੋਪ ਨਾ ਹੋ ਜਾਵੇ। ਸਾਨੂੰ ਲੋੜ ਹੈ ਆਪਣੇ ਰੀਤੀ-ਰਿਵਾਜ਼ਾਂ, ਅਮੀਰ ਵਿਰਸੇ ਤੇ ਸੱਭਿਆਚਾਰ ਨੂੰ ਸਾਂਭਣ ਦੀ ਤੇ ਆਪਣੀ ਆਉਣ ਵਾਲੀ ਪੀੜੀ ਨੂੰ ਅੱਜ ਆਪਣੇ ਪਿਛੋਕੜ ਨਾਲ ਜੋੜ ਕੇ ਰੱਖਣ ਦੀ।

# MAHA RISHI VALMIK SABHA USA

## YUBA CITY, CALIFORNIA







ਗੁਰੁ ਪਿਆਰੀ ਸਾਧ ਸੰਗਤ ਜੀਓ!

ਆਪ ਸਭ ਨੂੰ ਜਾਣ ਕੇ ਬੜੀ ਖ਼ੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣ-ਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿੱਚ ਪਰਿਵਾਰਾਂ ਸਮੇਤ ਟੈਂਪਲ ਵਿੱਚ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਸ੍ਰੀ ਗੁਰੁ ਰਵੀਦਾਸ ਸਭਾ ਯੂਬਾ ਸਿਟੀ, ਰਿਉਲਿੰਡਾ, ਪਿਟਸਵਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ, ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## PROGRAM

**Saturday, 22nd October 2016**

*Rasam Nishan Sahib : 10:00 am*

**Sunday, 23rd October 2016**

*Katha Sri Valmik Ramayan 10:00 am*
*Bhog Sri Valmik Ramayan 11:30 am*
*Bhajan and Speaches : 11:30am to 4: pm*

**Music By : Maharishi Valmik Sangeet Mandali**

**PERFORMANCES :** Bhupinder Bhinda, Amarjit Lali, Sukhdev Sahil,Raj Kumar, Jiwan Rattu, Des raj Shubh, Rohtas Bhagani, Rajinder Sahota, Gurdeep Singh Heera, Swaran Lata Sondhi,Joginder Singh Shonki.

### ਗੁਰੂ ਕਾ ਲੰਗਰ ਦੋਨੋਂ ਦਿਨ ਅਤੁੱਟ ਵਰਤੇਗਾ

ਨੋਟ : 5ਵੀਂ ,8ਵੀਂ ਅਤੇ 12ਵੀ ਜ਼ਮਾਤਾਂ 'ਚੋਂ ਪਾਸ ਹੋਣ ਵਾਲੇ ਕਮਿਊਨਿਟੀ ਦੇ ਬੱਚਿਆਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਇਸ ਲਈ ਬੇਨਤੀ ਹੈ ਕਿ ਆਪਣੇ ਨਾਂ ਸਭਾ ਕੋਲ 16 ਅਕਤੂਬਰ ਤੱਕ ਪਹੁੰਚਾ ਦਿਉ।

**PLACE : 84/86 Percy Ave, Yuba City, CA 95991. ✆ 530.777.9385**

**MANAGING COMMETTEE :** President- Prem Sondhi : 530.751.3887, Vice President- Santokh Singh Gill : 530.740.3056, Secretary- Sohan Lal Sahota : 530.674.9766, Vice Secretary- Balbir Singh Dhariwal 916-243-9017 Chairman- Gurpal Singh : 916.873.0311, Vice Chairman- Balbir Singh Thaper : 916.607.4650, Cashier : Vinod Gill : 530.822.9587, Avinash Sondhi : 530.301.1157, Maintenance Organizer : Jagjit Singh Gill : 530-315-1425

# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



# K&K AUTO REPAIR and Car Wash

**63 Muckelemi St**
**San Juan Bautista 95045**

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop